ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 33 | 15 August 2018 to 21 August 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



03

■ ਭਾਈਚਾਰਾ

ਸਿੱਖ ਸੰਸਥਾਵਾਂ ਵੱਲੋਂ ਸਿੱਖਾਂ ਖਿਲਾਫ ਵਧ ਰਹੇ ਨਫਰਤੀ ਅਪਰਾਧਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਮੀਟਿੰਗ



07

■ ਖ਼ਬਰਸਾਰ

ਬਹਿਬਲ ਕਲਾਂ ਗੋਲੀਕਾਂਡ ਮਾਮਲਾ ਐਸਐਸਪੀ ਸਮੇਤ ਚਾਰ ਪੁਲਸ ਅਧਿਕਾਰੀਆਂ 'ਤੇ ਕੇਸ ਦਰਜ



13

■ ਖਾਸ ਰਿਪੋਰਟ

ਆਦੀਵਾਸੀਆਂ ਦੀ ਅਜ਼ਾਦੀ ਦੀ ਕੌਣ ਗੱਲ ਕਰੇਗਾ

# ਲੰਡਨ ਐਲਾਨਨਾਮਾ : ਖਾਲਿਸਤਾਨ ਦੀ ਕਾਇਮੀ ਲਈ ਸਿੱਖ ਕੌਮ ਦੀ ਇਕ ਹੋਰ ਪੁਲਾਂਘ

- ਯੂਕੇ ਦੇ ਹਾਊਸ ਆਫ ਲਾਰਡਜ਼ ਦੇ ਮੈਂਬਰ ਅਜ਼ੀਜ਼ ਅਹਿਮਦ ਬੋਲੇ ਕਿ ਇਹ ਇਕੱਠ ਮੋਦੀ ਤੇ ਰਾਅ ਲਈ ਸੰਦੇਸ਼ ਹੈ ਕਿ ਖ਼ਾਲਿਸਤਾਨ ਬਣੇਗਾ ਤੇ ਬਣ ਕੇ ਰਹੇਗਾ
- ਅਸੀਂ ਠੋਕਰ ਮਾਰਦੇ ਹਾਂ ਉਸ ਕਾਨੂੰਨ ਨੂੰ ਜੋ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਮੰਨਦਾ : ਪੰਨੂ





ਲੰਡਨ ਦੇ ਟ੍ਰੈਫਾਲਗਰ ਸਕੁਆਇਰ ਵਿਚ 'ਰੈਫਰੰਡਮ 2020' ਦੇ ਪੱਖ ਵਿਚ ਹੋਈ ਰੈਲੀ ਦੌਰਾਨ ਹਾਜ਼ਰੀਨ ਸਿੱਖ ਸੰਗਤਾਂ। (ਸੱਜੇ) ਮੰਚ 'ਤੇ ਸੰਬੋਧਨ ਕਰਨ ਵਾਲੇ ਵੱਖ-ਵੱਖ ਬੁਲਾਰੇ।

ਲੰਡਨ/ਬਿਊਰੋ ਨਿਊਜ਼ :
ਹਿੰਦੂਸਤਾਨ ਦੀ ਗੁਲਾਮੀ ਤੋਂ ਮੁਕੰਮਲ ਆਜ਼ਾਦੀ ਲਈ ਕਈ ਦਹਾਕਿਆਂ ਤੋਂ ਜੂਝ ਰਹੀ ਸਿੱਖ ਕੌਮ ਵੱਲੋਂ ਲੰਡਨ ਦੇ ਟ੍ਰੈਫਾਲਗਰ ਸਕੁਆਇਰ 'ਤੇ ਆਤਮ ਨਿਰਣੇ ਦੇ ਅਧਿਕਾਰ ('ਰਾਈਟ ਟੂ ਸੈਲਫ ਡਿਟਰਮੀਨੇਸ਼ਨ') ਦੀ ਆਵਾਜ਼ ਬੁਲੰਦ ਕਰਨ ਲਈ ਜ਼ਬਰਦਸਤ ਰੈਲੀ ਕੀਤੀ ਗਈ। ਇਸ ਰੈਲੀ ਦੀ ਗੂੰਜ ਨੇ ਹਿੰਦੂਸਤਾਨ ਦੇ ਤਖਤ ਨੂੰ ਜਿੱਥੇ ਬੀਤੇ 'ਚ ਸਿੱਖਾਂ ਉਤੇ ਕੀਤੇ ਜ਼ੁਲਮ ਦੀ ਯਾਦ ਕਰਵਾਈ, ਉਥੇ ਦੁਨੀਆ ਭਰ ਵਿਚ ਵਸਦੇ ਪੰਥ ਦਰਦੀਆਂ ਨੂੰ ਕੁਝ ਪਲਾਂ ਲਈ ਗੁਰੂ-ਖਾਲਸੇ ਨੂੰ ਧੁਰੋਂ ਨਿਵਾਜੀ ਆਜ਼ਾਦੀ ਤੇ 'ਸੱਚੀ ਪਾਤਸ਼ਾਹੀ' ਦੇ ਦੀਦਾਰ ਵੀ ਹੋਏ। ਕਾਬਲੇਗੌਰ ਹੈ ਕਿ ਬੀਤੇ ਸਮੇਂ ਦੌਰਾਨ ਸੰਨ 1973 ਵਿਚ ਜਾਰੀ 'ਆਨੰਦਪੁਰ ਸਾਹਿਬ ਦਾ ਮਤਾ', 29 ਅਪ੍ਰੈਲ 1986 ਨੂੰ ਸਰਬੱਤ ਖਾਲਸਾ ਵੱਲੋਂ ਕੀਤੇ ਖਾਲਿਸਤਾਨ ਦੇ ਐਲਾਨਨਾਮੇ

ਬਾਕੀ ਸਫ਼ਾ 26 'ਤੇ

## ਮੋਦੀ ਦੀ ਚੁੱਪ ਤੋਂ ਕਾਂਗਰਸ ਔਖੀ

ਲੰਡਨ ਰੈਲੀ ਨੂੰ ਲੈ ਕੇ ਕਾਂਗਰਸ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਅਕਾਲੀ ਦਲ ਵੱਲੋਂ ਧਾਰਨ ਕੀਤੀ ਚੁੱਪ 'ਤੇ ਸਵਾਲ ਕੀਤੇ ਹਨ। ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ '56 ਇੰਚ ਦੀ ਛਾਤੀ' ਵਰਗੇ ਜੁਮਲਿਆਂ ਦਾ ਮਜ਼ਾਕ ਉਡਾਉਂਦਿਆ ਕਿਹਾ ਕਿ ਚੋਣਾਂ ਸਮੇਂ ਉਹ ਪਾਕਿਸਤਾਨ ਨਾਲ ਸਰਹੱਦ ਉੱਤੇ ਸਖਤ ਕਾਰਵਾਈ ਦੀਆਂ ਗੱਲਾਂ ਕਰਦੇ ਸਨ ਤੇ ਹੁਣ ਜਦੋਂ ਪੰਜਾਬ ਵਿੱਚ ਅਤਿਵਾਦ ਨੂੰ ਮੁੜ ਉਭਾਰਨ ਦੇ ਯਤਨ ਹੋ ਰਹੇ ਹਨ ਤਾਂ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਚੁੱਪ ਕਿਉਂ ਹਨ।

## ਪੰਜਾਬ ਦੀਆਂ ਜਥੇਬੰਦੀਆਂ ਵਲੋਂ ਕਿੰਤੂ

ਪੰਜਾਬ ਦੀਆਂ ਸਿੱਖ ਜਥੇਬੰਦੀਆਂ ਸਿੱਖ ਫਾਰ ਜਸਟਿਸ ਵੱਲੋਂ ਅਪਣਾਈ ਰਣਨੀਤੀ ਤੋਂ ਕਾਫੀ ਨਰਾਜ਼ ਹਨ। ਦਲ ਖਾਲਸਾ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਹਰਪਾਲ ਸਿੰਘ ਚੀਮਾ ਤੇ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖਸ ਫਾਰ ਜਸਟਿਸ ਨੂੰ ਪੱਤਰ ਭੇਜ ਕੇ ਰੈਫਰੰਡਮ 2020 ਬਾਰੇ ਸਪਸ਼ਟਤਾ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਇਸ ਸਮਾਗਮ ਉਤੇ ਕੁਝ ਸਵਾਲ ਵੀ ਚੁੱਕੇ ਸਨ ਪਰ ਇਨ੍ਹਾਂ ਦਾ ਕੋਈ ਜਵਾਬ ਨਹੀਂ ਮਿਲਿਆ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਅਸਲ ਰੈਫਰੰਡਮ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਹੁੰਦਾ ਹੈ ਜਾਂ ਅਧਿਕਾਰਿਤ ਮੁਲਕ ਵੱਲੋਂ ਕਰਵਾਇਆ ਜਾਂਦਾ ਹੈ। ਜਿਵੇਂ ਸਕਾਟਲੈਂਡ ਵਿੱਚ ਇੰਗਲੈਂਡ ਨੇ ਅਤੇ ਕੈਨੇਡਾ ਨੇ ਕਿਊਬਿਕ ਵਿੱਚ ਕਰਵਾਇਆ। ਤੀਸਰੀ ਕੈਟੇਗਰੀ ਹੁੰਦੀ ਹੈ ਸਪੇਨ ਦੇ ਕੈਟੇਲੋਨੀਆ ਵਰਗੀ ਜਿੱਥੇ ਰੈਫਰੰਡਮ ਤਾਂ ਕਰਵਾਇਆ ਗਿਆ ਪਰ ਸਪੇਨ ਨੇ ਉਸ ਨੂੰ ਰੱਦ ਕਰ ਦਿੱਤਾ। ਸਿੱਖਸ ਫਾਰ ਜਸਟਿਸ ਜਿਹੜੇ ਰੈਫਰੰਡਮ ਦੀ ਗੱਲ ਕਰ ਰਹੀ ਹੈ ਮੈਂ ਸਮਝਦਾ ਹਾਂ ਕਿ ਇਹ

ਬਾਕੀ ਸਫ਼ਾ 26 'ਤੇ

## ਕੀ ਹੈ ਰੈਫਰੰਡਮ ?

ਅਸਲ ਵਿਚ ਕਿਸੇ ਮਿੱਥੇ ਮੁੱਦੇ ਜਾਂ ਮਸਲੇ 'ਤੇ ਲੋਕਾਂ ਦੀ ਰਾਇ ਜਾਣਨ ਨੂੰ ਰਾਇਸ਼ੁਮਾਰੀ ਜਾਂ ਰੈਫਰੰਡਮ ਕਿਹਾ ਜਾਂਦਾ ਹੈ। ਰਾਇਸ਼ੁਮਾਰੀ ਆਪਣੇ-ਆਪ ਵਿਚ ਇਕ ਜਮਹੂਰੀ ਪ੍ਰਕਿਰਿਆ ਸਮਝੀ ਜਾਂਦੀ ਹੈ ਅਤੇ ਇਸ ਨਾਲ ਲੋਕਾਂ ਨੂੰ ਫ਼ੈਸਲਾ ਕਰਨ ਦਾ ਹੱਕ ਮਿਲਦਾ ਹੈ। ਇਹ ਵੱਖਰੀ ਗੱਲ ਹੈ ਕਿ ਚੰਗੀ ਰਾਇਸ਼ੁਮਾਰੀ ਕੌਮਾਂ ਨੂੰ ਅੱਗੇ ਲੈ ਜਾਂਦੀ ਹੈ ਤੇ ਬਿਨਾਂ ਵਿਚਾਰ ਤੇ ਮੰਜ਼ਲ ਤੋਂ ਰਾਇਸ਼ੁਮਾਰੀ ਕੌਮਾਂ ਦਾ ਨੁਕਸਾਨ ਕਰ ਦਿੰਦੀ ਹੈ। ਇਸ ਰਾਇਸ਼ੁਮਾਰੀ ਦਾ ਫੈਸਲਾ ਆਉਣ ਵਾਲਾ ਸਮਾਂ ਦੱਸੇਗਾ ਕਿ ਇਹ ਕਿੰਨੀ ਕੁ ਕਾਮਯਾਬ ਹੁੰਦੀ ਹੈ ਤੇ ਪੰਥ ਦੇ ਹਿੱਤ ਵਿਚ ਭੁਗਤਦੀ ਹੈ ਜਾਂ ਨਹੀਂ। ਕੁਝ ਵਰ੍ਹੇ ਪਹਿਲਾਂ ਹੀ ਬਰਤਾਨੀਆ, ਸਪੇਨ, ਕੋਸੋਵੋ ਵਿਚ ਰਾਇਸ਼ੁਮਾਰੀ ਹੋਈ ਸੀ। ਬਰਤਾਨੀਆ ਵਿਚ ਤਾਂ ਦੋ ਵਾਰ ਰਾਇਸ਼ੁਮਾਰੀ ਹੋ ਚੁੱਕੀ ਹੈ। ਇਕ ਵਾਰੀ ਬਰਤਾਨੀਆ ਦੇ ਸਕਾਟਲੈਂਡ ਵਿਚ ਹੋਈ ਜਿਸ ਵਿਚ ਮੁੱਦਾ ਸੀ ਕਿ ਸਕਾਟਲੈਂਡ ਨੂੰ ਬਰਤਾਨੀਆ ਦਾ ਹਿੱਸਾ ਬਣੇ ਰਹਿਣਾ ਚਾਹੀਦਾ ਹੈ ਜਾਂ ਨਹੀਂ। ਇਸ ਵਿਚ ਮਾਮੂਲੀ ਜਿਹੇ ਅੰਤਰ

ਬਾਕੀ ਸਫ਼ਾ 26 'ਤੇ

# ਕੋਟਕਪੂਰਾ ਗੋਲੀਕਾਂਡ 'ਚ ਸਾਬਕਾ ਮੁੱਖ ਮੰਤਰੀ ਬਾਦਲ ਦਾ ਨਾਮ ਰੋਜ਼ਨਾਮਚੇ 'ਚ ਦਰਜ

• ਸੁਮੇਧ ਸੈਣੀ, ਉਮਰਾਨੰਗਲ ਅਤੇ ਮਨਤਾਰ ਬਰਾੜ ਵੀ ਟੰਗੇ • ਕਮਿਸ਼ਨ ਦੀ ਰਿਪੋਰਟ 'ਤੇ ਗ੍ਰਹਿ ਵਿਭਾਗ ਨੇ ਕੀਤੀ ਵੱਡੀ ਕਾਰਵਾਈ



**ਫਰੀਦਕੋਟ/ਬਿਊਰੋ ਨਿਊਜ਼ :**
ਫਰੀਦਕੋਟ ਦੇ ਨੇੜਲੇ ਪਿੰਡ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਰੋਸ ਵਜੋਂ ਕੋਟਕਪੂਰਾ ਚੌਕ ਵਿਚ ਲੱਗੇ ਧਰਨੇ 'ਚ ਜਾਪ ਕਰਦੀਆਂ ਸੰਗਤਾਂ 'ਤੇ ਗੋਲੀ ਚਲਾਉਣ ਦੇ ਮਾਮਲੇ ਵਿੱਚ ਉਸ ਸਮੇਂ ਨਵਾਂ ਮੋੜ ਸਾਹਮਣੇ ਆਇਆ ਜਦ ਪੰਜਾਬ ਸਰਕਾਰ ਵਲੋਂ ਬੇਅਦਬੀ ਕਾਂਡ ਨਾਲ ਸਬੰਧਤ ਮਾਮਲੇ ਦੀ ਜਾਂਚ ਲਈ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਸਿਫਾਰਸ਼ ਨੂੰ ਮੰਨਦੇ ਹੋਏ ਦੂਜੀ ਵੱਡੀ ਕਾਰਵਾਈ ਅਮਲ ਵਿਚ ਲਿਆਂਦੀ। ਬੇਹੱਦ ਗੁਪਤ ਢੰਗ ਤਰੀਕੇ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਡੀਜੀਪੀ. ਸੁਮੇਧ ਸਿੰਘ ਸੈਣੀ, ਆਈਜੀ. ਪਰਮਰਾਜ ਸਿੰਘ ਉਮਰਾਨੰਗਲ, ਏਡੀਜੀਪੀ. ਜਤਿੰਦਰ ਜੈਨ, ਸਾਬਕਾ ਐਸਐਸਐਸਪੀ ਸੁਖਵਿੰਦਰ ਸਿੰਘ ਮਾਨ, ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਅਤੇ ਬਾਦਲ ਦੇ ਪ੍ਰਿੰਸੀਪਲ ਸੈਕਟਰੀ ਰਹੇ ਗਗਨਜੀਤ ਸਿੰਘ ਬਰਾੜ ਸਮੇਤ ਐਸਡੀਐਮ.

ਬਾਕੀ ਸਫ਼ਾ 26 'ਤੇ













ਵਰਕਰਾਂ ਦੀ ਲੋੜ
ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।
ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ
ਦੋਸਤਾਂ ਮਿੱਤਰਾਂ ਨਾਲ ਵੇਖੋ ਅਪਣੀ
ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# ਏਜੀਪੀਸੀ ਸਮੇਤ ਸਿੱਖ ਸੰਸਥਾਵਾਂ ਵੱਲੋਂ ਸਿੱਖਾਂ ਖਿਲਾਫ ਵਧ ਰਹੇ ਨਫਰਤੀ ਅਪਰਾਧਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਮੀਟਿੰਗ

**ਮੋਡੇਸਟੋ/ਬਿਊਰੋ ਨਿਊਜ਼ :** ਅਮਰੀਕਨ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਅਮਰੀਕਨ ਸਿੱਖ ਕੌਕਸ ਕਮੇਟੀ ਸਮੇਤ ਅਮਰੀਕਾ ਸਥਿਤ ਸਿੱਖ ਸੰਸਥਾਵਾਂ ਨੇ ਸਿੱਖਾਂ 'ਤੇ ਲਗਾਤਾਰ ਹੋ ਰਹੇ ਨਸਲੀ ਹਮਲਿਆਂ ਦੇ ਮੁੱਦੇ ਨੂੰ ਅਮਰੀਕੀ ਅਧਿਕਾਰੀਆਂ ਕੋਲ ਉਠਾਇਆ ਹੈ। ਇਸ ਸਬੰਧੀ ਇਕ ਮੀਟਿੰਗ ਮੋਡੇਸਟੋ ਦੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ, ਜਿਸ ਵਿਚ ਮੋਡੇਸਟੋ ਦੇ ਵਾਈਸ ਮੇਅਰ ਮਨਮੀਤ ਸਿੰਘ ਗਰੇਵਾਲ ਨੇ ਸਿੱਖਾਂ ਖਿਲਾਫ ਨਫ਼ਰਤੀ ਹਮਲਿਆਂ ਬਾਰੇ ਅਮਰੀਕਾ ਦੇ ਚੁਣੇ ਹੋਏ ਅਧਿਕਾਰੀਆਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਹਾਜ਼ਰ ਅਮਰੀਕਨ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨੂੰ ਹਰ ਸੰਭਵ ਸਹਾਇਤਾ ਦਾ ਯਕੀਨ ਦਿਵਾਇਆ ਅਤੇ ਇਹ ਭਰੋਸਾ





ਵੀ ਦਿੱਤਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਨ। ਇਥੇ ਇਹ ਦੱਸਣਾ ਜਾਇਜ਼ ਹੋਵੇਗਾ ਕਿ ਹਾਲ ਹੀ ਦੇ ਦਿਨਾਂ ਵਿਚ ਸਿੱਖਾਂ 'ਤੇ ਵੱਖੋ-ਵੱਖਰੇ ਦੋ ਨਸਲੀ ਹਮਲਿਆਂ ਵਿਚ ਮੋਡੇਸਟੋ ਵਿਚ ਸੁਰਜੀਤ ਸਿੰਘ ਮੱਲੀ (50 ਸਾਲ) ਅਤੇ ਮਨਟੀਕਾ ਵਿਚ ਸਾਹਿਬ ਸਿੰਘ ਨਾਂ ਦੇ ਸਿੱਖ ਨੂੰ ਗਰੇਅਸਟੋਨ ਪਾਰਕ ਵਿਚ ਦੋ ਅਣਪਛਾਤੇ ਹਮਲਾਵਰਾਂ ਨੇ ਬੇਰਹਿਮੀ ਨਾਲ ਕੁੱਟਿਆ ਸੀ। ਮਨਟੀਕਾ ਵਿਚ ਸਿੱਖ ਬਜ਼ੁਰਗ ਉਤੇ ਨਸਲੀ ਹਮਲਾ ਕਰਨ ਵਾਲੇ ਹਮਲਾਵਰਾਂ ਨੇ ਉਨ੍ਹਾਂ ਨੂੰ ਕਿਹਾ, ਕਿ "ਆਪਣੇ ਦੇਸ਼ ਵਾਪਸ ਚਲੇ ਜਾਓ"।

ਮਨਮੀਤ ਸਿੰਘ ਨੇ ਆਪਸੀ ਵਿਚਾਰ ਵਟਾਂਦਰੇ ਦੌਰਾਨ ਇਹ ਮੰਗ ਕੀਤੀ ਕਿ ਇਨ੍ਹਾਂ ਦੋਵਾਂ ਘਟਨਾਵਾਂ ਵਿਚ ਨਫ਼ਰਤ ਅਪਰਾਧ ਕਾਨੂੰਨ ਤਹਿਤ ਕੇਸ ਦਰਜ ਕੀਤਾ ਜਾਵੇ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਮਰੀਕਨ ਸਿੱਖ ਕੌਕਸ ਕਮੇਟੀ ਨੇ ਸਾਂਝੇ ਤੌਰ 'ਤੇ ਉਨ੍ਹਾਂ ਦੋ ਅਣਪਛਾਤੇ ਹਮਲਾਵਰਾਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ, ਜਿਨ੍ਹਾਂ ਨੇ ਸਾਹਿਬ ਸਿੰਘ ਨੂੰ ਮਨਟੀਕਾ ਦੇ ਗਰੇਅਸਟੋਨ ਪਾਰਕ ਵਿਚ ਨਿਸ਼ਾਨਾ ਬਣਾਇਆ ਹੈ। ਏਜੀਪੀਸੀ ਦੇ ਪ੍ਰਧਾਨ ਜੇਐਸ. ਹੋਠੀ, ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਅਜਿਹੀਆਂ ਮੀਟਿੰਗਾਂ ਸਮਾਜ ਵਿਚ ਵਿਸ਼ਵਾਸ ਪੈਦਾ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਅਮਰੀਕੀ ਅਧਿਕਾਰੀ ਸਿੱਖ ਧਰਮ ਅਤੇ ਸਭਿਆਚਾਰ ਬਾਰੇ ਜਾਣਨਾ ਚਾਹੁੰਦੇ ਸਨ। ਹਰਪ੍ਰੀਤ ਸਿੰਘ ਸੰਧੂ, ਕਾਰਜਕਾਰੀ ਨਿਰਦੇਸ਼ਕ ਅਮਰੀਕਨ ਸਿੱਖ ਕੌਕਸ ਕਮੇਟੀ ਨੇ ਦੱਸਿਆ ਕਿ ਕਮੇਟੀ ਇਨ੍ਹਾਂ ਘਟਨਾਵਾਂ ਬਾਰੇ ਚਿੰਤਤ ਹੈ ਤੇ ਉਹ ਐਫਬੀਆਈ ਆਫਿਸ ਨਾਲ ਸੰਪਰਕ ਵਿਚ ਹਨ। ਮੀਟਿੰਗ ਵਿਚ ਜੇਫ ਡ੍ਰਿਕਸੇ,- ਸ਼ੇਰਿਫ਼ ਸਟੈਨਿਸਲੌਸ ਕਾਊਂਟੀ, ਗੈਲੇਨ ਕੈਰੋਲ, ਮੋਡੇਸਟੋ ਪੁਲਿਸ ਮੁਖੀ ਬਿਰਗਿਟ ਫਲੇਜ਼ਰ, ਜ਼ਿਲ੍ਹਾ ਅਟਾਰਨੀ, ਜ਼ਿਲ੍ਹਾ ਅਟਾਰਨੀ ਸਟੈਨਿਸਲੌਸ ਕਾਊਂਟੀ ਅਤੇ ਕਾਂਗਰਸਮੈਨ ਜੇਫ਼ ਡੇਨਹਮ ਵੱਲੋਂ ਪੀਟਰ ਬਟਲਰ ਹਾਜ਼ਰ ਸਨ।

## "ਭਾਈ ਗੁਰਦਾਸ ਜੀ ਦੀ ਸ਼ਖਸ਼ੀਅਤ ਅਤੇ ਮਹਾਨ ਸ਼ਖਸ਼ੀਅਤਾਂ ਦੀ ਘਾੜਤ ਦਾ ਅਧਾਰ ਸਤਿ-ਸੰਗਤ"

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਪ੍ਰਭਾਵਸ਼ਾਲੀ ਸੈਮੀਨਾਰ

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :** ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਚ ਲਗਪਗ ਹਰ ਮਹੀਨੇ ਸ਼ਾਨਦਾਰ ਲਫਜ਼ਾਂ ਨਾਲ ਲਬਰੇਜ਼ ਸੈਮੀਨਾਰ ਹੁੰਦੇ ਰਹਿੰਦੇ ਹਨ, ਜਿਨਾਂ ਦੀ ਸੰਗਤਾਂ ਨੂੰ ਉਡੀਕ ਰਹਿੰਦੀ ਹੈ। ਵਿਚਾਰ ਗੋਸ਼ਟੀਆਂ ਦੀ ਲੜੀ ਵਿਚ ਇਸ ਵਾਰ "ਭਾਈ ਗੁਰਦਾਸ ਜੀ ਦੀ ਸ਼ਖਸ਼ੀਅਤ ਅਤੇ ਮਹਾਨ ਸ਼ਖਸ਼ੀਅਤਾਂ ਦੀ ਘਾੜਤ ਦਾ ਅਧਾਰ ਸਤਿ-ਸੰਗਤ" ਦੇ ਵਿਸ਼ੇ ਉਤੇ ਪ੍ਰਭਾਵਸ਼ਾਲੀ ਵਿਚਾਰ ਚਰਚਾ ਹੋਈ। ਇਸ ਵਿਚ ਉਘੇ ਵਿਦਵਾਨ ਪ੍ਰੋਫੈਸਰ ਨਰਿੰਜਨ ਸਿੰਘ ਢੇਸੀ ਤੇ ਗੁਰਬਾਣੀ ਤੇ ਸਿੱਖ ਵਿਸ਼ਿਆਂ ਦੇ ਮਾਹਰ ਭਾਈ ਪਰਮਜੀਤ ਸਿੰਘ ਉਤਰਾਖੰਡ ਨੇ ਸਿੱਖ ਸੰਗਤਾਂ ਨਾਲ ਗੁਰਦੁਆਰਾ ਸਾਹਿਬ ਦੇ ਸੈਮੀਨਾਰ ਹਾਲ ਵਿਚ ਵਿਚਾਰ ਸਾਂਝੇ ਕੀਤੇ। ਪ੍ਰੋ. ਨਰਿੰਜਨ ਸਿੰਘ




ਨੇ ਲਗਪਗ ਇਕ ਘੰਟੇ ਦੀ ਵਿਚਾਰ ਚਰਚਾ ਵਿਚ ਸਿੱਖ ਧਰਮ ਦੀ ਹੋਂਦ ਤੋਂ ਲੈ ਕੇ ਭਾਈ ਗੁਰਦਾਸ ਜੀ ਦੇ ਜੀਵਨ ਉਤੇ ਝਾਤ ਪੁਆਈ। ਭਾਈ ਗੁਰਦਾਸ ਜੀ ਦਾ ਜਨਮ ਸੰਨ 1551 ਨੂੰ ਪੰਜਾਬ ਦੇ ਛੋਟੇ ਜੇਹੇ ਪਿੰਡ ਗੋਇੰਦਵਾਲ ਵਿਚ ਪਿਤਾ ਭਾਈ ਦਾਤਾਰ ਚੰਦ ਭੱਲਾ ਅਤੇ ਮਾਤਾ ਜੀਵਾਨੀ ਦੇ ਗ੍ਰਹਿ ਵਿਖੇ ਹੋਇਆ। ਆਪ ਜਦੋਂ ਸਿਰਫ 3 ਸਾਲ ਦੇ ਸਨ ਤਾਂ ਆਪ ਜੀ ਦੇ ਮਾਤਾ ਜੀ ਦਾ ਦਿਹਾਂਤ ਹੋ ਗਿਆ। ਭਾਈ ਗੁਰਦਾਸ ਜੀ ਰਿਸ਼ਤੇਦਾਰੀ ਕਰਕੇ ਤੀਸਰੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲਗਦੇ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲੀ ਲਿਖਾਰੀ ਸਨ ਅਤੇ ਆਪ ਜੀ ਨੇ ਚਾਰ ਸਿੱਖ ਗੁਰੂ ਸਾਹਿਬਾਨ ਦਾ ਸਾਥ ਨਿਭਾਇਆ।ਆਪ ਜੀ ਦਾ ਪਾਲਣ-ਪੋਸ਼ਣ ਅਤੇ ਵਿਦਿਆ ਦਾ ਪ੍ਰਬੰਧ ਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਹੀ ਕੀਤਾ ਸੀ।ਤੀਜੇ ਸਤਿਗੁਰੂ ਦੀ ਦੇਖ-ਰੇਖ ਹੇਠ ਵਿਚਰਦਿਆਂ ਹੀ ਆਪ ਨੇ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਆਦਿ ਦਾ ਮੁਕੰਮਲ ਗਿਆਨ ਹਾਸਲ ਕੀਤਾ। ਆਪ ਜੀ ਸ੍ਰੀ ਗੁਰੂ ਅਮਰਦਾਸ ਜੀ ਤੋਂ ਪਿੱਛੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੇ ਫਿਰ ਬਾਣੀ ਕੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਯੋਗ ਅਗਵਾਈ ਹੇਠ ਆਗਰਾ ਤੇ ਕਾਂਸ਼ੀ ਵਿਖੇ ਰਹਿ ਕੇ ਉਸ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਜਦ ਸ੍ਰੀ ਅੰਮ੍ਰਿਤਸਰ ਵਿਖੇ ਗੁਰਤਾਗੱਦੀ ਦੇ ਮਾਲਕ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ ਤਾਂ ਪ੍ਰਿਥੀ ਚੰਦ ਨੇ ਗੁਰਿਆਈ ਹਥਿਆਉਣ ਲਈ ਸ਼ੋਰ ਮਚਾਇਆ ਹੋਇਆ ਸੀ, ਉਸ ਸਮੇਂ ਭਾਈ ਗੁਰਦਾਸ ਜੀ ਨੇ ਆਗਰੇ ਤੋਂ ਵਾਪਸ

ਬਾਕੀ ਸਫ਼ਾ 28 'ਤੇ



## ਸਿੱਖਾਂ ਵੱਲੋਂ 21ਅਗਸਤ ਨੂੰ ਵਿਦੇਸ਼ਾਂ ਵਿਚ ਭਾਰਤੀ ਅੰਬੈਸੀਆਂ ਅੱਗੇ ਕੀਤੇ ਜਾਣਗੇ ਰੋਸ ਮੁਜ਼ਾਹਰੇ

**ਸ਼ਿਕਾਗੋ/ਮੱਖਣ ਸਿੰਘ ਕਲੇਰ :**

ਸਰਬੱਤ ਖਾਲਸਾ ਵਲੋਂ ਥਾਪੇ ਗਏ ਜਥੇਦਾਰ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਵਲੋਂ ਬਰਗਾੜੀ ਵਿਚ ਲਾਏ ਹੋਏ ਇਨਸਾਫ ਮੋਰਚੇ ਤੋਂ ਵਿਦੇਸ਼ਾਂ ਵਿਚ ਬੈਠੀ ਸਮੁੱਚੀ ਸਿੱਖ ਕੌਮ ਦੇ ਨਾਮ ਸੰਦੇਸ਼ ਭੇਜਿਆ ਗਿਆ ਹੈ, ਕਿ 21 ਅਗਸਤ, ਮੰਗਲਵਾਰ ਨੂੰ ਦੁਨੀਆ ਭਰ ਵਿਚ ਭਾਰਤੀ ਸਫਾਰਤਖਾਨਿਆਂ ਅਤੇ ਯੂਐਨਓ. ਦੇ ਦਫਤਰਾਂ ਅੱਗੇ ਰੋਸ ਮੁਜ਼ਾਹਰੇ ਕੀਤੇ ਜਾਣ। ਦੁਨੀਆ ਦੇ ਭਰ ਦੇ ਸਿੱਖ ਤਿੰਨ ਮੰਗਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਦੀ ਗ੍ਰਿਫਤਾਰੀ, ਬਹਿਬਲ ਕਲਾਂ ਵਿਚ ਸਿੱਖਾਂ 'ਤੇ ਗੋਲੀਆਂ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਅਫਸਰਾਂ ਦੀ ਗ੍ਰਿਫਤਾਰੀ, ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਜਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀ ਰਿਹਾਈ, ਨੂੰ ਲੈ ਕੇ ਇਹ ਰੋਸ-ਮੁਜ਼ਾਹਰੇ ਕਰ ਰਹੇ ਹਨ। ਮਿੱਡਵੈਸਟ ਦੀਆਂ ਸਾਰੀਆਂ ਸਟੇਟਾਂ ਦੇ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਸਾਂਝੇ ਤੌਰ 'ਤੇ ਸ਼ਿਕਾਗੋ ਵਿਖੇ ਸਥਿਤ ਭਾਰਤੀ ਸਫਾਰਤਖਾਨੇ (ਅੰਬੈਸੀ) ਅੱਗੇ 21ਅਗਸਤ ਮੰਗਲਵਾਰ ਨੂੰ ਰੋਸ ਮੁਜ਼ਾਹਰਾ ਕਰਨਗੀਆਂ। ਇਸ ਸਬੰਧੀ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਗੁਰਦੁਆਰਾ ਸਾਹਿਬ ਵੱਲੋਂ ਬੱਸ ਦਾ ਪ੍ਰਬੰਧ ਕੀਤਾ ਗਿਆ ਹੈ ਜੋ 12ਵਜੇ ਗੁਰਦੁਆਰਾ ਸਾਹਿਬ ਤੋਂ ਚੱਲੇਗੀ ਤੇ 2 ਵਜੇ ਤੋਂ ਲੈ ਕੇ 4 ਵਜੇ ਤਕ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਸ਼ਿਕਾਗੋ ਨਿਵਾਸੀ ਸਮੁੱਚੀਆਂ ਸੰਗਤਾਂ ਨੂੰ ਪ੍ਰਬੰਧਕਾਂ ਵਲੋਂ ਬੇਨਤੀ ਕੀਤੀ ਗਈ ਹੈ ਕਿ ਵੱਧ ਤੋਂ ਵੱਧ ਗਿਣਤੀ ਵਿਚ ਪਹੁੰਚਿਆ ਜਾਵੇ।

ਇਸ ਤੋਂ ਇਲਾਵਾ ਇੰਡੀਆਨਾ, ਉਹਾਇਓ, ਮਿਸ਼ੀਗਨ, ਵਿਸਕੌਂਸਿਨ ਤੇ ਆਇਓਵਾ ਦੀਆਂ ਸਮੁੱਚੀਆਂ ਸੰਗਤਾਂ ਨੂੰ ਤੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ, ਜਥੇਬੰਦੀਆਂ ਤੇ ਸਮੁੱਚੀਆਂ ਸਪੋਰਟਸ ਕਲੱਬਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿਚ ਇਕੱਠੇ ਹੋ ਕੇ ਅਤੇ ਇੱਕਜੁਟਤਾ ਦਾ ਸਬੂਤ ਦੇ ਕੇ ਆਪਣੀ ਆਵਾਜ਼ ਨੂੰ ਬੁਲੰਦ ਕਰੀਏ ਅਤੇ ਭਾਰਤ ਦੀ ਸਰਕਾਰ ਦੇ ਬੋਲੇ ਕੰਨਾਂ ਤੱਕ ਆਪਣੀ ਆਵਾਜ਼ ਪੁੱਜਦੀ ਕਰੀਏ।

# 14ਵੇਂ ਵਿਸ਼ਵ ਕਬੱਡੀ ਕੱਪ ਲਈ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਵੱਲੋਂ ਵੱਡਾ ਸਹਿਯੋਗ : ਗਾਖਲ

### *16 ਸਤੰਬਰ ਨੂੰ ਯੂਨੀਅਨ ਸਿਟੀ 'ਚ ਸਿਰਜਿਆ ਜਾਵੇਗਾ ਕਬੱਡੀ ਦਾ ਨਵਾਂ ਇਤਿਹਾਸ : ਮੱਖਣ ਬੈਂਸ*

**ਫਰੀਮਾਂਟ/ਬਿਊਰੋ ਨਿਊਜ਼ :**

ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 16 ਸਤੰਬਰ 2018 ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਕਰਵਾਏ ਜਾ ਰਹੇ 14ਵੇਂ ਵਿਸ਼ਵ ਕਬੱਡੀ ਕੱਪ ਪ੍ਰਤੀ ਇਕ ਵਿਸ਼ੇਸ਼ ਮੀਟਿੰਗ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਹੋਈ। ਮੀਟਿੰਗ ਵਿਚ ਕਲੱਬ ਦੇ ਸਰਪ੍ਰਸਤ ਅਤੇ ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦਾ ਹਮੇਸ਼ਾ ਯਤਨ ਇਹ ਰਿਹਾ ਹੈ ਕਿ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਸਦਾ ਚੜ੍ਹਦੀ ਕਲਾ 'ਚ ਰੱਖਿਆ ਜਾਵੇ। ਉਹਨਾਂ ਕਿਹਾ ਕਿ ਭਾਵੇਂ ਮੇਰੀ ਕੋਸ਼ਿਸ਼ ਰਹੀ ਹੈ ਕਿ ਪੰਜਾਬੀਆਂ ਦੇ ਹੋਰ ਕਾਰਜਾਂ ਵਿਚ ਵੀ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾਵੇ ਪਰ ਕਬੱਡੀ ਨੂੰ ਅੱਗੇ ਲਿਜਾਣ ਦੀ ਲਗਾਤਾਰ ਕੋਸ਼ਿਸ਼ ਰਹੀ ਹੈ। ਉਹ ਇਸ 14ਵੇਂ ਵਿਸ਼ਵ ਕਬੱਡੀ ਕੱਪ ਨੂੰ ਪੂਰੇ ਉਤਸ਼ਾਹ ਨਾਲ ਅਯੋਜਿਤ ਕੀਤੇ ਜਾਣ 'ਤੇ ਕਲੱਬ ਦੇ ਸਾਰੇ ਮੈਂਬਰਾਂ, ਆਪਣੇ ਸਹਿਯੋਗੀਆਂ, ਸਪਾਂਸਰਾਂ ਦਾ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਦੀ ਬਦੌਲਤ ਯੂਨਾਈਟਡ ਸਪੋਰਟਸ ਕਲੱਬ 14ਵਾਂ ਇਤਿਹਾਸਕ ਵਿਸ਼ਵ ਕਬੱਡੀ ਕੱਪ ਕਰਾਉਣ ਦਾ ਉਪਰਾਲਾ ਕਰ ਰਿਹਾ ਹੈ।



ਯੂਨਾਈਟਡ ਸਪੋਰਟਸ ਕਲੱਬ ਦੇ ਮੈਂਬਰ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨਾਲ, ਸਮੂਹ ਪੰਜਾਬੀਆਂ ਨੂੰ ਖੇਡ ਮੇਲੇ ਵਿਚ ਸ਼ਾਮਿਲ ਹੋਣ ਦੀ ਅਪੀਲ ਕਰਦੇ ਹੋਏ।

ਇਸ ਮੌਕੇ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਵੀਰ ਸਿੰਘ ਭਾਟੀਆ, ਪਲਵਿੰਦਰ ਸਿੰਘ ਗਾਖਲ, ਐੱਸ.ਅਸ਼ੋਕ ਭੌਰਾ, ਇੰਦਰਜੀਤ ਸਿੰਘ ਥਿੰਦ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਗੁਲਵਿੰਦਰ ਸਿੰਘ ਗਾਖਲ ਆਦਿ ਸਖਸ਼ੀਅਤਾਂ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਕਲੱਬ ਵਲੋਂ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਚੰਗਾ ਪ੍ਰਬੰਧ ਅਤੇ ਚੰਗਾ ਮਹੌਲ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਸਾਰੇ ਪ੍ਰਬੰਧ ਬਹੁਤ ਹੀ ਪੁਖਤਾ ਢੰਗ ਨਾਲ ਕੀਤੇ ਜਾ ਰਹੇ ਹਨ। ਮੁਫਤ ਪਾਰਕਿੰਗ ਅਤੇ ਮੁਫਤ ਦਾਖਲਾ ਹੀ ਨਹੀਂ ਹੋਵੇਗਾ, ਸਗੋਂ ਗੁਰਦੁਆਰਾ ਸਾਹਿਬ ਫਰੀਮਾਂਟ, ਸੈਨਹੋਜ਼ੇ, ਸਟਾਕਟਨ, ਮਿਲਪੀਟਸ ਵਲੋਂ ਦਰਸ਼ਕਾਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਰਾਜਾ ਸਵੀਟਸ ਵਲੋਂ ਸਾਰਾ ਦਿਨ ਚਾਹ ਪਕੌੜੇ ਮੁਫਤ ਵਰਤਾਏ ਜਾਣ ਦਾ ਵੀ ਪ੍ਰਬੰਧ ਹੋਵੇਗਾ।

ਇਸ ਉਪਰੰਤ ਕਲੱਬ ਦੇ ਮੈਂਬਰਾਂ ਵਲੋਂ ਇਕ ਵਿਸ਼ੇਸ਼ ਮੁਲਾਕਾਤ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨਾਲ ਕੀਤੀ ਗਈ। ਇਸ ਮੀਟਿੰਗ ਸ. ਅਮੋਲਕ ਸਿੰਘ ਗਾਖਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਹਮੇਸ਼ਾ ਯਤਨ ਰਿਹਾ ਹੈ ਕਿ ਖੇਡਾਂ ਜਾਂ ਅਜਿਹੇ ਸਾਂਝੇ ਮੰਚ ਨਾ ਸਿਰਫ ਸਮਾਜ ਨੂੰ ਜੋੜਨ ਦੀ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ, ਸਗੋਂ ਨਵੀਂ ਪੀੜ੍ਹੀ ਨੂੰ ਚੰਗੀ ਸਿਹਤ ਅਤੇ ਅਰੋਗ ਜੀਵਨ ਦੇਣ ਦੇ ਨਾਲ-ਨਾਲ ਆਪਣੇ ਵਿਰਸੇ ਅਤੇ ਸੰਸਕਾਰਾਂ ਨਾਲ ਜੋੜਨ ਦਾ ਯਤਨ ਵੀ ਕਰਦੇ ਹਨ। ਇਸੇ ਲਈ ਉਹ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਨੂੰ ਨਾਲ ਲੈ ਕੇ ਤੁਰਨ ਵਾਸਤੇ ਹਮੇਸ਼ਾ ਯਤਨਸ਼ੀਲ ਰਹੇ ਹਨ। ਇਸ ਮੌਕੇ 'ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਇਸ 14ਵੇਂ ਵਿਸ਼ਵ ਕਬੱਡੀ ਕੱਪ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।

ਯਾਦ ਰਹੇ ਕਿ ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਚੱਲਣ ਵਾਲਾ ਕੌਮਾਂਤਰੀ ਕਬੱਡੀ ਖਿਡਾਰੀਆਂ ਦਾ ਇਹ ਕੁੰਭ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗਾ ਅਤੇ ਕਬੱਡੀ ਦੇ ਨਵੇਂ ਰੰਗ ਵੇਖਣ ਨੂੰ ਮਿਲਣਗੇ। ਇਸ ਖੇਡ ਮੇਲੇ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨਸ (ਲੱਛਰ ਭਰਾ), ਰਾਇਲ ਕਿੰਗਜ਼ ਯੂਐੱਸਏ (ਸ਼ੱਬਾ ਥਿਆੜਾ), ਬੇ-ਏਰੀਆ ਸਪੋਰਟਸ (ਬਲਜੀਤ ਸੰਧੂ), ਮਿਡਵੈਸਟ ਕਬੱਡੀ ਕਲੱਬ (ਵਿੱਕੀ ਸੰਮੀਪੁਰੀਆ ਤੇ ਤਾਰੀ) ਅਤੇ ਕਨੇਡਾ ਕਲੱਬ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ) ਦੀਆਂ ਟੀਮਾਂ ਪਹੁੰਚ ਰਹੀਆਂ ਹਨ। ਇਸ ਦੌਰਾਨ ਸਕਿਉਰਿਟੀ ਦਾ ਪੂਰਾ ਪ੍ਰਬੰਧ ਕੀਤਾ ਜਾ ਰਿਹਾ ਹੈ। ਯੂਨਾਈਟਡ ਸਪੋਰਟਸ ਕਲੱਬ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਵਲੋਂ ਸਾਂਝੇ ਰੂਪ ਵਿਚ ਸਮੂਹ ਪੰਜਾਬੀਆਂ ਨੂੰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਇਸ ਖੇਡ ਮੇਲੇ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਕਬੱਡੀ ਅਤੇ ਪੰਜਾਬੀਆਂ ਦੀ ਅਮੀਰ ਵਿਰਾਸਤ ਨਾਲ ਜੁੜੀਆਂ ਰਹਿਣ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਗੈਰਕਾਨੂੰਨੀ ਤੌਰ 'ਤੇ ਅਮਰੀਕਾ 'ਚ ਵੜੇ ਸੌ ਤੋਂ ਵੱਧ ਕਾਬੂ

**ਨਿਊਯਾਰਕ/ਬਿਊਰੋ ਨਿਊਜ਼ :** ਦੇਸ਼ ਵਿਚ ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਵਿਦੇਸ਼ੀਆਂ ਖਿਲਾਫ ਸ਼ਿਕੰਜਾ ਕਸਦਾ ਜਾ ਰਿਹਾ ਹੈ। ਪੁਲਿਸ ਦੁਆਰਾ ਸਰਹੱਦੀ ਗਸ਼ਤ ਦੌਰਾਨ ਅਤੇ ਇੰਮੀਗਰੇਸ਼ਨ ਪ੍ਰਸ਼ਾਸਨ ਵੱਲੋਂ ਵੱਖ-ਵੱਖ ਕਾਰਵਾਈਆਂ ਤਹਿਤ 100 ਤੋਂ ਵੱਧ ਲੋਕਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਅਤੇ ਰਹਿਣ ਦੇ ਚੱਲਦਿਆਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਭਾਰਤੀ ਵੀ ਸ਼ਾਮਲ ਹਨ। ਭਾਰਤੀਆਂ ਦੀਆਂ ਸਪਸ਼ਟ ਗਿਣਤੀ ਸਬੰਧੀ ਜਾਣਕਾਰੀ ਨਹੀਂ ਦਿੱਤੀ ਗਈ ਹੈ।

ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਓਰੇਗਨ ਦੀ ਜੇਲ੍ਹ ਵਿਚ ਬਵੰਜਾ ਭਾਰਤੀਆਂ ਦੇ ਬੰਦ ਹੋਣ ਦੀ ਚਰਚਾ ਛਿੜੀ ਸੀ। ਹਾਲ ਹੀ ਵਿਚ ਅਮਰੀਕਨ ਸਰਕਾਰ ਦੁਆਰਾ ਜਾਰੀ ਅੰਕੜਿਆਂ ਮੁਤਾਬਕ ਇਕ ਸਾਲ ਦੌਰਾਨ ਇੱਕੀ ਹਜ਼ਾਰ ਤੋਂ ਵੱਧ ਭਾਰਤੀ ਅਮਰੀਕਾ ਵਿਚ ਵੀਜ਼ਾ ਮਿਆਦ ਪੁੱਗਣ ਤੋਂ ਬਾਅਦ ਵਾਪਸ ਆਪਣੇ ਦੇਸ਼ ਨਹੀਂ ਪਰਤੇ ਅਤੇ ਲਾਪਤਾ ਹਨ।

ਅਮਰੀਕੀ ਇੰਮੀਗ੍ਰੇਸ਼ਨ ਤੇ ਕਸਟਮ ਇਨਫੋਰਸਮੈਂਟ ਵਿਭਾਗ ਦੇ ਇਨਫੋਰਸਮੈਂਟ ਐਂਡ ਰਿਮੂਲਵ ਆਪ੍ਰੇਸ਼ਨ ਤਹਿਤ ਆਪਣੀ ਪੰਜ ਦਿਨਾਂ ਵਾਲੀ ਮੁਹਿੰਮ ਦੌਰਾਨ ਇਕੱਲੇ ਹਿਊਸਟਨ ਇਲਾਕੇ ਵਿੱਚੋਂ ਹੀ 45 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਆਈਈਸੀ ਤੋਂ ਮਿਲੀ ਜਾਣਕਾਰੀ ਮੁਤਾਬਕ ਭਾਰਤ, ਕਿਊਬਾ, ਨਾਈਜੀਰੀਆ, ਚਿੱਲੀ, ਤੁਰਕੀ, ਹੌਂਡੁਰਸ, ਐਲ ਸਾਲਵੇਡੋਰ, ਮੈਕਸੀਕੋ ਤੇ ਗੁਆਟੇਮਾਲਾ ਦੇ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਏਜੰਸੀ ਨੇ ਮੁਤਾਬਕ ਇਨ੍ਹਾਂ ਵਿਚੋਂ ਕੁਝ ਨੂੰ ਡਿਪੋਰਟ ਕੀਤੇ ਜਾਣ ਦੇ ਬਾਵਜੂਦ ਦੁਬਾਰਾ ਅਮਰੀਕਾ ਵਿਚ ਦਾਖ਼ਲ ਹੋਣ ਦੌਰਾਨ ਕਾਬੂ ਕੀਤਾ ਗਿਆ ਹੈ। ਪਿਛਲੇ ਹਫ਼ਤੇ ਟੈਕਸਾਸ ਵਿਚ ਨਾਕੇ ਦੌਰਾਨ ਇਕ ਰੈਫ਼ਰੀਜਰੇਟਿਡ ਟਰਾਲੇ ਵਿੱਚੋਂ 78 ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ, ਜੋ ਮੂਲ ਤੌਰ 'ਤੇ ਭਾਰਤ, ਮੈਕਸੀਕੋ, ਗੁਆਟੇਮਾਲਾ, ਹੌਂਡੁਰਸ, ਐਲ ਸਾਲਵੇਡੋਰ, ਬ੍ਰਾਜ਼ੀਲ, ਇਕੁਏਡੋਰ ਤੇ ਡੋਮਿਨੀਕੈਨ ਰਿਪਬਲਿਕ ਦੇ ਰਹਿਣ ਵਾਲੇ ਸਨ। ਇਸ ਤੋਂ ਪਹਿਲਾਂ ਤਕਰੀਬਨ 100 ਭਾਰਤੀਆਂ ਨੂੰ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਸਨ, ਨੂੰ ਅਮਰੀਕਾ ਦੇ ਦੱਖਣੀ ਬਾਰਡਰ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਸਰਹੱਦ ਟੱਪਦਿਆਂ ਕਾਬੂ ਕੀਤਾ ਗਿਆ ਸੀ।

# ਪਹਿਲੀ ਪਾਤਸ਼ਾਹੀ ਗੁਰੂ ਨਾਨਕ ਜੀ ਦਾ 550ਵਾਂ ਪ੍ਰਕਾਸ਼ ਦਿਨ ਦੁਨੀਆ ਭਰ 'ਚ ਮਨਾਏਗੀ ਭਾਰਤ ਸਰਕਾਰ

### *ਭਾਰਤ ਦੇ ਵਿਦੇਸ਼ਾਂ ਵਿਚਲੇ ਸਾਰੇ ਦੂਤਘਰਾਂ 'ਚ ਕੀਤੇ ਜਾਣਗੇ ਸਮਾਗਮ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੇ ਐਲਾਨ ਕੀਤਾ ਹੈ ਕਿ ਅਗਲੇ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵਿਸ਼ਵ ਭਰ 'ਚ ਭਾਰਤ ਦੇ ਸਾਰੇ ਦੂਤਘਰਾਂ ਅਤੇ ਮਿਸ਼ਨਾਂ 'ਚ ਮਨਾਇਆ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਰਾਤਰੀ-ਭਾਵ ਅਤੇ ਸਾਂਝੀਵਾਲਤਾ ਦਾ ਸੁਨੇਹਾ ਫੈਲਾਉਣ ਲਈ ਉਨ੍ਹਾਂ ਦਾ 550ਵਾਂ ਪ੍ਰਕਾਸ਼ ਪੁਰਬ ਵਿਸ਼ਵ ਭਰ 'ਚ ਮਨਾਉਣ ਦਾ ਫੈਸਲਾ ਲੈ ਲਿਆ ਗਿਆ ਹੈ। ਵਿਸ਼ਵ ਪੰਜਾਬੀ ਸੰਗਠਨ ਨਾਲ ਮਿਲ ਕੇ ਸਭਿਆਚਾਰਕ ਸਬੰਧਾਂ ਬਾਰੇ ਭਾਰਤੀ ਕੌਂਸਲ ਵਲੋਂ ਕਰਵਾਏ 'ਗੁਰਬਾਣੀ ਕੀਰਤਨ' ਸਮਾਗਮ ਨੂੰ ਸੰਬੋਧਨ ਕਰਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਸ ਸੁਰੱਖਿਆਵਾਦ ਦੇ ਯੁੱਗ 'ਚ ਗੁਰੂ ਨਾਨਕ ਦੇ ਸਾਂਝੀਵਾਲਤਾ ਦੇ ਸੰਦੇਸ਼ ਤੋਂ ਕੁਝ ਵੀ ਬਿਹਤਰ ਨਹੀਂ। ਉਨ੍ਹਾਂ ਕਿਹਾ ਕਿ ਇਸ ਗੜਬੜ ਵਾਲੇ ਵਿਸ਼ਵ, ਜਿਥੇ ਹਿੰਸਾ ਤੇ ਮਾਰ ਧਾੜ ਚੱਲ ਰਹੀ ਹੈ ਅਤੇ ਜਿਥੇ ਧਰਮ ਦੇ ਨਾਂਅ 'ਤੇ ਲੋਕਾਂ ਦਾ ਸਮੂਹਿਕ ਕਤਲੇਆਮ ਕੀਤਾ ਜਾ ਰਿਹਾ ਹੈ, ਵਿਚ ਅਸੀਂ ਪ੍ਰਕਾਸ਼ ਪੁਰਬ ਜਸ਼ਨਾਂ ਰਾਹੀਂ ਗੁਰੂ ਨਾਨਕ ਤੇ ਦੂਸਰੇ ਸਿੱਖ ਗੁਰੂਆਂ ਦਾ ਸੁਨੇਹਾ ਸੰਸਾਰ 'ਚ ਫੈਲਾਉਣਾ ਚਾਹੁੰਦੇ ਹਾਂ। ਸਵਰਾਜ ਨੇ ਕਿਹਾ ਕਿ ਇਹ ਸੰਦੇਸ਼ ਸੈਮੀਨਾਰਾਂ, ਗੁਰਬਾਣੀ ਕੀਰਤਨ ਅਤੇ ਇਸ ਤਰ੍ਹਾਂ ਦੇ ਦੂਸਰੇ ਪ੍ਰੋਗਰਾਮਾਂ ਰਾਹੀਂ ਫੈਲਾਇਆ ਜਾਵੇਗਾ। ਵਿਦੇਸ਼ ਮੰਤਰੀ ਨੇ ਇਹ ਵੀ ਕਿਹਾ ਕਿ ਕੁਝ ਦਿਨਾਂ ਬਾਅਦ ਅਸੀਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ 'ਚ ਜਸ਼ਨ ਸ਼ੁਰੂ ਕਰਾਂਗੇ। ਅਸੀਂ ਪੂਰੇ ਵਿਸ਼ਵ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਵਾਂਗੇ, ਹਰੇਕ ਦੂਤਘਰ, ਹਰੇਕ ਮਿਸ਼ਨ ਪ੍ਰਕਾਸ਼ ਪੁਰਬ ਮਨਾਵੇਗਾ। ਉਨ੍ਹਾਂ ਕਿਹਾ ਕਿ ਆਈਸੀਸੀਆਰ. ਵੀ ਪ੍ਰਕਾਸ਼ ਪੁਰਬ ਮਨਾਵੇਗਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 'ਵਿਸ਼ਵਵਿਆਪੀ ਭਰਾਤਰੀਭਾਵ ਸਾਲ' ਵਜੋਂ ਮਨਾਇਆ ਜਾਵੇਗਾ।



## ਅੰਮ੍ਰਿਤਧਾਰੀ ਨੌਜਵਾਨਾਂ ਦੀ ਕੁੱਟਮਾਰ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਦੀ ਮੰਗ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਪੁਲਿਸ ਦੇ ਕੁੱਝ ਮੁਲਾਜ਼ਮਾਂ ਵੱਲੋਂ ਜ਼ਿਲ੍ਹਾ ਪਟਿਆਲਾ ਦੇ ਪਿੰਡ ਸਨੌਰ ਨਾਲ ਸਬੰਧਤ ਗੁਰਸਿੱਖ ਤੇ ਅੰਮ੍ਰਿਤਧਾਰੀ ਨੌਜਵਾਨਾਂ ਦੀ ਬਿਨਾ ਕਿਸੇ ਕਾਰਨ ਤੋਂ ਕੁੱਟਮਾਰ ਕਰਨਾ, ਕੇਸਾਂ ਤੇ ਦਸਤਾਰ ਦੀ ਬੇਅਦਬੀ ਕਰਨੀ ਬਹੁਤ ਹੀ ਨਿੰਦਣਯੋਗ ਘਟਨਾ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਸ. ਖੁਸ਼ਹਾਲ ਸਿੰਘ, ਮੁੱਖ ਬੁਲਾਰੇ ਸ. ਗੁਰਪ੍ਰੀਤ ਸਿੰਘ ਅਤੇ ਸਿੱਖ ਚਿੰਤਕ ਸ. ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਇਸ ਘਟਨਾ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਦੋਸ਼ੀ ਪੁਲਿਸ ਮੁਲਾਜ਼ਮਾਂ ਵਿਰੁੱਧ ਧਾਰਾ 295-ਏ ਅਧੀਨ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ। ਉਕਤ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਉਹ ਆਪਣੇ ਪੱਧਰ ਉਤੇ ਇਸ ਘਟਨਾ ਨਾਲ ਸਬੰਧਤ ਮੁਲਾਜ਼ਮਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਉਣ ਲਈ ਦਖਲ-ਅੰਦਾਜ਼ੀ ਕਰਨ। ਜ਼ਿਲ੍ਹਾ ਪੱਧਰ ਦੀ ਪੁਲਿਸ ਦੇ ਉੱਚ ਅਧਿਕਾਰੀ ਇਸ ਮੰਦਭਾਗੀ ਘਟਨਾ ਨਾਲ ਸਬੰਧਤ ਦੋਸ਼ੀਆਂ ਨੂੰ ਬਚਾਉਣ ਦੇ ਯਤਨ ਕਰ ਰਹੇ ਹਨ, ਜਿਸ ਨਾਲ ਸਿੱਖ ਜਗਤ 'ਚ ਰੋਸ ਦੀ ਭਾਵਨਾ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ 'ਚ ਧਾਰਮਿਕ ਮੰਗਾਂ, ਮਸਲਿਆਂ ਅਤੇ ਮੁੱਦਿਆਂ ਨੂੰ ਲੈ ਕੇ ਪਹਿਲਾਂ ਹੀ ਬੇਚੈਨੀ ਦਾ ਆਲਮ ਬਣਿਆ ਹੋਇਆ ਹੈ। ਅਜਿਹੀਆਂ ਘਟਨਾਵਾਂ ਬਲਦੀ ਅੱਗ ਉਤੇ ਤੇਲ ਪਾਉਣ ਬਰਾਬਰ ਹਨ। ਕੈਪਟਨ ਸਾਹਿਬ ਘਟਨਾ ਦੇ ਪੀੜਤ ਨੌਜਵਾਨਾਂ ਨੂੰ ਇਨਸਾਫ ਦਿਵਾਉਣ ਲਈ ਸਾਰੀ ਘਟਨਾ ਦੀ ਜਾਂਚ ਕਿਸੇ ਇਮਾਨਦਾਰ ਪੁਲਿਸ ਅਫਸਰਾਂ ਦੀ ਟੀਮ ਰਾਹੀਂ ਕਰਵਾ ਲੈਣ ਪਰ ਦੋਸ਼ੀਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਣਾ ਚਾਹੀਦਾ। ਆਗੂਆਂ ਨੇ ਕਿਹਾ ਕਿ ਮਾੜੇ ਕਿਰਦਾਰ ਵਾਲੇ ਪੁਲੀਸ ਅਫਸਰਾਂ ਨੂੰ ਪਬਲਿਕ ਡੀਲਿੰਗ ਵਾਲੀਆਂ ਪੋਸਟਾਂ ਨਾ ਦਿੱਤੀਆਂ ਜਾਣ।

## ਰਾਵਲਪਿੰਡੀ ਦੇ ਗੁਰਦੁਆਰਾ ਸਿੰਘ ਸਭਾ ਦੀ ਜ਼ਮੀਨ ਤੋਂ ਨਜਾਇਜ਼ ਕਬਜ਼ੇ ਹਟਾਉਣ ਦੀ ਮੰਗ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਰਾਵਲਪਿੰਡੀ ਵਿਚ ਗੁਰਦੁਆਰਾ ਸਿੰਘ ਸਭਾ ਦੇ ਸਥਾਨ 'ਤੇ ਸਿੱਖ ਰਾਜ ਸਮੇਂ ਅਕਾਲੀ ਸਿੰਘਾਂ ਦੀ ਛਾਉਣੀ ਹੋਇਆ ਕਰਦੀ ਸੀ। ਸੰਨ 1927 'ਚ ਇੱਥੇ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਗਿਆ। ਗੁਰਦੁਆਰੇ ਦੀ ਉਸਾਰੀ ਮੌਕੇ ਦਾਨੀਆਂ ਵਲੋਂ ਲਗਾਈਆਂ ਗਈਆਂ ਪੱਥਰ ਦੀ ਸਿਲਾਂ ਅੱਜ ਵੀ ਇਸ ਸੱਚ ਦੀ ਗਵਾਹੀ ਭਰ ਰਹੀਆਂ ਹਨ। ਦੇਸ਼ ਦੀ ਵੰਡ ਤੋਂ ਬਾਅਦ ਖਾਲੀ ਪਏ ਗੁਰਦੁਆਰੇ ਦੀ ਇਮਾਰਤ 'ਚ ਪਹਿਲਾਂ ਪੁਲਿਸ ਥਾਣਾ ਅਤੇ ਫਿਰ ਸਕੂਲ ਸ਼ੁਰੂ ਕੀਤਾ ਗਿਆ, ਸਾਲ 2003 'ਚ 3 ਕਰੋੜ 10 ਲੱਖ ਰੁਪਏ ਦੇਣੇ ਕਰਕੇ ਅਨਜੂਮਨ ਕੰਸਟਰੱਕਸ਼ਨ ਨਾਮੀ ਕੰਪਨੀ ਨੇ ਤਿੰਨ ਮੰਜ਼ਿਲਾਂ ਪਲਾਜ਼ਾ ਬਣਾਉਣ ਲਈ ਈਟੀਪੀਬੀ. ਪਾਸੋਂ 52 ਮਰਲੇ 'ਚ ਬਣੀ ਉਕਤ ਗੁਰਦੁਆਰੇ ਦੀ ਇਮਾਰਤ ਖ਼ਰੀਦ ਲਈ। ਪੰਜਾਬ ਸਿੱਖਿਆ ਵਿਭਾਗ ਵਲੋਂ ਲਾਹੌਰ ਹਾਈ ਕੋਰਟ ਦੇ ਰਾਵਲਪਿੰਡੀ ਬੈਂਚ 'ਚ ਇਹ ਮਾਮਲਾ ਦਾਇਰ ਕਰਨ 'ਤੇ ਗੁਰਦੁਆਰੇ ਨੂੰ ਢਾਹ ਕੇ ਪਲਾਜ਼ਾ ਬਣਾਏ ਜਾਣ 'ਤੇ ਰੋਕ ਲਗਾਉਣ ਦੇ ਨਾਲ-ਨਾਲ ਅਦਾਲਤ ਵਲੋਂ ਇਹ ਸਾਰੀ ਜਾਇਦਾਦ ਪੱਕੇ ਤੌਰ 'ਤੇ ਪੰਜਾਬ ਸਿੱਖਿਆ ਵਿਭਾਗ ਦੇ ਨਾਂਅ 'ਤੇ ਤਬਦੀਲ ਕਰਵਾ ਦਿੱਤੀ ਗਈ। ਹੁਣ ਇੱਥੇ ਰਹਿੰਦੇ ਸਿੱਖ ਭਾਈਚਾਰੇ ਨੇ ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ.) ਪਾਸੋਂ ਰਾਵਲਪਿੰਡੀ ਦੇ ਰਾਜਾ ਬਾਜ਼ਾਰ ਵਿਚਲੇ ਗੁਰਦੁਆਰਾ ਸਿੰਘ ਸਭਾ ਨੂੰ ਕਬਜ਼ਾ ਮੁਕਤ ਕਰਾਉਣ ਦੀ ਮੰਗ ਕੀਤੀ ਹੈ। ਇਹ ਜਾਣਕਾਰੀ ਦਿੰਦਿਆਂ ਬੋਰਡ ਦੇ ਸਹਾਇਕ ਪ੍ਰਬੰਧਕ ਮੁਹੰਮਦ ਆਸਿਫ਼ ਨੇ ਦੱਸਿਆ ਕਿ ਉਕਤ ਗੁਰਦੁਆਰੇ 'ਚ ਕਾਇਮ ਕੀਤੇ ਗਏ ਸਰਕਾਰੀ ਸਕੂਲ ਦੇ ਪ੍ਰਬੰਧਕਾਂ ਵਲੋਂ ਇਕ ਮਸਜਿਦ ਤਾਮੀਰ ਕਰਕੇ ਗੁਰਦੁਆਰੇ ਦੀ ਇਮਾਰਤ 'ਚ ਵੱਡੀ ਤਬਦੀਲੀ ਕੀਤੀ ਗਈ ਹੈ, ਜਿਸ ਨੂੰ ਲੈ ਕੇ ਸਿੱਖ ਭਾਈਚਾਰੇ 'ਚ ਰੋਸ ਬਣਿਆ ਹੋਇਆ ਹੈ ਅਤੇ ਕਿਸੇ ਵੀ ਸੰਸਥਾ ਜਾਂ ਵਿਅਕਤੀ ਨੂੰ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ 'ਤੇ ਕਬਜ਼ਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਬੀਤੇ ਵਰ੍ਹਿਆਂ 'ਚ ਅਮਰੀਕਾ ਘੁੰਮਣ ਆਏ ਭਾਰਤੀਆਂ 'ਚੋਂ 21 ਹਜ਼ਾਰ ਤੋਂ ਵੱਧ ਵਾਪਸ ਹੀ ਨਹੀਂ ਮੁੜੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਵੱਲੋਂ ਜਾਰੀ ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੰਨ 2017 ਵਿਚ 10.7 ਲੱਖ ਤੋਂ ਵੱਧ ਭਾਰਤੀ ਬੀ-1 ਤੇ ਬੀ-2 ਵੀਜ਼ਿਆਂ 'ਤੇ ਅਮਰੀਕਾ ਆਏ ਸਨ। ਇਸ ਵੰਨਗੀ ਦੇ ਵੀਜ਼ੇ ਕਾਰੋਬਾਰ ਜਾਂ ਘੁੰਮਣ ਫਿਰਨ ਦੇ ਮਕਸਦ ਨਾਲ ਆਉਣ ਵਾਲਿਆਂ ਨੂੰ ਦਿੱਤੇ ਜਾਂਦੇ ਹਨ। ਰਿਪੋਰਟ ਮੁਤਾਬਕ ਇਨ੍ਹਾਂ ਵਿਚੋਂ 14204 ਮਿਆਦ ਖਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਰਹੇ ਸਨ। ਉਂਜ ਇਨ੍ਹਾਂ 'ਚੋਂ 1708 ਭਾਰਤੀ ਬਾਅਦ ਵਿਚ ਵਾਪਸ ਰਵਾਨਾ ਹੋ ਗਏ ਸਨ ਜਦਕਿ 12498 ਭਾਰਤੀਆਂ ਦਾ ਕੋਈ ਅਤਾ ਪਤਾ ਨਹੀਂ ਸੀ। ਸਮਝਿਆ ਜਾਂਦਾ ਹੈ ਕਿ ਉਹ ਅਜੇ ਵੀ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਹਨ। ਸੱਜਰੇ ਸਰਕਾਰੀ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਸੰਨ 2017 ਵਿਚ 21000 ਤੋਂ ਵੱਧ ਭਾਰਤੀ ਆਪਣੇ ਵੀਜ਼ੇ ਦੀ ਮਿਆਦ ਤੋਂ ਬਾਅਦ ਵੀ ਅਮਰੀਕਾ ਵਿਚ ਟਿਕੇ ਹੋਏ ਸਨ। ਹਾਲਾਂਕਿ ਅਮਰੀਕਾ ਵਿਚ ਵੀਜ਼ੇ ਦੀ ਮਿਆਦ ਤੋਂ ਬਾਅਦ ਵੀ ਟਿਕੇ ਰਹਿਣ ਵਾਲੇ ਭਾਰਤੀਆਂ ਦੀ ਦਰ ਹੋਰਨਾਂ ਮੁਲਕਾਂ ਦੇ ਨਾਗਰਿਕਾਂ ਮੁਕਾਬਲੇ ਕੋਈ ਬਹੁਤੀ ਨਹੀਂ ਪਰ ਇਨ੍ਹਾਂ ਦੀ ਤਾਦਾਦ ਕਰ ਕੇ ਹੀ ਭਾਰਤ ਅਜਿਹੇ ਮੋਹਰੀ ਮੁਲਕਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ ਜਿਨ੍ਹਾਂ ਦੇ ਨਾਗਰਿਕ ਅਮਰੀਕਾ ਵਿਚ ਗ਼ੈਰਕਾਨੂੰਨੀ ਢੰਗ ਨਾਲ ਰਹਿਣ ਨੂੰ ਤਰਜੀਹ ਦਿੰਦੇ ਹਨ।




ਸੰਨ 2016 ਵਿਚ 10 ਲੱਖ ਤੋਂ ਵੱਧ ਭਾਰਤੀ ਬੀ-1 ਤੇ ਬੀ-2 ਵੀਜ਼ਿਆਂ 'ਤੇ ਅਮਰੀਕਾ ਆਏ ਸਨ । ਇਨ੍ਹਾਂ ਵਿਚੋਂ 17763 ਭਾਰਤੀਆਂ ਨੇ ਓਵਰਸਟੇਅ ਕੀਤੀ ਸੀ। ਫਿਰ 2040 ਭਾਰਤੀ ਆਪਣੇ ਵੀਜ਼ਿਆਂ ਦੀ ਮਿਆਦ ਪੁੱਗਣ ਤੋਂ ਬਾਅਦ ਵਾਪਸ ਰਵਾਨਾ ਹੋ ਗਏ ਸਨ ਜਦਕਿ 15723 ਭਾਰਤੀਆਂ ਦਾ ਕੋਈ ਅਤਾ ਪਤਾ ਨਹੀਂ ਲੱਗ ਸਕਿਆ। ਰਿਪੋਰਟ ਮੁਤਾਬਕ ਸੰਨ 2017 ਵਿਚ 127,435 ਭਾਰਤੀ ਵਿਦਿਆਰਥੀ ਅਤੇ ਰਿਸਰਚ ਸਕਾਲਰ ਐਫ, ਜੇ ਅਤੇ ਐਮ ਵੰਨਗੀ ਦੇ ਵੀਜ਼ਿਆਂ 'ਤੇ ਅਮਰੀਕਾ ਆਏ ਸਨ। ਇਨ੍ਹਾਂ 'ਚੋਂ 4400 ਭਾਰਤੀਆਂ ਨੇ ਓਵਰਸਟੇਅ ਕੀਤੀ ਸੀ ਜਦਕਿ ਅੰਕੜਿਆਂ ਮੁਤਾਬਕ 1567 ਭਾਰਤੀ ਮਗਰੋਂ ਵਾਪਸ ਰਵਾਨਾ ਹੋ ਗਏ ਸਨ ਪਰ 2833 ਭਾਰਤੀ ਅਜੇ ਵੀ ਅਮਰੀਕਾ ਵਿਚ ਟਿਕੇ ਹੋਏ ਹਨ। ਗ਼ੈਰ-ਆਵਾਸੀਆਂ ਦੀਆਂ ਹੋਰਨਾਂ ਵੰਨਗੀਆਂ ਵਿਚੋਂ 4.5 ਲੱਖ ਭਾਰਤੀਆਂ ਦੇ ਅਮਰੀਕਾ 'ਚੋਂ ਰਵਾਨਾ ਹੋਣ ਦੀ ਆਸ ਕੀਤੀ ਜਾਂਦੀ ਸੀ ਜਿਨ੍ਹਾਂ ਵਿਚੋਂ 9568 ਨੇ ਓਵਰਸਟੇਅ ਕੀਤੀ ਸੀ ਜਦਕਿ 2956 ਨੇ ਵੀਜ਼ਾ ਮਿਆਦ ਪੁੱਗਣ ਤੋਂ ਬਾਅਦ ਚਾਲੇ ਪਾ ਦਿੱਤੇ ਸਨ ਪਰ 6612 ਬਾਰੇ ਅਜੇ ਵੀ ਅਮਰੀਕਾ ਵਿਚ ਟਿਕੇ ਹੋਣ ਦਾ ਸ਼ੱਕ ਹੈ।

## ਕੈਨੇਡਾ ਦੇ ਬਹੁ-ਚਰਚਿਤ ਸਿੱਖ ਆਗੂ ਜਗਮੀਤ ਸਿੰਘ ਵੱਲੋਂ ਜ਼ਿਮਨੀ ਚੋਣ ਲੜਨ ਦਾ ਐਲਾਨ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਵਿਚ ਐੱਨਡੀਪੀ ਦੇ ਪ੍ਰਧਾਨ ਜਗਮੀਤ ਸਿੰਘ ਨੇ ਐਲਾਨ ਕੀਤਾ ਹੈ ਕਿ ਉਹ ਬਰਨਬੀ ਦੱਖਣੀ ਹਲਕੇ ਦੀ ਸੰਸਦੀ ਜ਼ਿਮਨੀ ਚੋਣ ਲਈ ਪਾਰਟੀ ਦੇ ਉਮੀਦਵਾਰ ਹੋਣਗੇ। ਗੌਰਤਲਬ ਹੈ ਕਿ ਜਗਮੀਤ ਸਿੰਘ ਕੈਨੇਡਾ ਦੀਆਂ ਤਿੰਨ ਵੱਡੀਆਂ ਫੈਡਰਲ ਪਾਰਟੀਆਂ 'ਚ ਸ਼ੁਮਾਰ ਐੱਨਡੀਪੀ ਦੇ ਪ੍ਰਧਾਨ ਬਣਨ ਤੋਂ ਬਾਅਦ ਕੈਨੇਡਾ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਬਣਨ ਵੱਲ ਵਧਦੇ ਜਾ ਰਹੇ ਹਨ। ਇਹ ਸੀਟ ਉਨ੍ਹਾਂ ਦੀ ਪਾਰਟੀ ਦੇ ਸੰਸਦ ਮੈਂਬਰ ਕੈਨੇਡੀ ਸਟੂਅਰਟ ਵੱਲੋਂ ਵੈਨਕੂਵਰ ਮੇਅਰ ਦੀ ਚੋਣ ਵਿਚ ਉਮੀਦਵਾਰ ਹੋਣ ਕਾਰਨ ਦਿੱਤੇ ਅਸਤੀਫ਼ੇ ਕਾਰਨ ਖਾਲੀ ਹੋ ਗਈ ਸੀ। ਸੂਤਰਾਂ ਮੁਤਾਬਕ ਪਿਛਲੇ ਸਾਲ ਪਾਰਟੀ ਪ੍ਰਧਾਨ ਬਣਨ ਤੋਂ ਬਾਅਦ ਜਗਮੀਤ ਸਿੰਘ ਕਿਸੇ ਸੁਰੱਖਿਅਤ ਹਲਕੇ ਤੋਂ ਜ਼ਿਮਨੀ ਚੋਣ ਲੜਨ ਦੇ ਚਾਹਵਾਨ ਸਨ। ਬਰਨਬੀ ਹਲਕੇ ਤੋਂ ਉਨ੍ਹਾਂ ਵੱਲੋਂ ਚੋਣ ਲੜਨ ਦੀਆਂ ਕਿਆਸ-ਅਰਾਈਆਂ ਪਹਿਲਾਂ ਹੀ ਲਾਈਆਂ ਜਾ ਰਹੀਆਂ ਸਨ। ਕੁਝ ਲੋਕਾਂ ਦਾ ਕਹਿਣਾ ਸੀ ਕਿ ਕੈਨੇਡੀ ਨੇ ਜਗਮੀਤ ਪ੍ਰਤੀ ਵਫਾਦਾਰੀ ਵਜੋਂ ਇਹ ਸੀਟ ਖਾਲੀ ਕੀਤੀ ਸੀ। ਖੁਦ ਨੂੰ ਉਮੀਦਵਾਰ ਐਲਾਨਣ ਮਗਰੋਂ ਉਨ੍ਹਾਂ ਕਿਹਾ ਕਿ ਲੋਕਾਂ ਲਈ ਰਿਹਾਇਸ਼ ਅਤੇ ਚੰਗੀਆਂ ਸਿਹਤ ਸਹੂਲਤਾਂ ਉਨ੍ਹਾਂ ਦੀ ਪਾਰਟੀ ਦੇ ਏਜੰਡੇ ਉੱਤੇ ਸਭ ਤੋਂ ਉਪਰ ਹਨ ਅਤੇ ਲੋਕਾਂ ਦੀ ਆਵਾਜ਼ ਚੁੱਕਣ ਲਈ ਉਨ੍ਹਾਂ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ।



## ਤਿੰਨ ਕਰੋੜ ਤੋਂ ਵੱਧ ਪਰਵਾਸੀ ਭਾਰਤੀਆਂ ਨੂੰ ਪ੍ਰੌਕਸੀ ਵੋਟ ਦਾ ਅਧਿਕਾਰ ਦੇਣ ਬਾਰੇ ਬਿਲ ਪਾਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਵੱਲੋਂ ਫ਼ੌਜੀਆਂ ਦੀ ਤਰਜ਼ 'ਤੇ ਪਰਵਾਸੀ ਭਾਰਤੀਆਂ ਨੂੰ 'ਪ੍ਰੌਕਸੀ ਵੋਟ' ਦਾ ਹੱਕ ਦੇਣ ਬਾਰੇ ਬਿਲ ਨੂੰ ਲੋਕ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ ਹੈ। ਲੋਕ ਪ੍ਰਤੀਨਿਧਤਾ (ਸੋਧ) ਬਿਲ 2017 ਬਹਿਸ ਤੇ ਪਾਸ ਕਰਨ ਲਈ ਪੇਸ਼ ਕਰਦਿਆਂ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਨੇ ਕਿਹਾ ਕਿ ਇਸ ਵਿਵਸਥਾ ਨਾਲ ਪਰਵਾਸੀ ਭਾਰਤੀਆਂ(ਐਨਆਰਆਈਜ਼) ਨੂੰ ਚੋਣ ਪ੍ਰਕਿਰਿਆ ਦਾ ਹਿੱਸਾ ਬਣਨ ਵਿਚ ਮਦਦ ਮਿਲੇਗੀ। ਹੇਠਲੇ ਸਦਨ ਵਿਚ ਜ਼ੁਬਾਨੀ ਵੋਟ ਰਾਹੀਂ ਪਾਸ ਕੀਤੇ ਇਸ ਬਿਲ ਵਿਚ ਵੋਟ ਦਾ ਹੱਕ ਰੱਖਣ ਵਾਲੇ ਪਰਵਾਸੀ ਭਾਰਤੀ ਹੁਣ ਆਪਣੀ ਵੋਟ ਪਾਉਣ ਲਈ ਆਪਣੀ ਥਾਂ 'ਤੇ ਕੋਈ ਹੋਰ ਪ੍ਰੌਕਸੀ ਵੋਟਰ ਨਿਯੁਕਤ ਕਰ ਸਕਣਗੇ।

ਫਿਲਹਾਲ, ਪਰਵਾਸੀ ਭਾਰਤੀਆਂ ਨੂੰ ਉਨ੍ਹਾਂ ਹਲਕਿਆਂ ਵਿਚ ਵੋਟ ਪਾਉਣ ਦਾ ਹੱਕ ਹੈ ਜਿੱਥੇ ਉਨ੍ਹਾਂ ਵੋਟ ਰਜਿਸਟਰਡ ਕਰਵਾਈ ਹੈ। ਬਿਲ ਵਿਚ ਪਰਵਾਸੀ ਭਾਰਤੀਆਂ ਨੂੰ ਪ੍ਰੌਕਸੀ ਵੋਟਿੰਗ ਦੀ ਆਪਸ਼ਨ ਦਿੱਤੀ ਗਈ ਹੈ ਜੋ ਹੁਣ ਤਕ ਸਿਰਫ਼ ਫ਼ੌਜੀਆਂ ਨੂੰ ਉਪਲਬਧ ਹੈ।ਪ੍ਰੌਕਸੀ ਵੋਟਿੰਗ ਬਾਰੇ ਮੈਂਬਰਾਂ ਦੇ ਖ਼ਦਸ਼ਿਆਂ ਦਾ ਜਵਾਬ ਦਿੰਦਿਆਂ ਮੰਤਰੀ ਨੇ ਕਿਹਾ, ਕਿ "ਸਾਨੂੰ ਐਨਆਰਆਈਜ਼ 'ਤੇ ਪ੍ਰੌਕਸੀਜ਼ ਬਾਰੇ ਭਰੋਸਾ ਕਰਨਾ ਚਾਹੀਦਾ ਹੈ। "

ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਅਨੁਮਾਨ ਮੁਤਾਬਕ ਲਗਪਗ 3.10 ਕਰੋੜ ਐਨਆਰਆਈ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਵਸਦੇ ਹਨ। ਸ੍ਰੀ ਪ੍ਰਸ਼ਾਦ ਨੇ ਕਿਹਾ ਕਿ ਦੇਸ਼ ਨੂੰ ਐਨਆਰਆਈਜ਼ ਦੀਆਂ ਪ੍ਰਾਪਤੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਦੁਨੀਆ ਭਰ ਵਿਚ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰੀਆਂ ਹਨ। ਮੰਤਰੀ ਨੇ ਕਿਹਾ ਕਿ ਨੇਮ ਤਿਆਰ ਕਰਨ ਵੇਲੇ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਕਿਸੇ ਵੱਲੋਂ ਪ੍ਰੌਕਸੀ ਵੋਟਿੰਗ ਸਿਸਟਮ ਦੀ ਦੁਰਵਰਤੋਂ ਨਾ ਕੀਤੀ ਜਾ




ਸਕੇ। ਪ੍ਰੌਕਸੀ ਕੋਈ ਮਾੜਾ ਸ਼ਬਦ ਨਹੀਂ। ਇਹ ਕਾਨੂੰਨੀ ਤੇ ਪ੍ਰੀਭਾਸ਼ਤ ਸ਼ਬਦ ਹੈ। ਕੁਝ ਮੈਂਬਰਾਂ ਨੇ ਮੰਗ ਕੀਤੀ ਕਿ ਪਰਵਾਸੀ ਭਾਰਤੀਆਂ ਨੂੰ ਪੋਸਟਲ ਬੈਲਟ ਦੀ ਸੁਵਿਧਾ ਵੀ ਦਿੱਤੀ ਜਾ ਸਕਦੀ ਹੈ। ਚੋਣ ਕਮਿਸ਼ਨ ਦੀ ਇਕ ਮਾਹਿਰਾਨਾ ਕਮੇਟੀ ਨੇ ਸੰਨ 2015 ਵਿਚ ਲਾਅ ਕਮਿਸ਼ਨ ਨੂੰ ਪਰਵਾਸੀ ਭਾਰਤੀਆਂ ਨੂੰ ਪ੍ਰੌਕਸੀ ਵੋਟਿੰਗ ਦੀ ਵਰਤੋਂ ਕਰਨ ਦੀ ਆਗਿਆ ਦੇਣ ਲਈ ਚੋਣ ਕਾਨੂੰਨਾਂ ਵਿਚ ਸੋਧ ਕਰਨ ਲਈ ਕਾਨੂੰਨੀ ਚੌਖਟਾ ਤਿਆਰ ਕਰਨ ਦਾ ਸੁਝਾਅ ਭੇਜਿਆ ਸੀ। ਚੋਣ ਕਮਿਸ਼ਨ ਦੇ ਅਣਅਧਿਕਾਰਤ ਅੰਕੜਿਆਂ ਮੁਤਾਬਕ 10000 ਤੋਂ 12000 ਪਰਵਾਸੀ ਵੋਟਰਾਂ ਨੇ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਕੀਤਾ ਸੀ ਕਿਉਂਕਿ ਉਹ ਵੋਟ ਪਾਉਣ ਲਈ ਵਿਦੇਸ਼ੀ ਕਰੰਸੀ ਖਰਚ ਕੇ ਭਾਰਤ ਨਹੀਂ ਆਉਣਾ ਚਾਹੁੰਦੇ ਸਨ।

### 'ਆਪ' ਵਿਧਾਇਕ ਸੰਧਵਾਂ ਵੱਲੋਂ ਬਰਗਾੜੀ ਮਾਮਲਾ ਸੀਬੀਆਈ ਨੂੰ ਦੇਣ ਦਾ ਵਿਰੋਧ

**ਕੋਟਕਪੂਰਾ/ਬਿਊਰੋ ਨਿਊਜ਼ :** ਆਪ ਦੇ ਬੁਲਾਰੇ ਤੇ ਕੋਟਕਪੂਰਾ ਤੋਂ ਐਮਐਲਏ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਜਸਟਿਸ ਰਣਜੀਤ ਸਿੰਘ ਵੱਲੋਂ ਬਰਗਾੜੀ ਗੋਲੀ ਕਾਂਡ ਦੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਗਈ ਹੈ। ਇਸ ਵਿੱਚ 10 ਪੁਲੀਸ ਅਧਿਕਾਰੀਆਂ ਦੇ ਨਾਂ ਸ਼ਾਮਲ ਹਨ, ਇਸ ਦੇ ਬਾਵਜੂਦ ਸਰਕਾਰ ਨੇ ਇਸ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾਉਂਦੇ ਹੋਏ ਸੀਬੀਆਈ ਨੂੰ ਸੌਂਪ ਦਿੱਤਾ ਹੈ। ਸੰਧਵਾਂ ਨੇ ਕਿਹਾ ਕਿ ਜਦੋਂ ਇਸ ਮਾਮਲੇ ਬਾਰੇ ਐਸਆਈਟੀ ਜਾਂਚ ਕਰ ਚੁੱਕੀ ਹੈ ਤਾਂ ਅਜਿਹੇ ਵਿੱਚ ਸੀਬੀਆਈ ਨੂੰ ਕੇਸ ਸੌਂਪਣਾ ਨਿਰਪੱਖ ਧਿਰਾਂ ਵਿਚ ਸ਼ੱਕ ਪੈਦਾ ਕਰਦਾ ਹੈ। ਉਨ੍ਹਾਂ ਕੈਪਟਨ ਸਰਕਾਰ ਨੂੰ ਚੌਕਸ ਕਰਦਿਆਂ ਕਿਹਾ ਕਿ ਜੇ ਇਸ ਮਸਲੇ ਨੂੰ ਹੱਲ ਕਰਨ ਵਿੱਚ ਢਿੱਲਮੱਠ ਦੀ ਰਣਨੀਤੀ ਅਪਣਾਈ ਗਈ ਤਾਂ ਕਾਂਗਰਸ ਵੀ ਬਾਦਲ ਸਰਕਾਰ ਵਾਂਗ ਲੋਕ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਦੋਸ਼ੀਆਂ ਦੀ ਪਛਾਣ ਤੇ ਕਮਿਸ਼ਨ ਦੀ ਰਿਪੋਰਟ ਨੂੰ ਜਨਤਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਵਿਚ ਸ਼ਾਮਿਲ ਪੁਲੀਸ ਅਧਿਕਾਰੀਆਂ ਤੇ ਉਸ ਸਮੇਂ ਦੇ ਸੱਤਾਧਾਰੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

Call for more Info:
Phone: (209) 242-9569, (209) 564-8899, (209) 345-6968
2101 MARTIN LUTHER KING JR WAY STOCKTON, CA 95205

# ਬਹਿਬਲ ਕਲਾਂ ਗੋਲੀਕਾਂਡ ਮਾਮਲੇ 'ਚ ਐਸਐਸਪੀ ਸਮੇਤ ਚਾਰ ਪੁਲਸ ਅਧਿਕਾਰੀਆਂ 'ਤੇ ਕੇਸ ਦਰਜ

- ਬਰਗਾੜੀ ਮੋਰਚੇ ਨੂੰ ਮਿਲੀ ਵੱਡੀ ਸਫ਼ਲਤਾ
- ਪਹਿਲਾਂ ਅਣਪਛਾਤੇ ਪੁਲਿਸ ਵਾਲਿਆਂ ਦੇ ਨਾਮ ਦਰਜ ਸੀ ਐਫਆਈਆਰ
- ਐਸਐਚਓ ਸਮੇਤ ਪੰਜ ਪੁਲਿਸ ਵਾਲਿਆਂ ਦੀ ਭੂਮਿਕਾ ਦੀ ਵੀ ਜਾਂਚ ਹੋਵੇਗੀ

**ਕੋਟਕਪੂਰਾ/ਬਿਊਰੋ ਨਿਊਜ਼ :** ਪੰਜਾਬ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨਾਲ ਜੁੜੇ ਮਾਮਲਿਆਂ ਦੀ ਜਾਂਚ ਲਈ ਬਣੇ ਰਿਟਾਇਰਡ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਸਿਫਾਰਿਸ਼ਾਂ ਉੱਤੇ ਐਫਆਈਆਰ ਵਿੱਚ ਚਾਰ ਪੁਲਿਸ ਅਫਸਰਾਂ ਦੇ ਨਾਮ ਸ਼ਾਮਲ ਕਰ ਲਏ ਗਏ ਹਨ। ਇਹ ਕਾਰਵਾਈ ਬੇਅਦਬੀ ਦੇ ਖਿਲਾਫ ਪ੍ਰਦਰਸ਼ਨ ਦੇ ਦੌਰਾਨ ਫਾਇਰਿੰਗ ਵਿੱਚ ਦੋ ਸਿੱਖ ਨੌਜਵਾਨਾਂ ਦੀ ਮੌਤ ਦੇ ਮਾਮਲੇ ਵਿੱਚ ਕੀਤੀ ਗਈ ਹੈ। ਕਾਰਵਾਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮ ਉੱਤੇ ਹੋਈ। ਫਰੀਦਕੋਟ ਦੇ ਐਸਐਸਪੀ ਰਾਜ ਬਚਨ ਸਿੰਘ ਸੰਧੂ ਨੇ ਦੱਸਿਆ ਕਿ ਮੋਗਾ ਦੇ ਤਤਕਾਲੀ ਐਸਐਸਪੀ ਚਰਨਜੀਤ ਸਿੰਘ, ਫਾਜਿਲਕਾ ਦੇ ਸਾਬਕਾ ਐਸਪੀ ਬਿਕਰਮਜੀਤ ਸਿੰਘ ਦੇ ਨਾਲ ਇੰਸਪੈਕਟਰ ਪ੍ਰਦੀਪ ਸਿੰਘ ਅਤੇ ਐਸਆਈ ਅਮਰਜੀਤ ਸਿੰਘ ਦੇ ਨਾਮ ਵੀ ਐਫਆਈਆਰ ਵਿੱਚ ਆ ਗਏ ਹਨ। ਚਰਨਜੀਤ ਸਿੰਘ ਅਤੇ ਬਿਕਰਮਜੀਤ ਸਿੰਘ ਰਿਟਾਇਰ ਹੋ ਚੁੱਕੇ ਹਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਪਿਛਲੇ ਮਹੀਨੇ ਸੀਐਮ ਨੂੰ ਸੌਂਪੀ ਗਈ ਰਿਪੋਰਟ ਦੇ ਪਹਿਲੇ ਹਿੱਸੇ ਵਿੱਚ ਇਸ ਚਾਰ ਪੁਲਿਸ ਅਫਸਰਾਂ ਦੇ ਨਾਮ ਸ਼ਾਮਿਲ ਕਰਦੇ ਹੋਏ ਸਿਫਾਰਿਸ਼ ਕੀਤੀ ਸੀ ਕਿ ਇਨ੍ਹਾਂ ਨੂੰ ਆਰੋਪੀ ਦੇ ਤੌਰ ਉੱਤੇ ਨਾਮਜ਼ਦ ਕੀਤਾ ਜਾਵੇ। ਜਦੋਂ ਕਿ ਐਫਆਈਆਰ ਵਿੱਚ ਹੁਣ ਤੱਕ ਅਣਜਾਣ ਪੁਲਿਸ ਵਾਲਿਆਂ ਦਾ ਜ਼ਿਕਰ ਸੀ। ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਇਸ ਮਾਮਲੇ ਵਿੱਚ ਪੰਜ ਹੋਰ ਪੁਲਿਸ ਅਫਸਰਾਂ ਅਤੇ ਮੁਲਾਜ਼ਮਾਂ ਦੀ ਭੂਮਿਕਾ ਦੀ ਵੀ ਜਾਂਚ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਅਨੁਸਾਰ ਮੋਗਾ ਦੇ ਤਤਕਾਲੀ ਐਸਐਸਪੀ ਚਰਨਜੀਤ ਦੇ ਸੁਰੱਖਿਆ ਗਾਰਡ ਰਹੇ ਸ਼ਮਸ਼ੇਰ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਪਰਮਿੰਦਰ ਸਿੰਘ ਤੇ ਥਾਣਾ ਲਾਡੋਵਾਲ ਦੇ ਇੰਚਾਰਜ ਇੰਸਪੈਕਟਰ ਹਰਪਾਲ ਸਿੰਘ ਦੀ ਮਾਮਲੇ ਵਿੱਚ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ। ਇਸ ਦੇ ਬਾਅਦ ਹੀ ਅੱਗੇ ਦੀ ਕਾਰਵਾਈ ਹੋਵੇਗੀ। ਮੁੱਖ ਮੰਤਰੀ ਨੇ 30 ਜੁਲਾਈ ਨੂੰ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪਣ ਦਾ ਐਲਾਨ ਕੀਤਾ ਸੀ। ਸੂਤਰਾਂ ਦਾ ਦੱਸਣਾ ਹੈ ਕਿ ਤਾਜ਼ਾ ਘਟਨਾਕ੍ਰਮ ਸਿਆਸੀ ਦਬਾਅ ਹੇਠ ਹੀ ਵਾਪਰਿਆ ਹੈ। ਬਰਗਾੜੀ ਵਿੱਚ ਸਿੱਖ ਜਥੇਬੰਦੀਆਂ ਵੱਲੋਂ ਮੋਰਚਾ ਲਗਾਇਆ ਹੋਣ ਕਾਰਨ ਵੀ ਸਰਕਾਰ 'ਤੇ ਦਬਾਅ ਵਧ ਰਿਹਾ ਹੈ।





**ਕੀ ਹੈ ਪੂਰਾ ਮਾਮਲਾ :** 12 ਅਕਤੂਬਰ 2015 ਨੂੰ ਪਿੰਡ ਬਰਗਾੜੀ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਬਾਅਦ ਪਿੰਡ ਬਹਿਬਲ ਕਲਾਂ ਦੀ ਮੁੱਖ ਸੜਕ ਉੱਤੇ ਤੇ ਕੋਟਕਪੂਰਾ ਦੇ ਮੇਨ ਚੌਕ ਉੱਤੇ 14 ਅਕਤੂਬਰ ਨੂੰ ਪੁਲਿਸ ਨੇ ਪ੍ਰਦਰਸ਼ਨ ਕਰ ਰਹੇ ਲੋਕਾਂ ਉੱਤੇ ਫਾਇਰਿੰਗ ਤੇ ਲਾਠੀਚਾਰਜ ਕੀਤਾ ਸੀ। ਇਸ ਦੌਰਾਨ ਪ੍ਰਦਰਸ਼ਨ ਕਰ ਰਹੇ ਕ੍ਰਿਸ਼ਨ ਭਗਵਾਨ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਜਦੋਂ ਕਿ 10 ਤੋਂ ਜ਼ਿਆਦਾ ਸਿੱਖ ਜਖਮੀ ਹੋਏ ਸਨ। ਜਾਂਚ ਦੇ ਦੌਰਾਨ ਪੁਲਿਸ ਨੇ ਆਪਣੇ ਆਪ ਨੂੰ ਵੀ ਬਚਾਉਣ ਦੀ ਵੀ ਕੋਸ਼ਿਸ਼ ਕੀਤੀ। ਇੱਕ ਰਿਪੋਰਟ ਦੇ ਅਨੁਸਾਰ ਘਟਨਾ ਵਿੱਚ ਚਲਾਈ ਗਈ ਦੋ ਗੋਲੀਆਂ ਕਈ ਮਹੀਨੇ ਤੱਕ ਥਾਣੇ ਵਿੱਚ ਹੀ ਰੱਖੀਆਂ ਗਈਆਂ। ਬਾਅਦ ਵਿੱਚ ਦੋ ਜਗ੍ਹਾ ਫੌਰੈਂਸਿਕ ਜਾਂਚ ਹੋਈ। ਪੰਜਾਬ ਦੀ ਲੈਬ ਵਿੱਚ ਜਾਂਚ ਦੇ ਦੌਰਾਨ ਦੱਸਿਆ ਗਿਆ ਕਿ ਇਹ ਗੋਲੀਆਂ ਪੁਲਿਸ ਦੇ ਕਿਸੇ ਹਥਿਆਰ ਤੋਂ ਨਹੀਂ ਚੱਲੀਆਂ। ਕੇਂਦਰ ਦੀ ਲੈਬ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਦੋਨਾਂ ਗੋਲੀਆਂ ਨੂੰ ਜਾਂਚ ਲਈ ਭੇਜਣ ਤੋਂ ਪਹਿਲਾਂ ਟੈਂਪਰ ਕਰ ਦਿੱਤਾ ਗਿਆ ਸੀ ।

## ਭਾਈ ਧਿਆਨ ਸਿੰਘ ਮੰਡ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਤਾਰੀਫ਼

ਬਹਿਬਲ ਕਲਾਂ ਵਿਖੇ ਵਾਪਰੇ ਗੋਲੀ ਕਾਂਡ ਦੌਰਾਨ ਥਾਣਾ ਬਾਜਾਖਾਨਾ ਵਿਖੇ ਪੰਜਾਬ ਪੁਲਿਸ ਦੇ ਚਾਰ ਅਧਿਕਾਰੀਆਂ ਨੂੰ ਨਾਮਜ਼ਦ ਕਰਨ 'ਤੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀਆਂ ਵਲੋਂ 1 ਜੂਨ ਤੋਂ ਆਰੰਭ ਕੀਤੇ ਗਏ ਸੰਘਰਸ਼ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੇ ਉਸ ਤੋਂ ਬਾਅਦ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਵਾਪਰੇ ਗੋਲੀ ਕਾਂਡ ਦੌਰਾਨ ਸਿੱਖ ਨੌਜਵਾਨ ਭਾਈ ਗੁਰਜੀਤ ਸਿੰਘ ਸਰਾਵਾਂ ਤੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਬਹਿਬਲ ਖ਼ੁਰਦ ਦੀ ਹੋਈ ਮੌਤ ਤੋਂ ਬਾਅਦ ਬਣੇ ਦਬਾਅ ਕਾਰਨ ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਵਲੋਂ ਚਾਰ ਪੁਲਿਸ ਅਧਿਕਾਰੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਭਾਈ ਮੰਡ ਨੇ ਦੋਸ਼ ਲਾਇਆ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਤੋਂ ਬਾਅਦ ਵੀ ਇਹ ਮਾਮਲਾ ਦਬਾਈ ਰੱਖਿਆ।



ਉਨ੍ਹਾਂ ਕੈਪਟਨ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੇ ਬੇਅਦਬੀ ਮਾਮਲੇ ਵਿਚ ਦੋਸ਼ੀ ਡੇਰਾ ਪ੍ਰੇਮੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਉਨ੍ਹਾਂ ਨੂੰ ਵੀ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤੇ ਇਸ ਮਾਮਲੇ ਵਿਚ ਜੋ ਹੋਰ ਵੀ ਪੁਲਿਸ ਅਫ਼ਸਰ, ਪੁਲਿਸ ਮੁਲਾਜ਼ਮ ਸ਼ਾਮਿਲ ਹਨ, ਉਨ੍ਹਾਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇ। ਇਹ ਠੀਕ ਹੈ ਕਿ ਜਿਹੜੇ ਪੁਲਿਸ ਅਫ਼ਸਰਾਂ ਨੂੰ ਗੋਲੀ ਚਲਾਉਣ ਦੇ ਹੁਕਮ ਦਿੱਤੇ, ਜਿਨ੍ਹਾਂ ਗੋਲੀ ਚਲਾਈ, ਉਹ ਗੈਰ ਕਾਨੂੰਨੀ ਹੁਕਮ ਮੰਨਣ ਦੇ ਦੋਸ਼ੀ ਹਨ। ਉਨ੍ਹਾਂ ਨੂੰ ਬਣਦੀ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ। ਪ੍ਰੰਤੂ ਮੁੱਖ ਸਵਾਲ, ਜਿਸ ਦਾ ਜਵਾਬ ਕੌਮ ਮੰਗਦੀ ਹੈ। ਉਹ ਇਹ ਹੈ ਕਿ ਆਖ਼ਰ ਸ਼ਾਤਮਈ ਸਿੱਖ ਸੰਗਤਾਂ ਤੇ ਗੋਲੀ ਚਲਾਉਣ ਦੇ ਹੁਕਮ ਕਿਥੋਂ ਆਏ ? ਉਸ ਵੇਲੇ ਸਿੱਖ ਸੰਗਤਾਂ ਤੇ ਗੋਲੀ ਚਲਾਉਣ ਦਾ ਫ਼ੈਸਲਾ ਕੋਈ ਐਸ ਐਸ ਪੀ ਪੱਧਰ ਦਾ ਪੁਲਿਸ ਅਫ਼ਸਰ ਨਹੀਂ ਲੈ ਸਕਦਾ ਸੀ। ਉਨ੍ਹਾਂ ਨੇ ਕੈਪਟਨ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸੰਬੰਧੀ ਸਿੱਖ ਪੰਥ ਨੂੰ ਇਨਸਾਫ਼ ਦਿੱਤਾ ਜਾਵੇ ਕਿ ਉਸ ਵੇਲੇ ਦੇ ਮੁੱਖ ਮੰਤਰੀ ਨੂੰ ਉਸ ਵੇਲੇ ਦੇ ਡੀ ਜੀ ਪੀ ਨੇ ਆਖ਼ਿਰ ਅੱਧੀ ਰਾਤ ਨੂੰ ਜਗਾ ਕੇ ਕਿਹੜੀਆਂ ਹਦਾਇਤਾਂ ਲਈਆਂ ਸਨ ?

## ਡੇਰਾ ਪ੍ਰੇਮੀ ਨੇ ਹੱਥਾਂ ਨਾਲ ਬਣਾਏ ਸਨ ਸਿੱਖਾਂ ਵਿਰੁਧ ਭੜਕਾਊ ਪੋਸਟਰ

**ਬਰਗਾੜੀ**-ਬੁਰਜ ਜਵਾਹਰ ਵਾਲਾ ਤੇ ਬਰਗਾੜੀ ਪਿੰਡਾਂ ਵਿਚ ਅਕਤੂਬਰ 2015 ਵਿਚ ਮਿਲੇ ਬੇਅਦਬੀ ਵਾਲੇ ਪੋਸਟਰਾਂ ਨੂੰ ਲਿਖਣ ਵਾਲੇ ਦੀ ਪਛਾਣ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਕਰੀਬ 450 ਸ਼ੱਕੀਆਂ ਦੀ ਹੱਥ ਲਿਖਤ ਦੇ ਅਧਿਐਨ ਮਗਰੋਂ ਹੋਈ ਹੈ। ਇਨ੍ਹਾਂ ਪੋਸਟਰਾਂ ਕਰਕੇ ਹੀ ਹਿੰਸਾ ਮਗਰੋਂ ਪੁਲੀਸ ਫਾਇਰਿੰਗ ਹੋਈ ਸੀ। ਇਹ ਖ਼ੁਲਾਸਾ ਸੀਬੀਆਈ ਨੂੰ ਸੌਂਪੀ ਗਈ ਰਿਪੋਰਟ ਵਿਚ ਹੋਇਆ ਹੈ। ਡੀਆਈਜੀ ਰਣਬੀਰ ਖਟੜਾ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ ਨੇ ਇਹ ਵੀ ਪਰਦਾਫਾਸ਼ ਕੀਤਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਖਿਲਾਫ਼ ਬਣੀ 25 ਮੈਂਬਰੀ ਐਕਸ਼ਨ ਕਮੇਟੀ ਦੇ ਇਕ ਵਿਅਕਤੀ ਨੇ ਏ-4 ਸਾਈਜ਼ ਦੇ 10 ਕਾਗਜ਼ ਮੁਲਜ਼ਮ ਨੂੰ ਵੇਚੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਤੱਥ ਸਿੱਟ ਵੱਲੋਂ ਕੀਤੀ ਗਈ ਪੁੱਛ-ਗਿੱਛ ਦੌਰਾਨ ਸਾਹਮਣੇ ਆਇਆ। ਡੇਰਾ ਮੁਖੀ ਦੇ ਨਿੱਜੀ ਅਮਲੇ ਦੇ ਮੈਂਬਰ ਸਾਜ਼ਿਸ਼ ਵਿਚ ਸ਼ਾਮਲ ਸਨ। ਰਿਪੋਰਟ ਮੁਤਾਬਕ ਕੋਟਕਪੂਰਾ ਦੇ ਵਸਨੀਕ ਅਤੇ ਸਿਰਸਾ ਡੇਰੇ ਦੇ ਪ੍ਰੇਮੀ ਸੁਖਜਿੰਦਰ ਉਰਫ਼ ਸੰਨੀ ਨੇ ਕਾਲੇ ਮਾਰਕਰ ਨਾਲ ਪੋਸਟਰ ਲਿਖੇ ਸਨ। ਪਿੰਡ ਬਰਗਾੜੀ ਦੇ ਗੋਪਾਲ ਕੁਮਾਰ ਨੇ ਇਹ 10 ਕਾਗਜ਼ ਡੱਗੋ ਰੋਮਾਣਾ ਪਿੰਡ ਦੇ ਸ਼ਕਤੀ ਸਿੰਘ ਨੂੰ ਵੇਚੇ ਸਨ ਜਿਸ ਨੇ ਅੱਗੇ ਸੰਨੀ ਨੂੰ ਦੇ ਦਿੱਤੇ। ਗੋਪਾਲ ਕੁਮਾਰ ਨੇ ਪਹਿਲਾਂ ਕਿਤੇ ਵੀ ਇਹ ਬਿਆਨ ਨਹੀਂ ਦਿੱਤਾ ਹੈ। ਸੰਨੀ ਦੇ ਸੈਂਪਲ ਲੈਣ ਮਗਰੋਂ ਹੀ ਉਸ ਦੀ ਜੂਨ ਵਿਚ ਗ੍ਰਿਫ਼ਤਾਰੀ ਸੰਭਵ ਹੋ ਸਕੀ। ਬੇਅਦਬੀ

ਬਾਕੀ ਸਫ਼ਾ 26 'ਤੇ

## ਪੰਥਕ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਡੀਜੀਪੀ

ਜਥੇਦਾਰ ਧਿਆਨ ਸਿੰਘ ਮੰਡ ਅਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਡੀਜੀਪੀ 'ਤੇ ਦੋਸ਼ ਮੜ੍ਹੇ ਕਿ ਉਹ ਅਕਾਲੀ ਦਲ ਦੇ ਆਗੂਆਂ ਨੂੰ ਬਚਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਹੁਣ ਤੱਕ ਪੰਜਾਬ ਪੁਲੀਸ ਨੇ ਜੋ ਕਾਰਵਾਈ ਕੀਤੀ ਹੈ, ਉਹ ਬਾਦਲ ਪਰਿਵਾਰ ਅਤੇ ਸੌਦਾ ਸਾਧ ਨੂੰ ਖ਼ੁਸ਼ ਕਰਨ ਵਾਲੀ ਹੀ ਕੀਤੀ ਹੈ।

ਜਥੇਦਾਰਾਂ ਨੇ ਇਹ ਵੀ ਆਖਿਆ ਕਿ ਪੰਜਾਬ ਪੁਲੀਸ ਦੇ ਮੁਖੀ ਦੀ ਸ਼ੱਕੀ ਭੂਮਿਕਾ ਕਾਰਨ ਹੀ ਅਜੇ ਤੀਕ ਗੋਲੀ ਕਾਂਡ ਅਤੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲ ਸਕੀਆਂ ਹਨ ਤੇ ਪੀੜਤ ਇਨਸਾਫ਼ ਤੋਂ ਦੂਰ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਅਦਬੀ ਕਾਂਡ ਵਿੱਚ ਸ਼ਾਮਲ ਸਿਆਸੀ ਆਗੂਆਂ 'ਤੇ ਵੀ ਕਾਰਵਾਈ ਕੀਤੀ ਜਾਵੇ।

# ਸਿੱਖ ਜਥੇਬੰਦੀਆਂ ਵੱਲੋਂ ਬੇਅਦਬੀ ਕਾਂਡ ਦੀ ਜਾਂਚ ਸੀਬੀਆਈ ਨੂੰ ਸੌਂਪਣ ਵਿਰੁੱਧ ਰੋਸ-ਮੁਜ਼ਾਹਰਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਥਕ ਤਾਲਮੇਲ ਸੰਗਠਨ ਦੇ ਝੰਡੇ ਹੇਠ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਬਰਗਾੜੀ ਕਾਂਡ ਦੀ ਜਾਂਚ ਨੂੰ ਸਰਕਾਰ ਵੱਲੋਂ ਸੀਬੀਆਈ ਦੇ ਹਵਾਲੇ ਕਰਨ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਨੂੰ ਜਨਤਕ ਕਰਨ ਦੇ ਵਿਰੋਧ ਵਿਚ ਸਰਕਾਰ ਖ਼ਿਲਾਫ਼ ਰੋਸ ਵਿਖਾਵਾ ਕੀਤਾ ਗਿਆ। ਇਸ ਸਬੰਧੀ ਇਥੇ ਭੰਡਾਰੀ ਪੁਲ 'ਤੇ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਤਖ਼ਤੀਆਂ ਲੈ ਕੇ ਰੋਸ ਵਿਖਾਵਾ ਕੀਤਾ ਅਤੇ ਧਰਨਾ ਦਿੱਤਾ। ਰੋਸ ਧਰਨੇ ਦੀ ਅਗਵਾਈ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕੀਤੀ। ਉਨ੍ਹਾਂ ਨਾਲ ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਆਗੂ ਜਸਵਿੰਦਰ ਸਿੰਘ ਐਡਵੋਕੇਟ, ਸੁਖਵਿੰਦਰ ਸਿੰਘ ਗੋਇੰਦਵਾਲ, ਰਛਪਾਲ ਸਿੰਘ ਹੁਸ਼ਿਆਰਪੁਰ, ਪ੍ਰਭਸ਼ਰਨ ਸਿੰਘ ਲੁਧਿਆਣਾ ਤੇ ਹੋਰ ਸਿੱਖ ਆਗੂ ਹਾਜ਼ਰ ਸਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਰਗਾੜੀ ਕੇਸ ਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਨੂੰ ਸੀਬੀਆਈ ਹਵਾਲੇ ਕਰਨ ਦਾ ਵਿਰੋਧ ਕਰਦਿਆਂ ਪੰਥਕ ਜਥੇਬੰਦੀਆਂ ਦੇ ਬੁਲਾਰਿਆਂ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿੱਚ ਮੁੱਖ ਮੰਤਰੀ ਦੀ ਨੀਅਤ ਸਾਫ਼ ਨਹੀਂ ਹੈ। ਉਹ ਦੋਸ਼ੀਆਂ ਤੇ ਪਿਛਲੀ ਸਰਕਾਰ ਦੇ ਆਗੂਆਂ ਨੂੰ ਬਚਾਉਣ ਲਈ ਇਸ ਦੀ ਜਾਂਚ ਸੀਬੀਆਈ ਨੂੰ ਸੌਂਪ ਰਹੀ ਹੈ। ਉਨ੍ਹਾਂ ਆਖਿਆ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਜਨਤਕ ਕੀਤਾ ਜਾਵੇ ਤੇ ਰਿਪੋਰਟ ਵਿਚ ਜਿਨ੍ਹਾਂ ਪੁਲੀਸ ਅਧਿਕਾਰੀਆਂ ਦੀ ਬਹਿਬਲ ਕਲਾਂ ਗੋਲੀ ਕਾਂਡ 'ਚ ਸ਼ਮੂਲੀਅਤ ਦੱਸੀ ਗਈ ਹੈ, ਉਨ੍ਹਾਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ।





ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਸਿਆਟਲ 'ਚ 19 ਅਗਸਤ ਨੂੰ ਹੋਣਗੇ ਬੱਚਿਆਂ ਦੇ ਖੇਡ ਮੁਕਾਬਲੇ

**ਸਿਆਟਲ /ਗੁਰਚਰਨ ਸਿੰਘ ਢਿੱਲੋਂ**

ਨੌਂਵੇਂ ਚਿਲਡਰਨ ਸਮਰ ਸਪੋਰਟਸ ਕੈਂਪ ਦੇ ਸਮਾਪਤੀ ਸਮਾਰੋਹ ਮੌਕੇ 19 ਅਗਸਤ, ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਬੱਚਿਆਂ ਦੇ ਖੇਡ ਮੁਕਾਬਲੇ ਹੋਣਗੇ। ਇਹ ਮੁਕਾਬਲੇ ਵਿਲਸਨ ਪਲੇਅ ਫੀਲਡਜ਼ ਕੈਂਟ (248 ਸਟਰੀਟ 'ਤੇ 132 ਐਵੀਨਿਊ) ਕੈਂਟ ਵਿਚ ਹੋਣਗੇ, ਜਿੱਥੇ ਜੇਤੂਆਂ ਬੱਚਿਆਂ ਨੂੰ ਇਨਾਮ ਦਿੱਤੇ ਜਾਣਗੇ।

ਗੌਰਤਲਬ ਹੈ ਕਿ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰੇਕ ਸਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਇਹ ਖੇਡ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ, ਜਿੱਥੇ ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ, ਸਗੋਂ ਬੱਚਿਆਂ ਨੂੰ ਮੁਫ਼ਤ ਸਪੋਰਟਸ ਕਿੱਟਾਂ ਤੇ ਰਿਫਰੈਸ਼ਮੈਂਟ ਮੁਫ਼ਤ ਦਾਨੀ ਸੱਜਣਾਂ ਵਲੋਂ ਦਿੱਤੀ ਜਾਂਦੀ ਹੈ।

ਇਸ ਵਾਰ ਦੇ ਨੌਂਵੇਂ ਖੇਡ ਕੈਂਪ ਨੂੰ ਰਾਜਬੀਰ ਸਿੰਘ ਸੰਧੂ ਅਤੇ ਜਸਪਾਲ 'ਜੈਗ ਬਸਰਾ' ਵਲੋਂ ਸਪਾਂਸਰ ਕੀਤਾ ਗਿਆ ਹੈ। 19 ਅਗਸਤ ਸ਼ਾਮ ਨੂੰ ਸਿਆਟਲ ਦੇ ਖੇਡ ਪ੍ਰੇਮੀਆਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ ਤਾਂ ਜੋ ਬੱਚਿਆਂ ਦੀ ਹੌਂਸਲਾ-ਅਫ਼ਜ਼ਾਈ ਕੀਤੀ ਜਾ ਸਕਦੇ। ਖੇਡ ਕੈਂਪ ਦੌਰਾਨ ਬੱਚਿਆਂ ਦਾ ਆਪਸੀ ਮਿਲਵਰਤਣ, ਪਿਆਰ ਮੁਹੱਬਤ ਅਤੇ ਸਾਂਝ ਵਧਦੀ ਹੈ ਅਤੇ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਵਿਰਸੇ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਂਦਾ ਹੈ। ਪੰਜਾਬੀ ਭਾਈਚਾਰੇ ਵਲੋਂ ਖੇਡ ਕੈਂਪ ਵਾਸਤੇ ਪੂਰਾ ਸਹਿਯੋਗ ਮਿਲ ਰਿਹਾ ਹੈ, ਜਿਸ ਦਾ 200 ਤੋਂ ਵੱਧ ਬੱਚੇ ਲਾਭ ਉਠਾ ਰਹੇ ਹਨ। ਸਿਆਟਲ ਦੇ ਨੌਜਵਾਨਾਂ ਵਲੋਂ ਮਿਲ ਕੇ ਸਮਾਪਤੀ ਸਮਾਰੋਹ ਮੌਕੇ 19 ਅਗਸਤ ਨੂੰ ਰਿਫਰੈਸ਼ਮੈਂਟ ਵੀ ਮੁਹੱਈਆ ਕਰਵਾਈ ਜਾ ਰਹੀ ਹੈ।

## ਸ਼ੇਰ-ਏ-ਪੰਜਾਬ ਨਿਊਯਾਰਕ ਦੇ ਐਡੀਟਰ ਬਲਦੇਵ ਸਿੰਘ ਗਰੇਵਾਲ ਗੋਲਡ ਮੈਡਲ ਨਾਲ ਸਨਮਾਨਤ

**ਨਿਊਯਾਰਕ/ਹੁਸਨ ਲੜੋਆ ਬੰਗਾ** :ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ ਵਲੋਂ ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਦਾ 300ਵਾਂ ਜਨਮ ਦਿਹਾੜਾ ਸਥਾਨਕ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ।



ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਦੁਆਰਾ ਸੰਤ ਸਾਗਰ, ਗੁਰਦੁਆਰਾ ਸਿੱਖ ਸੈਂਟਰ ਫਲੱਸ਼ਿੰਗ ਅਤੇ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ ਮਨਾਏ ਇਸ ਸਮਾਗਮ ਵਿਚ ਡਾ. ਸੁਖਪ੍ਰੀਤ ਸਿੰਘ ਉਬੋਕੇ, ਡਾ. ਅਮਰਜੀਤ ਸਿੰਘ, ਹਰਿੰਦਰ ਸਿੰਘ ਟੈਕਸਸ ਆਦਿ ਵਿਦਵਾਨਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੇ ਗੌਰਵਮਈ ਇਤਿਹਾਸ ਦੀਆਂ ਪਰਤਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਸ਼ੇਰ-ਏ-ਪੰਜਾਬ ਦੇ ਐਡੀਟਰ ਬਲਦੇਵ ਸਿੰਘ ਗਰੇਵਾਲ ਨੂੰ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ। ਗਰੇਵਾਲ ਪਿਛਲੇ ਪੰਜਾਹ ਸਾਲਾਂ ਤੋਂ ਪੰਜਾਬੀ ਪੱਤਰਕਾਰੀ ਨਾਲ ਜੁੜੇ ਹੋਏ ਹਨ। ਉਹ ਲੰਬਾ ਅਰਸਾ ਰੋਜ਼ਾਨਾ ਅਜੀਤ ਦੇ ਮੈਗਜ਼ੀਨ ਐਡੀਟਰ ਵੀ ਰਹਿ ਚੁੱਕੇ ਹਨ।

## ਦਿੱਲੀ ਪੁਲਿਸ ਵੱਲੋਂ ਕੇਜਰੀਵਾਲ, ਸਿਸੋਦੀਆ ਅਤੇ 11 ਵਿਧਾਇਕਾਂ ਖ਼ਿਲਾਫ਼ ਚਾਰਜਸ਼ੀਟ

**ਨਵੀਂ ਦਿੱਲੀ/ਬਿਊਰੋ ਨਿਊਜ਼** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀਆਂ ਮੁਸ਼ਕਲਾਂ 'ਚ ਵਾਧਾ ਹੋਣ ਦੀ ਸੰਭਾਵਨਾ ਹੈ।ਦਿੱਲੀ ਸਰਕਾਰ ਦੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਨਾਲ ਮੁੱਖ ਮੰਤਰੀ ਰਿਹਾਇਸ਼ 'ਤੇ ਕੁੱਟਮਾਰ ਦੇ ਮਾਮਲੇ 'ਚ ਦਿੱਲੀ ਪੁਲਿਸ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕਰ ਦਿੱਤਾ ਹੈ। ਪਟਿਆਲਾ ਹਾਊਸ ਕੋਰਟ 'ਚ ਦਾਖ਼ਲ ਕੀਤੀ ਚਾਰਜਸ਼ੀਟ 'ਚ ਕੇਜਰੀਵਾਲ ਤੇ ਸਿਸੋਦੀਆ ਤੋਂ ਇਲਾਵਾ 11 ਵਿਧਾਇਕਾਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਕੁੱਟਮਾਰ ਤੇ ਬਦਸਲੂਕੀ ਦੇ ਇਸ ਮਾਮਲੇ 'ਚ ਦਿੱਲੀ ਪੁਲਿਸ ਨੇ ਕੁੱਲ 13 ਵਿਅਕਤੀਆਂ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕੀਤਾ ਹੈ। ਦਿੱਲੀ ਪੁਲਿਸ ਨੇ ਪਟਿਆਲਾ ਹਾਊਸ ਕੋਰਟ ਨੰਬਰ-16 'ਚ ਸੀਲਬੰਦ ਲਿਫ਼ਾਫ਼ੇ 'ਚ 1533 ਪੰਨਿਆਂ ਦਾ ਦੋਸ਼ ਪੱਤਰ ਦਾਖ਼ਲ ਕੀਤਾ ਹੈ। ਜਾਣਕਾਰੀ ਮੁਤਾਬਿਕ ਪੁਲਿਸ ਨੇ ਕਈ ਵਿਅਕਤੀਆਂ ਦੇ ਬਿਆਨ ਅਤੇ ਸਬੂਤਾਂ ਦੇ ਆਧਾਰ 'ਤੇ ਦੋਸ਼ ਪੱਤਰ ਤਿਆਰ ਕੀਤਾ ਹੈ ਅਤੇ ਇਸ ਪੂਰੇ ਮਾਮਲੇ 'ਚ ਕੇਜਰੀਵਾਲ ਦੇ ਸਾਬਕਾ ਸਲਾਹਕਾਰ ਵੀ. ਕੇ. ਜੈਨ ਨੂੰ ਮੁੱਖ ਸਰਕਾਰੀ ਗਵਾਹ ਬਣਾਇਆ ਹੈ। ਦੱਸਣਯੋਗ ਹੈ ਕਿ ਅੰਸ਼ੂ ਪ੍ਰਕਾਸ਼ ਨਾਲ ਕੁੱਟਮਾਰ ਕਰਨ ਦੇ ਦੋਸ਼ 'ਚ ਆਮ ਆਦਮੀ ਪਾਰਟੀ ਦੇ 2 ਵਿਧਾਇਕ ਪ੍ਰਕਾਸ਼ ਜਰਵਾਲ ਅਤੇ ਅਮਾਨਤੁੱਲਾਹ ਖ਼ਾਨ ਜੇਲ੍ਹ ਵੀ ਗਏ ਸਨ, ਜਿਨ੍ਹਾਂ ਨੂੰ ਹੁਣ ਅਦਾਲਤ ਤੋਂ ਜ਼ਮਾਨਤ ਮਿਲੀ ਹੋਈ ਹੈ। ਇਸ ਮਾਮਲੇ 'ਚ ਦਿੱਲੀ ਪੁਲਿਸ ਵਲੋਂ ਕੇਜਰੀਵਾਲ ਅਤੇ ਸਿਸੋਦੀਆ ਪਾਸੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ।

## ਲੈਫਟੀਨੈਂਟ ਜਨਰਲ ਨਰਿੰਦਰਪਾਲ ਸਿੰਘ ਹੀਰਾ ਅਮਰੀਕਾ ਦੌਰੇ 'ਤੇ

**ਫਰੀਮਾਂਟ/ਬਿਊਰੋ ਨਿਊਜ਼** : ਸਾਲ 2016 ਤੋਂ ਪੰਜਾਬ ਦੇ ਪਟਿਆਲਾ ਵਿਖੇ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਦੇ ਤੌਰ 'ਤੇ ਸੇਵਾ ਨਿਭਾ ਰਹੇ ਲੈਫਟੀਨੈਂਟ ਜਨਰਲ ਨਰਿੰਦਰਪਾਲ ਸਿੰਘ ਹੀਰਾ ਅਮਰੀਕਾ ਦੇ ਦੌਰੇ 'ਤੇ ਹਨ। ਉਹ ਆਪਣੀ ਪਤਨੀ ਸਮੇਤ ਆਪਣੇ ਸਕੂਲ ਦੇ ਸਹਿਪਾਠੀ ਦੋਸਤ ਸ. ਰਾਜਿੰਦਰਪਾਲ ਸਿੰਘ ਢਿੱਲੋਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲੇ।

ਜ਼ਿਕਰਯੋਗ ਹੈ ਕਿ ਜਨਰਲ ਐਨਪੀਐੱਸ. ਹੀਰਾ ਨੇ ਸਰਕਾਰੀ ਹਾਈ ਸਕੂਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਤੋਂ ਸੰਨ 1972 ਵਿਚ ਹਾਈ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਸੀ। ਉਨ੍ਹਾਂ ਦੇ ਪਿਤਾ ਸਵ. ਮੇਹਰ ਸਿੰਘ ਹੀਰਾ ਉਸੇ ਹੀ ਸਕੂਲ ਵਿਚ ਪੜ੍ਹਾਉਂਦੇ ਸਨ। ਨਰਿੰਦਰਪਾਲ ਹੀਰਾ ਨੇ ਉੱਚੇ ਰੈਂਕ ਨਾਲ ਰਾਜ ਪੱਧਰ 'ਤੇ ਇਸ ਸਕੂਲ ਦਾ ਮਾਣ ਵਧਾਇਆ ਸੀ। ਉਨ੍ਹਾਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ (ਐਨਡੀਏ) ਵਿਚ ਇੱਕ ਫ਼ੌਜੀ ਅਫ਼ਸਰ ਵਜੋਂ



ਚੁਣਿਆ ਗਿਆ ਸੀ, ਜਿੱਥੇ ਉਨ੍ਹਾਂ ਨੇ ਸਾਲ 2016 ਤੱਕ ਭਾਰਤੀ ਫ਼ੌਜ ਦੇ ਡਿਪਟੀ ਚੀਫ਼ ਵਜੋਂ ਆਪਣੀ ਰਿਟਾਇਰਮੈਂਟ ਤੱਕ 42 ਸਾਲ ਤਕ ਸੇਵਾ ਨਿਭਾਈ। ਜਨਰਲ ਹੀਰਾ ਨੂੰ ਅਨੇਕ ਬਹਾਦਰੀ ਪੁਰਸਕਾਰ ਅਸ਼ੋਕ ਚੱਕਰ, ਕੀਰਤੀ ਚੱਕਰ, ਸ਼ੌਰਿਆ ਚੱਕਰ, ਅਤੀ ਵਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਯੂਨਿਟ ਨੇ 32 ਗੇਲੈਂਟਰੀ ਪੁਰਸਕਾਰ ਜਿੱਤੇ। ਇਸ ਮੌਕੇ ਇਕ ਸਵਾਲ ਦੇ ਜਵਾਬ ਵਿਚ ਸ. ਰਾਜਿੰਦਰਪਾਲ ਸਿੰਘ ਨੇ ਕਿਹਾ ਕਿ ਉਹ ਸਕੂਲ ਦੇ ਸਮੇਂ ਤੋਂ ਹੀ ਜਾਣਦੇ ਸਨ ਕਿ ਨਰਿੰਦਰ ਇੱਕ ਦਿਨ ਅਸਲੀ ਹੀਰਾ ਬਣੇਗਾ। ਉਨ੍ਹਾਂ ਮੁਸਕਰਾਹਟ ਨਾਲ ਜਵਾਬ ਦਿੱਤਾ ਕਿ ਅਜਿਹੀ ਵੱਖਰੀ ਸ਼ਖਸੀਅਤ ਦੀ ਸੰਗਤ ਕਰਕੇ ਉਹ ਖੁਦ ਨੂੰ ਸਨਮਾਨਿਤ ਮਹਿਸੂਸ ਕਰਦੇ ਹਨ। ਸ. ਢਿੱਲੋਂ ਨੇ ਕਿਹਾ ਕਿ ਮੈਨੂੰ ਆਪਣੇ ਦੋਸਤ ਜਨਰਲ ਹੀਰਾ ਦੇ ਸਮਰਪਣ, ਇਮਾਨਦਾਰੀ ਅਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿਚ ਉਨ੍ਹਾਂ ਦੀ ਚੇਅਰਮੈਨਸ਼ਿਪ ਹੇਠ ਗਜ਼ਟਿਡ ਅਧਿਕਾਰੀਆਂ ਦੀ ਚੋਣ ਵਿਚ ਮੈਰਿਟ ਆਧਾਰਿਤ ਸਿਲੈਕਸ਼ਨਾਂ 'ਤੇ ਮਾਣ ਹੈ।

## ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰਹੇਗਾ : ਦਲ ਖਾਲਸਾ

**ਚੰਡੀਗੜ੍ਹ/ਬਿਊਰੋ ਨਿਊਜ਼** :

ਸਿੱਖ ਕੌਮ ਦੀ ਸੰਘਰਸ਼ਸ਼ੀਲ ਜਥੇਬੰਦੀ ਦਲ ਖ਼ਾਲਸਾ ਨੇ ਸੰਘਰਸ਼ ਦੇ 40 ਸਾਲ ਪੂਰੇ ਕਰਨ 'ਤੇ ਚੰਡੀਗੜ੍ਹ ਵਿਚ ਸਮਾਗਮ ਕੀਤਾ ਗਿਆ। ਇਸ ਮੌਕੇ ਕੀਤੀ ਕਾਨਫ਼ਰੰਸ ਦੌਰਾਨ ਦਲ ਖਾਲਸਾ ਵੱਲੋਂ ਐਲਾਨ ਕੀਤਾ ਗਿਆ ਕਿ ਜਥੇਬੰਦੀ ਵੱਲੋਂ ਧਰਮ ਨਿਰਪੱਖ ਅਤੇ ਉਦਾਰਵਾਦੀ ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਆਜ਼ਾਦੀ ਦੀ ਪ੍ਰਾਪਤੀ ਤੱਕ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਾਂਤਮਈ ਅਤੇ ਲੋਕਤੰਤਰਿਕ ਵਸੀਲਿਆਂ ਰਾਹੀਂ ਖਾਲਸਾ ਰਾਜ ਦੀ ਬਹਾਲੀ ਲਈ ਜੂਝਿਆ ਜਾਵੇਗਾ। ਦਲ ਖ਼ਾਲਸਾ ਦੇ ਬਾਨੀ ਆਗੂ ਭਾਈ ਗਜਿੰਦਰ ਸਿੰਘ ਨੇ ਆਪਣੇ ਸੁਨੇਹੇ ਵਿਚ ਕਿਹਾ ਕਿ ਆਗੂਆਂ ਦੀ ਨਵੀਂ ਕਤਾਰ ਆਜ਼ਾਦੀ ਸੰਘਰਸ਼ ਨੂੰ ਅੱਗੇ ਲੈ ਕੇ ਜਾਵੇਗੀ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035




Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸ਼ੈਲਟਰ ਹੋਮਜ਼ ਵਿਚ ਵਧ ਰਹੀਆਂ ਨੇ ਕੁੜੀਆਂ ਦੇ ਬਲਾਤਕਾਰ ਅਤੇ ਗਾਇਬ ਹੋਣ ਦੀਆਂ ਵਾਰਦਾਤਾਂ

## *ਬਾਲਿਕਾ ਗ੍ਰਹਿ ਦੀਆਂ ਮੁਲਾਜ਼ਮ ਬੀਬੀਆਂ ਅਤੇ ਸਮਿਤੀ ਦੇ ਸੰਚਾਲਕ ਬਰਜੇਸ਼ ਠਾਕੁਰ ਸਮੇਤ ਘੱਟੋ-ਘੱਟ 10 ਵਿਅਕਤੀ ਹੋ ਚੁੱਕੇ ਨੇ ਗ੍ਰਿ.ਫ਼ਤਾਰ*




**ਦਿੱਲੀ/ਬਿਊਰੋ ਨਿਊਜ਼ :** ਹਾਲਾਂਕਿ ਭਾਰਤ ਵਿਚ ਸਰਕਾਰੀ ਅਤੇ ਗੈਰ-ਸਰਕਾਰੀ ਤੌਰ 'ਤੇ ਚਲਾਏ ਜਾ ਰਹੇ ਸ਼ੈਲਟਰ ਹੋਮਜ਼ ਵਿਚ ਲਗਾਤਾਰ ਕੁੜੀਆਂ ਤੇ ਔਰਤਾਂ ਬਲਾਤਕਾਰ ਅਤੇ ਗਾਇਬ ਹੋਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਬਿਹਾਰ ਵਿਚ ਮੁਜ਼ੱਫਰਪੁਰ ਦੇ ਬਾਲਿਕਾ ਗ੍ਰਹਿ ਵਿਚ ਔਰਤਾਂ ਦੇ ਸ਼ੋਸ਼ਣ ਦਾ ਇਕ ਮਾਮਲਾ ਇਸ ਸਾਲ ਦੇ ਸ਼ੁਰੂ ਵਿਚ ਸਾਹਮਣੇ ਆਇਆ, ਜਦੋਂ 31 ਮਈ ਨੂੰ ਬਿਹਾਰ ਸਰਕਾਰ ਨੇ ਪੁਲਸ ਕੋਲ ਇਕ ਸ਼ਿਕਾਇਤ ਦਰਜ ਕਰਵਾਈ, ਜਿਸ ਵਿਚ ਕਿਹਾ ਗਿਆ ਸੀ ਕਿ ਐੱਨ. ਜੀ. ਓ. 'ਸੇਵਾ ਸੰਕਲਪ ਤੇ ਵਿਕਾਸ ਸਮਿਤੀ' ਵਲੋਂ ਚਲਾਏ ਜਾਂਦੇ ਬਾਲਿਕਾ ਗ੍ਰਹਿ ਵਿਚ ਕਈ ਕੁੜੀਆਂ ਨੇ ਜਿਣਸੀ ਸ਼ੋਸ਼ਣ ਦੀ ਸ਼ਿਕਾਇਤ ਕੀਤੀ ਹੈ। ਪਹਿਲਾਂ ਉਥੇ 29 ਨਾਬਾਲਗ ਕੁੜੀਆਂ ਦਾ ਰੇਪ ਹੋਣਾ ਦੱਸਿਆ ਗਿਆ ਸੀ ਪਰ ਬਾਅਦ ਵਿਚ ਕਿਹਾ ਗਿਆ ਕਿ 29 ਨਹੀਂ, ਸਗੋਂ 34 ਨਾਬਾਲਗ ਕੁੜੀਆਂ ਦਾ ਰੇਪ ਹੋਇਆ। ਸੀ. ਬੀ. ਆਈ. ਦਾ ਦੋਸ਼ ਹੈ ਕਿ 'ਬਾਲਿਕਾ ਗ੍ਰਹਿ' ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਉਥੇ ਰਹਿ ਰਹੀਆਂ ਕੁੜੀਆਂ ਦਾ ਮਾਨਸਿਕ, ਸਰੀਰਕ ਅਤੇ ਸੈਕਸ ਸ਼ੋਸ਼ਣ ਕੀਤਾ। ਸਥਾਨਕ ਪੁਲਸ ਨੇ ਇਸ ਮਾਮਲੇ ਵਿਚ ਬਾਲਿਕਾ ਗ੍ਰਹਿ ਦੀਆਂ ਮੁਲਾਜ਼ਮ ਬੀਬੀਆਂ ਅਤੇ ਸਮਿਤੀ ਦੇ ਸੰਚਾਲਕ ਬਰਜੇਸ਼ ਠਾਕੁਰ ਸਮੇਤ ਘੱਟੋ-ਘੱਟ 10 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਐੱਨ. ਜੀ. ਓ. ਨੂੰ ਕਾਲੀ ਸੂਚੀ ਵਿਚ ਪਾ ਦਿੱਤਾ ਹੈ। ਮੁਜ਼ੱਫਰਪੁਰ ਵਿਚ ਹੀ ਉਕਤ 'ਬਾਲਿਕਾ ਗ੍ਰਹਿ' ਤੋਂ ਮੁਸ਼ਕਿਲ ਨਾਲ 200 ਮੀਟਰ ਦੀ ਦੂਰੀ 'ਤੇ ਸਥਿਤ 'ਸਵਾਧਾਰ ਗ੍ਰਹਿ' ਵਿਚੋਂ ਵੀ 11 ਔਰਤਾਂ ਦੇ ਲਾਪਤਾ ਹੋਣ ਦੀ ਖਬਰ ਹੈ। ਇਸ ਬਲਾਤਕਾਰ ਕਾਂਡ ਵਿਚ ਬਿਹਾਰ ਸਰਕਾਰ ਨੇ ਕਾਰਵਾਈ ਕਰਦਿਆਂ ਸਮਾਜ ਭਲਾਈ ਮੰਤਰੀ ਮੰਜੂ ਵਰਮਾ ਦਾ ਅਸਤੀਫਾ ਲੈ ਲਿਆ ਹੈ। ਉਨ੍ਹਾਂ ਦੇ ਪਤੀ ਚੰਦਰਸ਼ੇਖਰ ਵਰਮਾ 'ਤੇ ਮੁੱਖ ਦੋਸ਼ੀ ਬਰਜੇਸ਼ ਠਾਕੁਰ ਨਾਲ ਨੇੜਤਾ ਦੇ ਦੋਸ਼ ਹਨ, ਜੋ ਬਲਾਤਕਾਰ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਗਾਇਬ ਹੈ।

ਸੀਡੀਆਰ. ਰਿਕਾਰਡ ਵਿਚ ਇਹ ਤੱਥ ਸਾਹਮਣੇ ਆਇਆ ਹੈ ਕਿ ਬਰਜੇਸ਼ ਠਾਕੁਰ ਅਤੇ ਚੰਦਰਸ਼ੇਖਰ ਵਿਚਾਲੇ ਇਸ ਸਾਲ 5 ਮਹੀਨਿਆਂ ਵਿਚ 17 ਵਾਰ ਫੋਨ 'ਤੇ ਗੱਲਬਾਤ ਹੋਈ। ਦੋਵਾਂ ਦੀ ਮੁਲਾਕਾਤ ਵੀ ਹੁੰਦੀ ਸੀ ਅਤੇ ਦਿੱਲੀ ਵਿਚ ਇਕ ਟੂਰ 'ਤੇ ਵੀ ਦੋਵੇਂ ਇਕੱਠੇ ਸਨ। ਦੋਸ਼ ਹੈ ਕਿ ਚੰਦਰਸ਼ੇਖਰ ਸ਼ੈਲਟਰ ਹੋਮ ਵੀ ਜਾਂਦਾ ਸੀ।

ਇਸੇ ਦੌਰਾਨ 5 ਅਗਸਤ ਨੂੰ ਉੱਤਰ ਪ੍ਰਦੇਸ਼ ਵਿਚ ਦੇਵਰੀਆ ਦੇ ਇਕ ਸ਼ੈਲਟਰ ਹੋਮ ਵਿਚ ਦੇਹ ਵਪਾਰ ਦੇ ਖੁਲਾਸੇ ਨਾਲ ਤਰਥੱਲੀ ਮਚ ਗਈ। ਪੁਲਸ ਨੇ ਇਥੋਂ 24 ਬੱਚੀਆਂ ਨੂੰ ਛੁਡਵਾਇਆ, ਜਦਕਿ 19 ਅਜੇ ਤਕ ਗਾਇਬ ਦੱਸੀਆਂ ਜਾ ਰਹੀਆਂ ਹਨ। ਇਥੋਂ ਦੌੜੀ ਇਕ 10 ਸਾਲਾ ਬੱਚੀ ਨੇ ਪੁਲਸ ਨੂੰ ਦੱਸਿਆ ਸੀ ਕਿ ਉਥੇ 'ਗੰਦਾ ਕੰਮ' ਹੋ ਰਿਹਾ ਹੈ, ਜਿਸ ਤੋਂ ਬਾਅਦ ਪੁਲਸ ਨੇ ਉਥੇ ਛਾਪਾ ਮਾਰਿਆ ਸੀ। ਇਸ ਦੀ ਸੰਚਾਲਕਾ ਗਿਰਿਜਾ ਤ੍ਰਿਪਾਠੀ ਸਮੇਤ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

7 ਅਗਸਤ ਨੂੰ ਹਰਦੋਈ ਦੇ ਬੇਨੀਗੰਜ ਵਿਚ ਸਥਿਤ 'ਸਵਾਧਾਰ ਗ੍ਰਹਿ' ਤੋਂ ਜ਼ਿਲਾ ਮੈਜਿਸਟ੍ਰੇਟ ਦੇ ਨਿਰੀਖਣ ਦੌਰਾਨ 19 ਕੁੜੀਆਂ ਗਾਇਬ ਮਿਲੀਆਂ। ਇਸ ਬਾਰੇ ਸ਼ੈਲਟਰ ਹੋਮ ਚਲਾਉਣ ਵਾਲੀ ਐੱਨ. ਜੀ. ਓ. 'ਆਇਸ਼ਾ ਗ੍ਰਾਮ ਉਦਯੋਗ ਸਮਿਤੀ' ਉੱਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਇਨ੍ਹਾਂ ਕੁੜੀਆਂ ਨੂੰ ਸਜਾ-ਸੰਵਾਰ ਕੇ ਕਾਰ ਰਾਹੀਂ ਗੋਰਖਪੁਰ ਲਿਜਾਇਆ ਜਾਂਦਾ ਸੀ, ਜਿੱਥੇ ਹੋਟਲ ਵਿਚ ਗਲਤ ਕੰਮ ਦੇ ਬਦਲੇ ਉਨ੍ਹਾਂ ਨੂੰ 500-1000 ਰੁਪਏ ਦਿੱਤੇ ਜਾਂਦੇ ਸਨ।

8 ਅਗਸਤ ਨੂੰ ਝਾਰਖੰਡ ਵਿਚ ਚਾਈਬਾਸਾ ਦੇ ਮਝਗਾਂਵ ਡਵੀਜ਼ਨ ਵਿਚ ਚਲਦੇ ਕਸਤੂਰਬਾ ਗਾਂਧੀ ਰਿਹਾਇਸ਼ੀ ਬਾਲਿਕਾ ਸਕੂਲ ਦੀਆਂ 76 ਵਿਦਿਆਰਥਣਾਂ ਗਾਇਬ ਮਿਲੀਆਂ ਤੇ 9 ਅਗਸਤ ਨੂੰ ਉੱਤਰ ਪ੍ਰਦੇਸ਼ ਵਿਚ ਪ੍ਰਤਾਪਗੜ੍ਹ ਜ਼ਿਲੇ ਦੇ 2 ਸ਼ੈਲਟਰ ਹੋਮਜ਼ ਦੀ ਜ਼ਿਲਾ ਪ੍ਰਸ਼ਾਸਨ ਵਲੋਂ ਅਚਨਚੇਤ ਜਾਂਚ ਦੌਰਾਨ ਭਾਜਪਾ ਮਹਿਲਾ ਮੋਰਚਾ ਦੀ ਸਾਬਕਾ ਪ੍ਰਧਾਨ ਰਮਾ ਮਿਸ਼ਰਾ ਵਲੋਂ ਅਸ਼ਟਭੁਜਾ ਨਗਰ ਵਿਚ ਚਲਾਏ ਜਾ ਰਹੇ 'ਜਾਗ੍ਰਿਤੀ ਸ਼ੈਲਟਰ ਹੋਮ' ਵਿਚ ਰੱਖੀਆਂ 15 ਵਿਚੋਂ 14 ਅਤੇ ਅਚਲਪੁਰ ਵਿਚ ਚਲਾਏ ਜਾ ਰਹੇ ਸ਼ੈਲਟਰ ਹੋਮ ਵਿਚ ਰਹਿਣ ਵਾਲੀਆਂ 15 ਵਿਚੋਂ 12 ਔਰਤਾਂ ਗਾਇਬ ਮਿਲੀਆਂ।

ਅਸ਼ਟਭੁਜ ਨਗਰ ਵਿਚਲੇ ਜਾਗ੍ਰਤੀ ਸ਼ੈਲਟਰ ਹੋਮ ਜੋ ਭਾਜਪਾ ਮਹਿਲਾ ਮੋਰਚਾ ਦੀ ਮੁਖੀ ਰਮਾ ਮਿਸ਼ਰਾ ਵੱਲੋਂ ਚਲਾਇਆ ਜਾਂਦਾ ਹੈ, ਦੀ ਚੈਕਿੰਗ ਦੌਰਾਨ ਜ਼ਿਲਾ ਮੈਜਿਸਟ੍ਰੇਟ ਸ਼ੰਭੂ ਕੁਮਾਰ ਨੇ ਪਾਇਆ ਕਿ 15 ਔਰਤਾਂ ਨੇ ਰਜਿਸਟ੍ਰੇਸ਼ਨ ਕਰਾਈ ਹੋਈ ਸੀ ਪਰ ਮੌਕੇ 'ਤੇ ਇਕ ਹੀ ਔਰਤ ਮੌਜੂਦ ਮਿਲੀ। ਸ਼ੈਲਟਰ ਹੋਮ ਦੇ ਮੈਨੇਜਰ ਨੇ ਦਾਅਵਾ ਕੀਤਾ ਕਿ ਸ਼ੈਲਟਰ ਹੋਮ ਦੀਆਂ ਹੋਰ ਔਰਤਾਂ ਕੰਮ ਲਈ ਬਾਹਰ ਗਈਆਂ ਹੋਈਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਅਚਲਪੁਰ ਵਿੱਚ ਇਕ ਹੋਰ ਸ਼ੈਲਟਰ ਹੋਮ ਦੀ ਚੈਕਿੰਗ ਦੌਰਾਨ ਐਸਡੀਐਮ ਸਤਿਆ ਪ੍ਰਕਾਸ਼ ਸਿੰਘ ਨੇ ਪਾਇਆ ਕਿ ਰਜਿਸਟਰ ਕੀਤੀਆਂ 15 ਔਰਤਾਂ ਵਿੱਚੋਂ 12 ਲਾਪਤਾ ਸਨ। ਇਸ ਸ਼ੈਲਟਰ ਹੋਮ ਦੀ ਕੇਅਰਟੇਕਰ ਨੇਹਾ ਪ੍ਰਵੀਨ ਨੇ ਕਿਹਾ ਕਿ ਉਨ੍ਹਾਂ ਨੂੰ ਬਾਹਰੋਂ ਕੋਈ ਫੰਡ ਨਹੀਂ ਮਿਲਦਾ ਤੇ ਸ਼ੈਲਟਰ ਹੋਮ ਉਨ੍ਹਾਂ ਦੇ ਜ਼ਾਤੀ ਵਸੀਲਿਆਂ ਰਾਹੀਂ ਚਲਾਇਆ ਜਾਂਦਾ ਹੈ। ਜ਼ਿਲਾ ਮੈਜਿਸਟ੍ਰੇਟ ਨੇ ਕਿਹਾ ਕਿ ਕੁੱਲ ਮਿਲਾ ਕੇ 26 ਔਰਤਾਂ ਸ਼ੈਲਟਰ ਹੋਮਾਂ ਵਿੱਚੋਂ ਲਾਪਤਾ ਹਨ ਅਤੇ ਇਸ ਸਬੰਧ ਵਿੱਚ ਜਾਂਚ ਕੀਤੀ ਜਾ ਰਹੀ ਹੈ। ਸ਼ੈਲਟਰ ਹੋਮਜ਼ ਅਤੇ ਰਿਹਾਇਸ਼ੀ ਸਕੂਲ ਵਿਚ ਕੁੜੀਆਂ ਦੇ ਸ਼ੋਸ਼ਣ ਅਤੇ ਗਾਇਬ ਹੋਣ ਤੋਂ ਸਪੱਸ਼ਟ ਹੈ ਕਿ ਇਹ ਜਨਹਿੱਤਕਾਰੀ ਸੰਸਥਾਵਾਂ ਕਿਸ ਤਰ੍ਹਾਂ ਪ੍ਰਸ਼ਾਸਕੀ ਲਾਪਰਵਾਹੀ ਤੇ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਰ ਹਨ, ਜੋ ਕੁੜੀਆਂ ਲਈ ਪਨਾਹਗਾਹ ਦੀ ਬਜਾਏ 'ਮਰਨ-ਸਥਾਨ' ਸਿੱਧ ਹੋ ਰਹੀਆਂ ਹਨ। ਇਸ ਸਥਿਤੀ ਨੂੰ ਦੇਸ਼ ਦੇ ਸਾਰੇ ਸ਼ੈਲਟਰ ਹੋਮਜ਼ ਵਿਚ ਨਿਗਰਾਨੀ ਪ੍ਰਣਾਲੀ ਨੂੰ ਮਜ਼ਬੂਤ ਬਣਾ ਕੇ ਅਤੇ ਇਨ੍ਹਾਂ ਦੇ ਲਗਾਤਾਰ ਨਿਰੀਖਣ, ਸਟਾਫ ਦੀ ਜੁਆਬਦੇਹੀ ਤੈਅ ਕਰਕੇ ਤੇ ਦੋਸ਼ੀਆਂ ਨੂੰ ਸਖਤ ਸਜ਼ਾ ਦੇ ਕੇ ਹੀ ਪਲਟਿਆ ਜਾ ਸਕਦਾ ਹੈ। ਮੁੱਖ ਦੋਸ਼ੀ ਬ੍ਰਜੇਸ਼ ਠਾਕੁਰ ਅਦਾਲਤ ਵਿਚ ਪੇਸ਼-ਸਿਆਹੀ ਸੁੱਟੀ : ਮੁਜ਼ੱਫ਼ਰਪੁਰੇ ਸ਼ੈਲਟਰ ਹੋਮ ਜਬਰ ਜਨਾਹ ਮਾਮਲੇ ਵਿਚ ਮੁੱਖ ਦੋਸ਼ੀ ਬ੍ਰਜੇਸ਼ ਠਾਕੁਰ ਨੇ ਬਿਹਾਰ ਦੀ ਸਾਮਾਜਿਕ ਭਲਾਈ ਮੰਤਰੀ ਮੰਜੂ ਵਰਮਾ ਨਾਲ ਨੇੜਲੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ। ਉਸ ਨੂੰ ਇੱਥੋਂ ਦੀ ਪੋਕਸੋ ਵਿਸ਼ੇਸ਼ ਅਦਾਲਤ ਵਿਚ 9 ਹੋਰ ਦੋਸ਼ੀਆ ਸਣੇ ਪੇਸ਼ ਕੀਤਾ ਗਿਆ। ਠਾਕੁਰ ਨੇ ਕਿਹਾ ਕਿ ਉਸ ਨੂੰ ਇਸ ਕੇਸ ਵਿਚ ਮੈਨੂੰ ਇਕ ਸਾਜਿਸ਼ ਤਹਿਤ ਫਸਾਇਆ ਗਿਆ ਹੈ। ਮੈਂ ਤਾਂ ਕਾਂਗਰਸ ਵਿਚ ਸ਼ਾਮਿਲ ਹੋਣ ਵਾਲਾ ਸੀ ਤੇ ਫਿਰ ਚੋਣ ਲੜਨ ਵਾਲਾ ਸੀ। ਠਾਕੁਰ ਪਿਛਲੇ 2 ਮਹੀਨਿਆਂ ਤੋਂ ਜੇਲ੍ਹ ਵਿਚ ਹੈ ਤੇ ਉਸ ਦੀ ਸੰਸਥਾ ਇਕ ਸ਼ੈਲਟਰ ਹੋਮ ਚਲਾ ਰਹੀ ਸੀ। ਪ੍ਰਦਰਸ਼ਨਕਾਰੀਆਂ ਨੇ ਠਾਕੁਰ 'ਤੇ ਅਦਾਲਤ ਵਿਚ ਪੇਸ਼ੀ ਸਮੇਂ ਸਿਆਹੀ ਸੁੱਟੀ ਗਈ।

**ਸੀਬੀਆਈ ਟੀਮ ਵੱਲੋਂ ਤਲਾਸ਼ੀ :** ਸੀਬੀਆਈ ਦੀ ਜਾਂਚ ਟੀਮ ਨੇ ਬਿਹਾਰ ਵਿੱਚ ਬ੍ਰਜੇਸ਼ ਠਾਕੁਰ ਦੀ ਰਿਹਾਇਸ਼ ਦੀ ਤਲਾਸ਼ੀ ਲਈ ਜਿੱਥੇ ਰਹਿ ਕੇ ਉਹ ਬਾਲਿਕਾ ਗ੍ਰਹਿ ਆਸਰਾ ਘਰ ਚਲਾਉਂਦਾ ਸੀ ਜੋ ਸੈਕਸ ਸਕੈਂਡਲ ਦੀ ਮੁੱਖ ਚੂਲ ਬਣਿਆ ਹੋਇਆ ਹੈ। ਸੀਬੀਆਈ ਟੀਮ ਨੇ ਫੋਰੈਂਸਿਕ ਮਾਹਿਰਾਂ ਦੀ ਮਦਦ ਨਾਲ ਤਲਾਸ਼ੀ ਲਈ ਤੇ ਦਸਤਾਵੇਜ਼ਾਂ ਦੀ ਘੋਖ ਕੀਤੀ ਤੇ ਉਸ ਦੇ ਨੇੜਲਿਆਂ ਤੋਂ ਪੁੱਛ ਪੜਤਾਲ ਵੀ ਕੀਤੀ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੰਜਾਬ ਠੱਗ ਏਜੰਟਾਂ ਦਾ ਬਣਿਆ ਅੱਡਾ

- ✪ 92 ਹਜ਼ਾਰ ਲੋਕਾਂ ਤੋਂ 30 ਮਹੀਨਿਆਂ ਵਿਚ ਠੱਗੇ 17480 ਕਰੋੜ
- ✪ ਸੂਬੇ ਵਿਚ 20 ਹਜ਼ਾਰ ਫਰਜ਼ੀ ਟ੍ਰੈਵਲ ਏਜੰਟ
- ✪ ਹਰ ਸਾਲ ਵਿਦੇਸ਼ ਜਾਣ ਲਈ 2.25 ਲੱਖ ਲੋਕ ਕਰ ਰਹੇ ਨੇ ਅਪਲਾਈ
- ✪ 48 ਹਜ਼ਾਰ ਹੀ ਸਹੀ ਤਰੀਕੇ ਨਾਲ ਜਾ ਰਹੇ ਹਨ ਵਿਦੇਸ਼
- ✪ ਵੀਜ਼ਾ ਨਾ ਲੱਗਣ ਕਾਰਨ 1.77 ਲੱਖ ਲੋਕਾਂ ਨੂੰ ਫਸਾ ਕੇ ਵਸੂਲ ਰਹੇ ਨੇ ਮੋਟੀ ਰਕਮ




**ਜਲੰਧਰ/ਬਿਊਰੋ ਨਿਊਜ਼ :** ਇਹਨੀਂ ਦਿਨੀਂ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਇਸ ਕਦਰ ਵਧਦਾ ਜਾ ਰਿਹਾ ਹੈ ਕਿ ਵਿਦੇਸ਼ ਜਾਣ ਦੇ ਜਨੂੰਨ ਵਿੱਚ ਨੌਜਵਾਨ ਅਤੇ ਉਨ੍ਹਾਂ ਦੇ ਘਰਵਾਲੇ ਆਪਣੀ ਜਮਾਪੂੰਜੀ ਲੁਟਾ ਰਹੇ ਹਨ। ਜ਼ਮੀਨ ਤੱਕ ਗਿਰਵੀ ਰੱਖ ਰਹੇ ਹਨ ਪਰ ਉਨ੍ਹਾਂ ਨੂੰ ਰੋਜ਼ਗਾਰ ਦੇ ਨਾਮ ਉੱਤੇ ਸਿਰਫ ਧੋਖਾ ਮਿਲ ਰਿਹਾ ਹੈ। ਇੰਨਾ ਹੀ ਨਹੀਂ ਗ਼ੈਰਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਦੇ ਚੱਕਰ ਵਿੱਚ ਕਈ ਨੌਜਵਾਨਾਂ ਨੂੰ ਜਾਨ ਵੀ ਗੁਆਣੀ ਪਈ ਹੈ। ਪਿਛੇ ਜਿਹੇ ਕੈਪਟਨ ਸਰਕਾਰ ਨੇ ਐਲਾਨ ਕੀਤਾ ਸੀ ਕਿ ਗ਼ੈਰ ਕਾਨੂੰਨੀ ਟਰੈਵਲ ਏਜੰਟਾਂ ਉੱਤੇ ਸ਼ਿਕੰਜਾ ਕੱਸਿਆ ਜਾਵੇਗਾ ਪਰ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਇਹ ਧੰਦਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਅਤੇ ਠੱਗੀ ਦਾ ਸਿਲਸਿਲਾ ਜਾਰੀ ਹੈ। ਦੱਸ ਦੇਈਏ ਕਿ ਪੂਰਵ ਅਕਾਲੀ - ਭਾਜਪਾ ਸਰਕਾਰ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ - 2012 ਵਿੱਚ ਸੋਧ ਕੀਤੀ ਪਰ ਹਾਲਾਤ ਨਹੀਂ ਸੁਧਰੇ ਆਖਰ ਕੈਪਟਨ ਸਰਕਾਰ ਕਦੋਂ ਸਖ਼ਤ ਕਦਮ ਚੁੱਕੇਗੀ ਤਾਂ ਜੋ ਨੌਜਵਾਨ ਠੱਗੀ ਦਾ ਸ਼ਿਕਾਰ ਹੋਣ ਅਤੇ ਜਾਨ ਗਵਾਉਣ ਤੋਂ ਬਚ ਸਕਣ। ਬਰਨਾਲੇ ਦੇ ਨੌਜਵਾਨ ਦੇ ਖੁਲਾਸੇ ਦੇ ਬਾਅਦ ਹੁਣ ਬੈਂਗਲੂਰੂ ਵਿੱਚ ਬੰਦੀ ਬਣਾਏ ਗਏ ਪੰਜਾਬ ਦੇ 15 ਮੁੰਡਿਆਂ ਦਾ ਮਾਮਲਾ ਹੱਲ ਵੀ ਨਹੀਂ ਹੋਇਆ ਸੀ ਕਿ ਹੁਸ਼ਿਆਰਪੁਰ ਦੇ ਇੱਕ ਨੌਜਵਾਨ ਨੂੰ ਨੌਕਰੀ ਦਾ ਝਾਂਸਾ ਦੇ ਕੇ ਥਾਈਲੈਂਡ ਭੇਜਣ ਅਤੇ ਬੰਦੀ ਬਣਾ ਕੇ ਮਾਰਨ ਕੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਈਲੈਂਡ ਤੋਂ ਬਚ ਕੇ ਵਾਪਸ ਆਏ ਨੌਜਵਾਨ ਦੀ ਸ਼ਿਕਾਇਤ ਉੱਤੇ ਪੁਲਿਸ ਨੇ ਦੋ ਏਜੰਟਾਂ ਉੱਤੇ ਕੇਸ ਦਰਜ ਕੀਤਾ ਹੈ। ਵਿਦੇਸ਼ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਪੰਜਾਬੀਆਂ ਨੂੰ ਭੇਜਣ ਦਾ ਖੇਲ ਸਾਲਾਂ ਤੋਂ ਚੱਲ ਰਿਹਾ ਹੈ । ਦੋ ਮਹੀਨੇ ਪਹਿਲਾਂ ਜਲੰਧਰ ਵਿੱਚ ਪੁਲਿਸ ਨੇ ਫਰਜੀ ਏਜੰਟਾਂ ਨੂੰ ਲੈ ਕੇ ਚਲਾਈ ਇੱਕ ਦਿਨ ਦੀ ਮੁਹਿੰਮ ਵਿੱਚ 40 ਏਜੰਟਾਂ ਦੇ ਦਫ਼ਤਰਾਂ ਵਿੱਚ ਛਾਪੇਮਾਰੀ ਕੀਤੀ ਸੀ। ਇਹਨਾਂ ਵਿਚੋਂ 20 ਏਜੰਟ ਫਰਜੀ ਨਿਕਲੇ।

ਲੁਧਿਆਣਾ ਵਿੱਚ 18 ਤੋਂ ਜ਼ਿਆਦਾ ਅਤੇ ਕਪੂਰਥਲਾ ਵਿੱਚ 15 ਏਜੰਟਾਂ ਦੀ ਗ੍ਰਿਫਤਾਰੀ ਕੀਤੀ ਗਈ। ਦੱਸ ਦੇਈਏ ਕਿ 37 ਅਜਿਹੇ ਮਾਮਲੇ ਦਰਜ ਕੀਤੇ ਗਏ ਹਨ ਪਰ 68 ਏਜੰਟਾਂ ਨੂੰ ਹਾਲੇ ਵੀ ਪੁਲਿਸ ਗ੍ਰਿਫਤਾਰ ਨਹੀਂ ਕਰ ਸਕੀ ਹੈ। ਹੁਸ਼ਿਆਰਪੁਰ ਵਿੱਚ ਦੋ ਮਹੀਨੇ ਪਹਿਲਾਂ ਏਜੰਟਾਂ ਦੇ ਖਿਲਾਫ 59 ਕੇਸ, ਸ਼ਹੀਦ ਭਗਤ ਸਿੰਘ ਨਗਰ ਵਿੱਚ 29 ਕੇਸ ਦਰਜ ਕੀਤੇ ਗਏ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਖ਼ਤ ਹੋਣ ਤੋਂ ਬਾਅਦ ਗ੍ਰਹਿ ਸਕੱਤਰ ਐਨਐਸ ਕਲਸੀ ਨੇ ਸਾਰੇ ਜਿਲ੍ਹਿਆਂ ਦੇ ਡੀਸੀ ਅਤੇ ਪੁਲਿਸ ਪ੍ਰਮੁਖਾਂ ਨੂੰ ਆਦੇਸ਼ ਜਾਰੀ ਕੀਤੇ ਪਰ ਦੁਬਾਰਾ ਇਸਦੀ ਰਿਪੋਰਟ ਨਹੀਂ ਲਈ ਗਈ। ਪੰਜਾਬ ਵਿੱਚ ਟਰੈਵਲ ਏਜੰਟਾਂ ਦਾ ਸਭ ਤੋਂ ਜ਼ਿਆਦਾ ਧੰਦਾ ਦੋਆਬਾ ਵਿੱਚ ਹੈ।

ਪੈਸੇ ਕਮਾਉਣ ਦੇ ਲਈ ਇਹ ਫਰਜ਼ੀ ਏਜੰਟ ਅਗਵਾ ਤੇ ਹੱਤਿਆ ਤੱਕ ਕਰਾਉਣ ਲੱਗੇ ਹਨ। ਇਹ ਇਕ ਤਰ੍ਹਾਂ ਦਾ ਪੰਜਾਬ ਵਿਚ ਵੱਡਾ ਗੈਂਗ ਬਣ ਗਿਆ ਹੈ। ਕੈਨੇਡਾ, ਅਸਟਰੇਲੀਆ, ਅਮਰੀਕਾ, ਇੰਗਲੈਂਡ, ਯੂਰਪ, ਖਾੜੀ ਦੇਸ਼ਾਂ ਅਤੇ ਹੋਰ ਦੇਸਾਂ ਵਿਚ ਭੇਜਣ ਦੇ ਨਾਮ 'ਤੇ 15 ਤੋਂ 35 ਲੱਖ ਰੁਪਏ ਤੱਕ ਠੱਗੇ ਜਾ ਰਹੇ ਹਨ। ਪਿਛਲੇ 30 ਮਹੀਨੇ ਦੌਰਾਨ (ਜਨਵਰੀ 2016 ਤੋਂ ਜੂਨ 2018) ਤੋਂ ਹੀ ਸੂਬੇ ਦੇ 92 ਹਜ਼ਾਰ ਲੋਕਾਂ ਤੋਂ 17480 ਕਰੋੜ ਰੁਪਏ ਠੱਗੇ ਜਾ ਚੁੱਕੇ ਹਨ। ਇਨ੍ਹਾਂ ਵਿਚ ਜ਼ਿਆਦਾਤਰ ਗਿਣਤੀ ਬੇਰੁਜ਼ਗਾਰ ਲੋਕਾਂ ਦੀ ਹੈ। ਵੱਡੇ ਮਾਮਲਿਆਂ ਵਿਚ ਹਰ ਵਿਅਕਤੀ ਤੋਂ ਔਸਤਨ 19 ਲੱਖ ਰੁਪਏ ਠੱਗੇ ਜਾ ਚੁੱਕੇ ਹਨ। ਬਾਕੀ ਛੋਟੇ ਛੋਟੇ ਹਜ਼ਾਰਾਂ ਮਾਮਲੇ ਤਾਂ ਦਰਜ ਹੀ ਨਹੀਂ ਕੀਤੇ ਗਏ। ਪੰਜਾਬ ਵਿਚ ਤਕਰੀਬਨ 20 ਹਜ਼ਾਰ ਅਜਿਹੇ ਫਰਜ਼ੀ ਏਜੰਟ ਸਰਗਰਮ ਹਨ। ਇਥੋਂ ਤੱਕ ਕਿ ਪੁਲੀਸ ਵੀ ਪੀੜਤ ਲੋਕਾਂ ਦੀ ਸੁਣਵਾਈ ਨਹੀਂ ਕਰਦੀ ਤੇ ਜਲਦੀ ਕੇਸ ਦਰਜ ਨਹੀਂ ਕਰਦੀ। ਪੜਤਾਲ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਬਹੁਤ ਸਾਰੇ ਲੋਕ ਖੁਦ ਹੀ ਏਜੰਟਾਂ ਕੋਲ ਪਹੁੰਚਦੇ ਹਨ ਤੇ ਉਹ ਜਾਇਜ਼-ਨਾਜਾਇਜ਼ ਕਿਸੇ ਵੀ ਢੰਗ ਨਾਲ ਵਿਦੇਸ਼ ਜਾਣ ਦੇ ਲਈ ਤਿਆਰ ਰਹਿੰਦੇ ਹਨ। ਫਰਜ਼ੀ ਏਜੰਟ ਗਾਹਕ ਨੂੰ ਇਹ ਕਹਿ ਕੇ ਫਸਾਉਂਦੇ ਹਨ ਕਿ ਵੀਜ਼ੇ ਦੇ ਲਈ ਕੋਸ਼ਿਸ਼ ਕਰ ਲੈਂਦੇ ਹਾਂ, ਵੀਜ਼ਾ ਲਗ ਗਿਆ ਤਾਂ ਠੀਕ ਨਹੀਂ ਤਾਂ ਅੱਧੇ ਪੈਸੇ ਵਾਪਸ। ਅਜਿਹੇ ਲੋਕ ਅਕਸਰ ਫਸ ਜਾਂਦੇ ਹਨ। ਏਜੰਟ ਇਸ ਪ੍ਰਕਿਰਿਆ ਵਿਚ ਹੀ 5 ਲੱਖ ਰੁਪਏ ਤੱਕ ਠੱਗ ਲੈਂਦੇ ਹਨ। ਫਿਰ ਹੌਲੀ ਹੌਲੀ ਹੋਰ ਪੈਸਾ ਹੜੱਪ ਕਰ ਲੈਂਦੇ ਹਨ। ਕਈ ਪਰਿਵਾਰ ਤਾਂ ਕਰਜ਼ਾ ਲੈ ਕੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ। ਏਜੰਟ ਉਨ੍ਹਾਂ ਨੂੰ ਵਰਕ ਪਰਮਿਟ ਦੀ ਬਜਾਏ ਟੂਰਿਸਟ ਵੀਜ਼ੇ 'ਤੇ ਭੇਜ ਦਿੰਦਾ ਹੈ ਤੇ ਉਹ ਉੱਥੇ ਕੰਮ ਵੀ ਨਹੀਂ ਕਰ ਸਕਦੇ, ਜਿਸ ਕਰਕੇ ਪਰਿਵਾਰ ਦੀ ਆਰਥਿਕ ਹਾਲਤ ਨੂੰ ਕਾਫ਼ੀ ਝਟਕਾ ਲੱਗਦਾ ਹੈ।

ਪੜਤਾਲ ਵਿਚ ਸਾਹਮਣੇ ਆਇਆ ਹੈ ਗ਼ੈਰ ਕਾਨੂੰਨੀ ਏਜੰਟਾਂ ਦੇ ਜਾਲ ਵਿਚ ਫਸਣ ਵਾਲੇ 48% ਨੌਜਵਾਨ ਵਰਗ ਪੜ੍ਹੇ ਲਿਖੇ ਅਤੇ ਪੇਂਡੂ ਹਨ, ਉਹ ਵੀ ਬਾਰ੍ਹਵੀਂ ਜਾਂ ਬੀ.ਏ. ਤੱਕ ਪੜ੍ਹਨ ਵਾਲੇ। ਪੁਲੀਸ ਦੇ ਅੰਕੜਿਆਂ ਅਨੁਸਾਰ ਤਿੰਨ ਹਜ਼ਾਰ ਤੋਂ ਜ਼ਿਆਦਾ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਇਹ ਸ਼ਿਕਾਇਤਾਂ ਕੁੱਲ ਮਾਮਲਿਆਂ ਦਾ ਸਿਰਫ 20 ਫੀਸਦੀ ਹਨ, ਬਾਕੀ ਦੇ ਲੋਕ ਕਈ ਸਾਲ ਤੱਕ ਏਜੰਟ ਦੇ ਚੱਕਰ ਲਗਾਉਂਦੇ ਰਹਿੰਦੇ ਹਨ। ਉਹ ਇਸ ਉਮੀਦ ਵਿਚ ਹੁੰਦੇ ਹਨ ਕਿ ਸ਼ਾਇਦ ਉਨ੍ਹਾਂ ਨੂੰ ਵਿਦੇਸ਼ ਭੇਜ ਦਿੱਤਾ ਜਾਵੇ। ਜਦ ਸਾਰੀਆਂ ਉਮੀਦਾਂ ਟੁੱਟਦੀਆਂ ਹਨ ਤਦ ਸ਼ਿਕਾਇਤ ਹੁੰਦੀ ਹੈ। ਫਰਜ਼ੀ ਤਰੀਕੇ ਨਾਲ ਵਿਦੇਸ਼ ਭੇਜਣ ਦਾ ਕਾਰੋਬਾਰ ਕਰਨ ਵਾਲੇ ਜ਼ਿਆਦਾਤਰ ਟਰੈਵਲ ਏਜੰਟ ਚੇਨ ਸਿਸਟਮ ਰਾਹੀਂ ਇਕ ਦੂਸਰੇ ਨਾਲ ਜੁੜੇ ਹੁੰਦੇ ਹਨ। ਵੱਡੇ ਏਜੰਟਾਂ ਨੇ ਆਪਣੇ ਅੱਗੇ ਦਲਾਲਾਂ ਨੂੰ ਕੰਮ ਸੌਂਪਿਆ ਹੋਇਆ ਹੈ। ਇਹ ਸ਼ਹਿਰਾਂ ਵਿਚ ਆਈਲੈਟਸ ਕਰਨ ਵਾਲੇ ਕਾਲਜ ਵਿਦਿਆਰਥੀਆਂ 'ਤੇ ਨਜ਼ਰ ਰੱਖਦੇ ਹਨ। ਉਨ੍ਹਾਂ ਦੇ ਰਹਿਣ ਸਹਿਣ ਤੋਂ ਅਸਲੀਅਤ ਜਾਨਣ ਦੇ ਲਈ ਸਮਾਰਟ ਕਾਲਿੰਗ ਕਰਦੇ ਹਨ। ਇਹ ਦਲਾਲ ਵਿਦੇਸ਼ ਜਾਣ ਦੇ ਇੱਛੁਕ ਲੋਕਾਂ ਬਾਰੇ ਵਿਚ ਸਾਰੀ ਜਾਣਕਾਰੀ ਲੈ ਕੇ ਆਪਣੇ ਜਾਲ ਵਿਚ ਫਸਾਉਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਨੂੰ ਵਿਦੇਸ਼ ਵਿਚ ਪੱਕਾ ਕਰਾਉਣ ਦੇ ਲਈ ਰੰਗੀਨ ਸੁਪਨੇ ਦਿਖਾਉਂਦੇ ਹਨ ਤੇ ਯੋਗਤਾ ਅਨੁਸਾਰ ਕੰਮ ਦਿਵਾਉਣ ਦਾ ਵਾਅਦਾ ਕਰਦੇ ਹਨ। ਇਹ ਏਜੰਟ ਵਿਦੇਸ਼ਾਂ ਵਿਚ ਨੌਕਰੀ ਦੇ ਨਾਮ 'ਤੇ ਇਸ ਤਰ੍ਹਾਂ ਡੀਲ ਕਰਦੇ ਹਨ ਕਿ ਸਭ ਕੁਝ ਬਹੁਤ ਸੌਖਾ ਹੈ। ਉਹ ਕਹਿੰਦੇ ਹਨ ਕਿ ਇਕ ਵਾਰ ਵੀਜ਼ਾ ਲਗਾ ਕੇ ਕੋਸ਼ਿਸ਼ ਕਰੋ ਨਹੀਂ ਤਾਂ ਲੱਗਾ ਪੈਸਾ ਵਾਪਸ। ਇਸ ਦੇ ਬਾਅਦ ਲੋਕ ਉਨਾਂ ਨੂੰ ਕਾਗਜ਼ ਪੂਰਾ ਕਰਨ ਲਈ ਵਾਪਸ ਦੇ ਦਿੰਦੇ ਹਨ। ਜਦ ਉਨ੍ਹਾਂ ਦਾ ਵੀਜ਼ਾ ਨਹੀਂ ਲਗਦਾ ਤਾਂ ਕਿਹਾ ਜਾਂਦਾ ਹੈ ਕਿ ਦੁਬਾਰਾ ਕੋਸ਼ਿਸ਼ ਕਰਨਗੇ। ਇਸ ਸਥਿਤੀ ਵਿਚ ਲੋਕ ਕਈ ਸਾਲ ਤੱਕ ਚੱਕਰ ਲਗਾਉਂਦੇ ਰਹਿੰਦੇ ਹਨ। ਸੂਤਰਾਂ ਅਨੁਸਾਰ ਪੁਲੀਸ ਦੇ ਭ੍ਰਿਸ਼ਟ ਅਫ਼ਸਰ ਕਮਿਸ਼ਨ ਦੀ ਖੇਡ ਵਿਚ ਠੱਗ ਏਜੰਟਾਂ 'ਤੇ ਸਖ਼ਤ ਕਾਰਵਾਈ ਨਹੀਂ ਕਰਦੇ। ਜ਼ਿਆਦਾਤਰ ਮਾਮਲੇ ਕੋਰਟ ਵਿਚ ਪਹੁੰਚਣ ਨਹੀਂ ਦਿੱਤੇ ਜਾਂਦੇ ਤੇ ਥਾਣਿਆਂ ਵਿਚ ਲੈ ਦੇ ਕੇ ਸਮਝੌਤੇ ਕਰਵਾ ਦਿੱਤੇ ਜਾਂਦੇ ਹਨ। ਰਿਪੋਰਟ ਅਨੁਸਾਰ ਕੇਵਲ 30 ਪ੍ਰਤੀਸ਼ਤ ਮਾਮਲੇ ਹੀ ਦਰਜ ਹੁੰਦੇ ਹਨ।

### ਮੁੱਦਾ ਸੰਸਦ 'ਚ ਗੂੰਜਿਆ

ਰਾਜ ਸਭਾ ਵਿਚ ਭਾਜਪਾ ਮੈਂਬਰ ਸ਼ਵੇਤ ਮਲਿਕ ਨੇ ਪੰਜਾਬ ਵਿਚ ਚਲਦੀਆਂ ਫਰਜ਼ੀ ਟਰੈਵਲ ਏਜੰਸੀਆਂ ਵਲੋਂ ਲੋਕਾਂ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ ਦਾ ਮਸਲਾ ਉਠਾਇਆ ਅਤੇ ਕੇਂਦਰੀ ਏਜੰਸੀ ਤੋਂ ਉਨ੍ਹਾਂ ਦੀ ਜਾਂਚ ਕਰਾਉਣ ਦੀ ਮੰਗ ਕੀਤੀ। ਮਲਿਕ ਨੇ ਕਿਹਾ ਕਿ ਰਾਜ ਵਿਚ ਕਈ ਫ਼ਰਜ਼ੀ ਟਰੈਵਲ ਏਜੰਸੀਆਂ ਖੁੰਬਾਂ ਵਾਂਗ ਉੱਗ ਆਈਆਂ ਹਨ, ਸਿਰਫ਼ 1100 ਏਜੰਸੀਆਂ ਹੀ ਸਰਕਾਰੀ ਤੌਰ 'ਤੇ ਰਜਿਸਟਰਡ ਹਨ। ਉਨ੍ਹਾਂ ਕਿਹਾ ਕਿ ਇਹ ਫਰਜ਼ੀ ਏਜੰਸੀਆਂ ਲੋਕਾਂ ਨੂੰ ਗ਼ੈਰ ਕਾਨੂੰਨੀ ਤੌਰ 'ਤੇ ਵਿਦੇਸ਼ ਭੇਜ ਰਹੀਆਂ ਹਨ। ਉਹ ਉਨ੍ਹਾਂ ਦਾ ਪਾਸਪੋਰਟ ਜ਼ਬਤ ਕਰ ਲੈਂਦੀਆਂ ਹਨ ਅਤੇ ਉਨ੍ਹਾਂ ਜ਼ਬਰੀ ਗ਼ੈਰ ਕਾਨੂੰਨੀ ਸਰਗਰਮੀਆਂ ਵਿਚ ਧੱਕ ਦਿੰਦੀਆਂ ਹਨ।

### ਬਾਦਲ ਤੇ ਕੈਪਟਨ ਸਰਕਾਰ ਨੇ ਠੱਗ ਟ੍ਰੈਵਲ ਏਜੰਟਾਂ ਬਾਰੇ ਕੋਈ ਕਾਰਵਾਈ ਨਾ ਕੀਤੀ

ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਸੂਬੇ ਵਿਚ ਟ੍ਰੈਵਲ ਏਜੰਟਾਂ ਨੂੰ ਕਾਨੂੰਨੀ ਤੌਰ 'ਤੇ ਰਜਿਸਟਰਡ ਕਰਨਾ ਸਖ਼ਤੀ ਨਾਲ ਲਾਗੂ ਨਹੀਂ ਹੋਇਆ। ਬਾਦਲ ਸਰਕਾਰ ਨੇ ਪੰਜਾਬ ਪ੍ਰਿਵੇਂਸ਼ਨ ਆਫ ਹਿਊਮਨ ਸਮਗਲਿੰਗ ਐਕਟ 2012 ਨੂੰ 'ਦਿ ਪੰਜਾਬ ਟ੍ਰੈਵਲ ਪ੍ਰੋਫੈਸ਼ਨਲ ਰੇਗੂਲੇਸ਼ਨ ਐਕਟ 2012' ਬਣਾ ਕੇ ਖਾਨਾਪੂਰਤੀ ਕੀਤੀ, ਪਰ ਕੋਈ ਕਾਰਵਾਈ ਨਹੀਂ ਹੋਈ। ਕਾਂਗਰਸ ਸਰਕਾਰ ਨੇ ਵੀ ਇਕ ਸਾਲ ਵਿਚ ਫਰਜ਼ੀ ਟ੍ਰੈਵਲ ਏਜੰਟਾਂ 'ਤੇ ਕਾਰਵਾਈ ਦੇ ਆਦੇਸ਼ ਦਿੱਤੇ ਪਰ ਕੋਈ ਸਖ਼ਤ ਨੀਤੀ ਨਹੀਂ ਬਣਾਈ ਹੈ।

### ਇਹ ਹੈ ਟ੍ਰੈਵਲ ਪ੍ਰੋਫੈਸ਼ਨਲ ਰੇਗੂਲੇਸ਼ਨ ਐਕਟ 2012

1. ਪੰਜ ਸਾਲ ਤੋਂ ਜ਼ਿਆਦਾ ਅਨੁਭਵੀ ਟ੍ਰੈਵਲ ਏਜੰਸੀ ਨੂੰ ਲਾਇਸੈਂਸ ਫੀਸ ਦੇ ਰੂਪ ਵਿਚ 1 ਲੱਖ ਤੇ ਹੋਰ ਦੇ ਲਈ 25 ਹਜ਼ਾਰ ਰੁਪਏ ਦਾ ਭੁਗਤਾਨ ਕਰਨਾ ਪੈਂਦਾ ਹੈ।
2. ਗ਼ੈਰ ਕਾਨੂੰਨੀ ਗਤੀਵਿਧੀ ਵਿਚ ਫੜੇ ਜਾਣ ਦੇ ਮਾਮਲੇ ਵਿਚ 7 ਸਾਲ ਤੱਕ ਜੇਲ੍ਹ। ਧੋਖਾ ਕਰਨ ਦੇ ਦੋਸ਼ ਵਿਚ ਲਾਇਸੈਂਸ ਰੱਦ
3. ਏਜੰਟ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੋਣਾ ਚਾਹੀਦਾ।
4. ਸਾਰੀ ਜਾਣਕਾਰੀ ਦੀ ਪੁਲੀਸ ਦੁਆਰਾ ਪੜਤਾਲ ਕਰਾਉਣਾ ਜ਼ਰੂਰੀ ਹੈ।
5. ਹਰ ਪੰਜ ਸਾਲ ਵਿਚ ਫੀਸ ਦਾ ਰਜਿਸਟਰੇਸ਼ਨ ਹੋਣਾ ਚਾਹੀਦਾ ਹੈ।
6. ਸੈਮੀਨਾਰ ਅਤੇ ਇਸ਼ਤਿਹਾਰਾਂ ਦੇ ਲਈ ਪ੍ਰਸ਼ਾਸਨ ਦੀ ਸਹਿਮਤੀ ਹੋਣੀ ਚਾਹੀਦੀ ਹੈ।

## ਪੰਜਾਬ ਦੇ ਟ੍ਰੈਵਲ ਏਜੰਟ ਗੈਂਗਸਟਰਾਂ ਦੇ ਰਾਹ

### ਕੈਨੇਡਾ ਭੇਜਣ ਦੀ ਥਾਂ ਬੰਗਲੂਰੂ ਦੇ ਜੰਗਲਾਂ ਵਿਚ ਬਣਾਇਆ ਕੈਦੀ

**ਬਰਨਾਲਾ/ਬਿਊਰੋ ਨਿਊਜ਼ :** ਪੰਜਾਬ ਦੇ ਟ੍ਰੈਵਲ ਏਜੰਟ ਗੈਂਗਸਟਰਾਂ ਦੇ ਰਾਹ 'ਤੇ ਚਲ ਪਏ ਹਨ। ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਟ੍ਰੈਵਲ ਏਜੰਟਾਂ ਨੇ 15 ਪੰਜਾਬੀਆਂ ਸਮੇਤ ਕੁੱਲ 100 ਤੋਂ ਜ਼ਿਆਦਾ ਨੌਜਵਾਨਾਂ ਨੂੰ ਬੰਗਲੂਰੂ ਦੇ ਜੰਗਲਾਂ ਵਿੱਚ ਬੰਦੀ ਬਣਾ ਕੇ ਰੱਖਿਆ ਹੋਇਆ ਹੈ। ਬਰਨਾਲਾ ਦੇ ਪਿੰਡ ਕਾਹਨੇਕੇ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਵੀ ਉਨ੍ਹਾਂ ਪੰਜਾਬੀਆਂ ਨਾਲ ਬੰਦੀ ਬਣਾਇਆ ਗਿਆ ਸੀ ਪਰ ਉਹ ਜਾਨ ਬਚਾ ਕੇ ਭੱਜ ਆਇਆ। ਉਸ ਨੇ ਕਿਹਾ ਕਿ ਏਜੰਟ ਅਗ਼ਵਾ ਕੀਤੇ ਨੌਜਵਾਨਾਂ ਦੇ ਘਰੋਂ ਪੈਸੇ ਮੰਗਵਾਉਂਦੇ ਹਨ ਤੇ ਅਜਿਹਾ ਨਾ ਹੋਣ 'ਤੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਗੁਰਪ੍ਰੀਤ ਅਨੁਸਾਰ ਬੰਦੀ ਬਣਾਏ ਗਏ ਨੌਜਵਾਨਾਂ ਵਿੱਚੋਂ ਪੰਜਾਬ ਤੋਂ ਇਲਾਵਾ ਦੇਸ਼ ਦੇ ਹੋਰ ਸੂਬਿਆਂ ਤੇ ਨੇਪਾਲ ਤੇ ਬੰਗਲਾਦੇਸ਼ ਦੇ ਵਸਨੀਕ ਵੀ ਹਨ। ਗੁਰਪ੍ਰੀਤ ਨੇ ਇਹ ਸਾਰੀ ਕਹਾਣੀ ਬਰਨਾਲਾ ਦੇ ਸੀਨੀਅਰ ਪੁਲਿਸ ਕਪਤਾਨ ਨੂੰ ਦੱਸੀ ਹੈ। ਪੁਲਿਸ ਨੇ ਉਸ ਦੀ ਸ਼ਿਕਾਇਤ 'ਤੇ ਅੱਠ ਏਜੰਟਾਂ 'ਤੇ ਕੇਸ ਦਰਜ ਕਰਕੇ ਦੋ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ। ਐਸਐਸਪੀ ਹਰਜੀਤ ਸਿੰਘ ਨੇ ਕਿਹਾ ਕਿ ਪੁਲਿਸ ਨੇ ਗੁਰਪ੍ਰੀਤ ਦੀ ਸ਼ਿਕਾਇਤ ਤੋਂ ਬਾਅਦ ਕੈਨੇਡਾ ਵਿੱਚ ਰਹਿ ਰਹੇ ਗੁਰਪ੍ਰੀਤ, ਮੋਗਾ ਦੇ ਰਹਿਣ ਵਾਲੇ ਰਣਜੀਤ, ਠੀਕਰੀਵਾਲਾ ਦੇ ਰਹਿਣ ਵਾਲੇ ਸੁਖਪ੍ਰੀਤ, ਅੰਮ੍ਰਿਤਸਰ ਵਾਸੀ ਸਾਗਰ, ਦਿੱਲੀ ਦੇ ਰਹਿਣ ਵਾਲੇ ਚੌਧਰੀ, ਬਰਨਾਲਾ ਦੇ ਗੁਰਪਾਲ ਤੇ ਹਨੀ ਸ਼ਰਮਾ, ਤਪਾ ਦੇ ਅਨਮੋਲ ਸ਼ਰਮਾ ਵਿਰੁੱਧ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਰਣਜੀਤ ਤੇ ਸੁਖਪ੍ਰੀਤ ਨੂੰ ਫੜ ਲਿਆ ਹੈ ਤੇ ਬਾਕੀਆਂ ਦੀ ਗ੍ਰਿਫ਼ਤਾਰੀ ਲਈ ਪੁਲਿਸ ਛਾਪੇਮਾਰੀ ਕਰ ਰਹੀ ਹੈ।

ਉਹ ਏਜੰਟਾਂ ਦੇ ਕਹਿਣ 'ਤੇ ਪਿਛਲੇ ਸਾਲ ਦਸੰਬਰ ਵਿੱਚ ਦਿੱਲੀ ਗਿਆ ਸੀ। ਉਸ ਨੂੰ ਪਹਿਲਾਂ ਇੱਕ ਮਹੀਨਾ ਦਿੱਲੀ ਘੁੰਮਾਇਆ ਗਿਆ। ਫਿਰ ਜਹਾਜ਼ ਰਾਹੀਂ ਮੁੰਬਈ ਤੇ ਬਾਅਦ ਵਿੱਚ ਬੰਗਲੁਰੂ ਲਿਜਾਇਆ ਗਿਆ। ਗਰੋਹ ਦੇ ਦੋ ਬਦਮਾਸ਼ਾਂ ਨੇ ਉਸ ਨੂੰ ਇੱਕ ਰਾਤ ਗੱਡੀ ਵਿੱਚ ਬਿਠਾ ਕੇ ਬੰਗਲੁਰੂ ਨੇੜੇ ਜੰਗਲਾਂ ਵਿੱਚ ਲੈ ਗਏ ਤੇ ਕਮਰੇ ਵਿੱਚ ਬੰਦ ਕਰ ਦਿੱਤਾ। ਕਮਰੇ ਵਿੱਚ ਪਹਿਲਾਂ ਤੋਂ ਹੀ 100 ਨੌਜਵਾਨ ਕੈਦ ਸਨ। ਬੰਦੂਕ ਦੀ ਨੋਕ 'ਤੇ ਕੈਨੇਡਾ ਵਾਲੇ ਸਿੰਮ ਤੋਂ ਗੁਰਪ੍ਰੀਤ ਦੀ ਗੱਲ ਉਸ ਦੀ ਮਾਂ ਨਾਲ ਕਰਵਾਈ ਗਈ ਤੇ ਉਸ ਤੋਂ ਜ਼ਬਰਦਸਤੀ ਕਹਾਇਆ ਗਿਆ ਕਿ ਉਹ ਕੈਨੇਡਾ ਪਹੁੰਚ ਗਿਆ ਹੈ ਤੇ ਏਜੰਟਾਂ ਨੂੰ ਬਾਕੀ ਬਚੇ 10 ਲੱਖ ਰੁਪਏ ਦੇ ਦਿੱਤੇ ਜਾਣ। ਪੁੱਤ ਦੇ ਫ਼ੋਨ ਤੋਂ ਬਾਅਦ ਮਾਂ ਨੇ ਤੀਜੇ ਦਿਨ ਏਜੰਟ ਨੂੰ ਪੈਸੇ ਦੇ ਦਿੱਤੇ। ਉਸ ਨੇ ਦੱਸਿਆ ਕਿ ਏਜੰਟ ਸਾਰੇ ਨੌਜਵਾਨਾਂ ਨੂੰ ਭੁੱਖਾ ਰੱਖਦੇ ਹਨ ਤੇ ਕੁੱਟਮਾਰ ਕਰਦੇ ਹਨ। ਦਿਨ ਵਿੱਚ ਦੋ ਵਾਰ ਕੈਮੀਕਲ ਵਾਲਾ ਪਾਣੀ ਪਿਆਇਆ ਜਾਂਦਾ ਹੈ ਤੇ ਹਫ਼ਤੇ ਵਿੱਚ ਦੋ ਵਾਰ ਖਾਣ ਲਈ ਸਿਰਫ ਚੌਲ਼ ਹੀ ਦਿੱਤੇ ਜਾਂਦੇ ਹਨ। ਗੁਰਪ੍ਰੀਤ ਨੇ ਦੱਸਿਆ ਕਿ ਪਹਿਲਾਂ ਗੰਨ ਪੁਆਇੰਟ 'ਤੇ ਪੇਮੈਂਟ ਕਰਵਾਈ ਜਾਂਦੀ ਹੈ ਤੇ ਜ਼ਿੰਦਾ ਰੱਖਣ ਲਈ ਵੀ ਪੈਸੇ ਮੰਗੇ ਜਾਂਦੇ ਹਨ। ਪੈਸੇ ਨਾ ਦੇਣ ਵਾਲੇ ਨੌਜਵਾਨਾਂ ਨੂੰ ਗੋਲ਼ੀ ਮਾਰ ਕੇ ਖਾਈ ਵਿੱਚ ਸੁੱਟ ਦਿੱਤਾ ਜਾਂਦੇ ਹਨ। ਗੁਰਪ੍ਰੀਤ ਅਨੁਸਾਰ ਉਸ ਦੇ ਸਾਹਮਣੇ ਤਿੰਨ ਮੁੰਡਿਆਂ ਨੂੰ ਗੋਲ਼ੀ ਮਾਰੀ ਗਈ ਸੀ। ਗੁਰਪ੍ਰੀਤ ਨੇ ਦੱਸਿਆ ਕਿ ਇੱਕ ਦਿਨ ਉਸ ਨੂੰ ਤੇਜ਼ ਬੁਖ਼ਾਰ ਸੀ। ਉਹ ਜ਼ਮੀਨ 'ਤੇ ਤੜਫ ਰਿਹਾ ਸੀ ਕਿ ਏਜੰਟ ਗਰੋਹ ਦੇ ਮੈਂਬਰ ਨੇ ਉਸ ਨੂੰ ਪੁੱਛਿਆ ਕਿ ਉਹ ਕਿੱਥੋਂ ਦਾ ਹੈ ਤਾਂ ਉਸ ਨੇ ਆਪਣੇ ਪਿੰਡ ਤੇ ਪਰਿਵਾਰ ਬਾਰੇ ਦੱਸਿਆ। ਗੁਰਪ੍ਰੀਤ ਨੇ ਉਸ ਨੂੰ ਕਿਹਾ ਕਿ ਘਰ ਵਿੱਚ ਬੁੱਢੀ ਮਾਂ ਤੇ ਭੈਣ ਹੈ। ਭੈਣ ਦਾ ਵਿਆਹ ਕਰਨ ਲਈ ਤੇ ਪੈਸੇ ਕਮਾਉਣ ਲਈ ਉਹ ਆਪਣੀ ਜ਼ਮੀਨ ਗਹਿਣੇ ਰੱਖ ਕੇ ਆਇਆ ਹੈ। ਉਸਨੂੰ ਗੁਰਪ੍ਰੀਤ 'ਤੇ ਤਰਸ ਆ ਗਿਆ। ਉਸ ਨੇ ਉਸ ਨੂੰ ਸੇਬ ਦੀ ਇੱਕ ਫਾੜੀ, ਇੱਕ ਫਰੂਟੀ ਤੇ ਬੁਖ਼ਾਰ ਦੀ ਦਵਾਈ ਦਿੱਤੀ ਤੇ ਕਮਰੇ ਵਿੱਚ ਬੰਦ ਕਰ ਦਿੱਤਾ। ਕੁਝ ਦਿਨ ਬਾਅਦ ਉਸ ਨੇ ਮੌਕੇ ਦੇਖ ਕੇ ਗੁਰਪ੍ਰੀਤ ਨੂੰ ਉੱਥੋਂ ਭਜਾ ਦਿੱਤਾ। 10 ਦਿਨਾਂ ਵਿੱਚ ਟ੍ਰੇਨਾਂ ਵਿਚ ਧੱਕੇ ਖਾਂਦਾ ਹੋਇਆ ਉਹ ਆਪਣੇ ਪਿੰਡ ਪਹੁੰਚਿਆ। ਉਸ ਨੇ ਦੱਸਿਆ ਕਿ ਪਹਿਲੀ ਜੁਲਾਈ ਨੂੰ ਏਜੰਟ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਸੀ। ਬਰਨਾਲਾ ਪਹੁੰਚ ਕੇ ਉਸ ਨੇ ਏਜੰਟ ਤੋਂ ਦਿੱਤੇ ਗਏ 25 ਲੱਖ ਰੁਪਏ ਵਾਪਸ ਮੰਗੇ ਤਾਂ ਉਸ ਨੇ ਸਿਰਫ ਪੰਜ ਲੱਖ ਰੁਪਏ ਹੀ ਦਿੱਤੇ। ਪੈਸੇ ਪੂਰੇ ਨਾ ਮਿਲਣ 'ਤੇ ਉਸ ਨੇ ਐਸਐਸਪੀ ਨੂੰ 25 ਜੁਲਾਈ ਨੂੰ ਸ਼ਿਕਾਇਤ ਦਰਜ ਕਰਵਾਈ ਸੀ।

# ਪੰਜਾਬ ਦੇ ਗੱਭਰੂਆਂ ਨੂੰ ਠੱਗ ਟ੍ਰੈਵਲ ਏਜੰਟਾਂ ਨੇ ਪਾਕਿਸਤਾਨ ਦੀਆਂ ਜੇਲ੍ਹਾਂ 'ਚ ਪਹੁੰਚਾਇਆ

- ਏਰੀਜੋਨਾਂ ਦੀਆਂ ਜੇਲ੍ਹਾਂ 'ਚ ਬੰਦ ਨੇ ਪੰਜਾਬੀ ਗੱਭਰੂ
- ਮਨੁੱਖੀ ਤਸਕਰੀ ਦਾ ਧੰਦਾ ਪੰਜਾਬ 'ਚ ਧੜੱਲੇ ਨਾਲ ਜਾਰੀ



**ਗੁਰਬਚਨ ਸਿੰਘ**
(9815698451)

ਪੰਜਾਬ ਸਰਕਾਰ ਤੇ ਇਸ ਦੀਆਂ ਏਜੰਸੀਆਂ ਸਰਕਾਰ ਦੁਆਰਾ ਧੋਖੇਬਾਜ਼ ਤੇ ਠੱਗ ਟ੍ਰੈਵਲ ਏਜੰਟਾਂ 'ਤੇ ਲਗਾਮ ਨਾ ਲਗਾਉਣ ਦਾ ਨਤੀਜਾ ਹੈ ਕਿ ਇਸ ਗੋਰਖ-ਧੰਦੇ ਵਿਚ ਸੈਂਕੜੇ ਪੰਜਾਬੀ ਗੱਭਰੂ ਆਪਣੀ ਜ਼ਿੰਦਗੀ ਗੁਆ ਬੈਠੇ ਹਨ। ਇਹ ਗੱਭਰੂ ਪਾਕਿਸਤਾਨ ਤੋਂ ਲੈ ਕੇ ਵਿਸ਼ਵ ਦੀਆਂ ਕਈ ਜੇਲ੍ਹਾਂ ਵਿਚ ਬੰਦ ਹਨ ਤੇ ਉਨ੍ਹਾਂ ਦੇ ਪਰਿਵਾਰ ਆਪਣੇ ਲਾਡਲਿਆਂ ਦੀ ਰਾਹ ਦੇਖ ਰਹੇ ਹਨ ਕਿ ਡਾਲਰ ਕਮਾਉਣ ਦੇ ਲਈ ਘਰ ਤੋਂ ਨਿਕਲੇ ਉਨ੍ਹਾਂ ਦੇ ਲਾਡਲੇ ਸ਼ਾਇਦ ਵਾਪਸ ਪਰਤ ਆਉਣ। ਇਹ ਗੋਰਖਧੰਦਾ 80 ਦੇ ਦਹਾਕੇ ਤੋਂ ਚਲਦਾ ਆ ਰਿਹਾ ਹੈ। 1996 ਵਿਚ ਮਾਲਟਾ ਬੋਟ ਕਾਂਡ ਵਾਪਰਿਆ ਸੀ, ਜਿਸ ਵਿਚ 283 ਪੰਜਾਬੀ ਗੱਭਰੂ ਇਕ ਬੋਟ 'ਤੇ ਨਾਜਾਇਜ਼ ਢੰਗ ਦੇ ਨਾਲ ਯੂਰਪ ਜਾ ਰਹੇ ਸਨ ਤਦ ਉਨ੍ਹਾਂ ਦੀ ਵੋਟ ਡੁੱਬ ਗਈ। ਇਸ ਹਾਦਸੇ ਤੋਂ ਬਾਅਦ ਵੀ ਸਰਕਾਰ ਦੀ ਨੀਂਦ ਨਹੀਂ ਖੁੱਲ੍ਹੀ। 2016 ਦੌਰਾਨ ਪੈਨਾਮਾ ਬੋਟ ਕਾਂਡ ਵਾਪਰ ਗਿਆ। ਨਾਜਾਇਜ਼ ਪ੍ਰਵਾਸ ਰੈਕੇਟ ਦੇ ਚੁੰਗਲ ਵਿਚ ਫਸੇ ਪੰਜਾਬ ਦੇ 25 ਗੱਭਰੂਆਂ ਦਾ ਪਤਾ ਨਹੀਂ ਲਗ ਸਕਿਆ। ਉਹ ਸਾਰੇ ਇਕ ਬੇੜੇ ਵਿਚ ਨਾਜਾਇਜ਼ ਢੰਗ ਨਾਲ ਅਮਰੀਕਾ ਜਾਣ ਦੇ ਲਈ ਰਵਾਨਾ ਹੋਏ ਸਨ। ਬੇੜੀ ਦਸ ਜਨਵਰੀ 2016 ਨੂੰ ਪਨਾਮਾ ਦੇ ਕੋਲ ਡੁੱਬ ਗਈ। ਹਾਦਸੇ ਵਿਚ ਬਚੇ ਇਕ ਨੌਜਵਾਨ ਨੇ ਆਪਣੇ ਪਰਿਵਾਰ ਨੂੰ ਹਾਦਸੇ ਬਾਰੇ ਜਾਣਕਾਰੀ ਦਿੱਤੀ ਤਾਂ ਪਤਾ ਚੱਲਿਆ ਕਿ ਸਾਰੇ ਮੌਤ ਦੇ ਮੂੰਹ ਵਿਚ ਚਲੇ ਗਏ ਹਨ। ਸਰਕਾਰ ਏਜੰਟਾਂ ਦੇ ਪ੍ਰਤੀ ਕਿੰਨੀ ਗੰਭੀਰ ਹੈ,ਇਸ ਦਾ ਪਤਾ ਇਸ ਤੋਂ ਚਲਦਾ ਹੈ ਕਿ ਮਾਲਟਾ ਹਾਦਸੇ ਦੇ ਬਾਅਦ ਸਾਮਾਜਿਕ ਕਾਰਜਕਰਤਾ ਬਲਵੰਤ ਸਿੰਘ ਖੇੜਾ ਨੇ ਮਾਲਟਾ ਵੋਟ ਟਰੇਜਿਡੀ ਮਿਸ਼ਨ ਦੀ ਸਥਾਪਨਾ ਕੀਤੀ। ਉਹ ਇਸ ਹਾਦਸੇ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਚਾਹੁੰਦੇ ਸਨ। ਪਰ 29 ਟਰੈਵਲ ਏਜੰਟਾਂ ਦੇ ਖਿਲਾਫ਼ ਦੋਸ਼ ਪੱਤਰ ਤੱਕ ਨਹੀਂ ਦਾਇਰ ਹੋਏ, ਜਿਨ੍ਹਾਂ ਨੇ ਕੇਂਦਰੀ ਜਾਂਚ ਬਿਊਰੋ ਨੇ ਮਾਮਲਾ ਦਰਜ ਕੀਤਾ ਸੀ। ਇਟਲੀ ਵਿਚ ਤਾਂ ਇਸ ਮਾਮਲੇ ਦੇ ਤਿੰਨ ਦੋਸ਼ੀਆਂ ਨੂੰ ਸਜ਼ਾ ਹੋਈ ਹੈ, ਪਰ ਭਾਰਤ ਵਿਚ ਸਾਰੇ ਅਜ਼ਾਦ ਹੀ ਘੁੰਮ ਰਹੇ ਹਨ।

ਬੁਲਗਾਰੀਆ ਜਾਣ ਦੇ ਚੱਕਰ ਵਿਚ ਪਹੁੰਚ ਗਏ ਜੇਲ੍ਹ : ਯੂਪੀਏ ਸਰਕਾਰ ਵਿਚ 57 ਅਜਿਹੇ ਪੰਜਾਬੀ ਗੱਭਰੂਆਂ ਦੇ ਬਾਰੇ ਪਤਾ ਚੱਲਿਆ ਹੈ ਜੋ ਪਾਕਿਸਤਾਨ ਦੀ ਕਵੇਟਾ ਕੋਟ ਲਖਪਤ ਰਾਏ ਜੇਲ੍ਹਾਂ ਵਿਚ ਬੰਦ ਹਨ, ਜਿਨ੍ਹਾਂ ਨੂੰ ਕਾਫੀ ਯਤਨ ਦੇ ਬਾਅਦ ਰਿਹਾਅ ਕਰਵਾਇਆ ਗਿਆ। ਉਹ ਗੱਭਰੂ ਰੁਜ਼ਗਾਰ ਦੇ ਲਈ ਯੂਰਪ ਜਾਣ ਦੇ ਚੱਕਰ ਵਿਚ ਯੂਨਾਨ ਤੇ ਤੁਰਕੀ ਪਹੁੰਚ ਗਏ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਇਰਾਨ ਤੇ ਇਥੋਂ ਪਾਕਿਸਤਾਨ ਪਹੁੰਚਾ ਦਿੱਤਾ ਗਿਆ। ਸਥਾਨਕ ਗੁੱਜਾ ਪੀਰ ਇਲਾਕੇ ਦੇ ਰਹਿਣ ਵਾਲਾ ਪ੍ਰਦੀਪ ਕੁਮਾਰ ਅੱਜ ਵੀ ਪਾਕਿਸਤਾਨ ਦੀ ਜੇਲ੍ਹ ਦੇ ਦ੍ਰਿਸ਼ ਨੂੰ ਯਾਦ ਕਰਕੇ ਘਬਰਾ ਜਾਂਦਾ ਹੈ। ਪ੍ਰਦੀਪ ਨੇ ਵੀ ਬੁਲਗਾਰੀਆ ਜਾਣ ਦੇ ਲਈ ਨਾਜਾਇਜ਼ ਢੰਗ ਨਾਲ ਯਤਨ ਕੀਤਾ ਸੀ। ਉਸ ਦੇ ਕੋਲ ਜਾਇਜ਼ ਵੀਜ਼ਾ ਤੇ ਸੀਰੀਆ ਤੱਕ ਵਾਪਸੀ ਦੀ ਟਿਕਟ ਸੀ। ਇਸ ਦੇ ਬਾਅਦ ਸੜਕ ਦੇ ਰਸਤੇ ਤੁਰਕੀ ਦੇ ਰਾਹੀਂ ਬੁਲਗਾਰੀਆ ਵਿਚ ਪ੍ਰਵੇਸ਼ ਕਰਨ ਦੀ ਯੋਜਨਾ ਸੀ। ਤੁਰਕੀ ਬਾਰਡਰ ਤੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਥੋਂ ਇਰਾਨ ਤੇ ਫਿਰ ਪਾਕਿ ਭੇਜ ਦਿੱਤਾ ਗਿਆ ਤੇ ਕੋਟ ਲਖਪਤ ਰਾਏ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਪ੍ਰਦੀਪ ਗਰੀਸ ਵਿਚ ਆਪਣੇ ਦੋ ਭਰਾਵਾਂ ਕੋਲ ਜਾਣਾ ਚਾਹੁੰਦਾ ਸੀ, ਜੋ ਆਪਣੇ ਪਰਿਵਾਰ ਨੂੰ ਚੰਗੀ ਕਮਾਈ ਭੇਜਦੇ ਸਨ।

ਮੋਰਾਕੋ ਦੀ ਜੇਲ੍ਹ 'ਚ ਬੰਦ ਹਨ ਪੰਜਾਬ ਦੇ 6 ਗੱਭਰੂ : ਪੰਜਾਬ ਦੇ ਗੱਭਰੂ ਮੋਰਾਕੋ ਦੀਆਂ ਜੇਲ੍ਹਾਂ ਵਿਚ ਬੰਦ ਹਨ। ਏਜੰਟਾਂ ਨੇ ਤੁਰਕੀ ਵਾਲਾ ਰਸਤਾ ਬੰਦ ਕਰਕੇ ਫਿਰ ਮੋਰਾਕੋ ਵਾਲਾ ਰਸਤਾ ਅਪਨਾ ਲਿਆ ਹੈ। 31 ਦਸੰਬਰ 2009 ਨੂੰ ਸੂਚਨਾ ਮਿਲੀ ਸੀ ਮੋਰਾਕੋ ਦੀ ਜੇਲ੍ਹ ਵਿਚ ਪਿਛਲੇ ਛੇ ਸਾਲਾਂ ਤੋਂ ਪੰਜਾਬੀ ਗੱਭਰੂ ਬੰਦ ਹਨ। ਉਨ੍ਹਾਂ ਵਿਚੋਂ ਇਕ ਜਸਵੰਤ ਸਿੰਘ ਨੇ ਆਪਣੇ ਚਾਚਾ ਸੁਖਦੇਵ ਸਿੰਘ ਨੂੰ ਫੋਨ ਕੀਤਾ। 2003 ਦੌਰਾਨ ਇਹ ਨੌਜਵਾਨ ਪਟਿਆਲਾ ਤੋਂ ਸਪੇਨ ਲਈ ਰਵਾਨਾ ਹੋਏ ਸਨ। ਕੁਝ ਦਿਨ ਬਾਅਦ ਉਹ ਲਾਪਤਾ ਹੋ ਗਏ। ਪਿਛਲੇ ਮਹੀਨੇ ਦੀ ਖੁਲਾਸਾ ਹੋਇਆ ਹੈ ਕਿ ਹੁਣ ਅਮਰੀਕਾ ਪਹੁੰਚਾਉਣ ਦੇ ਲਈ ਏਰੀਜੋਨਾ ਰੂਟ ਤਿਆਰ ਕੀਤਾ ਗਿਆ ਹੈ। ਕਪੂਰਥਲਾ ਦੇ 30 ਗੱਭਰੂ ਏਰੀਜੋਨਾ ਜੇਲ੍ਹ ਵਿਚ ਫਸ ਗਏ ਹਨ। ਸੁਲਤਾਨਪੁਰ ਲੋਦੀ ਤਹਿਸੀਲ ਮੰਡ ਦੇ ਖੇਤਰ ਦੇ ਪਿੰਡ ਕਬੀਰਪੁਰ, ਮਜੀਦਪੁਰ, ਮੁਰੱਬਾ, ਮੋਹੋਬਲੀਪੁਰ, ਮਹਿਜਦਪੁਰ ਤੇ ਸੇਵਾ ਸਿੰਘ ਵਾਲਾ ਦੇ ਨੌਜਵਾਨ ਵੀ ਏਰੀਜੋਨਾ ਜੇਲ੍ਹ ਵਿਚ ਬੰਦ ਹਨ। ਏਜੰਟਾਂ ਨੇ ਗੱਭਰੂਆਂ ਨੂੰ ਗਰੀਸ ਦਾ ਵੀਜ਼ਾ ਲਗਾ ਕੇ ਭੇਜਿਆ ਸੀ। ਇਥੋਂ ਸ਼ੇਨੇਗਨ ਵੀਜ਼ਾ ਇਟਲੀ ਫਰਾਂਸ ਸਮੇਤ 14 ਦੇਸਾਂ ਦਾ ਇਕ ਵੀਜ਼ਾ ਤੇ ਘਰੇਲੂ ਉਡਾਨ ਦੁਆਰਾ ਸਪੇਨ ਲਿਜਾਇਆ ਗਿਆ ਤੇ ਫਿਰ ਉੱਥੇ ਮੈਕਸੀਕੋ ਭੇਜਿਆ ਗਿਆ। ਮੈਕਸੀਕੋ ਵਿਚ ਇਨ੍ਹਾਂ 70 ਪੰਜਾਬੀ ਨੌਜਵਾਨਾਂ ਨੂੰ ਕਈ ਦਿਨ ਤੱਕ ਇਕ ਘਰ ਵਿਚ ਬੰਦ ਰੱਖਿਆ ਗਿਆ। ਇਥੋਂ 36 ਘੰਟੇ ਦਾ ਸਫਰ ਕਰਕੇ ਉਨ੍ਹਾਂ ਨੂੰ ਮੈਕਸੀਕੋ ਸਰਹੱਦ ਪਾਰ ਕਰਵਾ ਦਿੱਤੀ ਗਈ, ਪਰ ਉਹ ਅਮਰੀਕੀ ਬਾਰਡਰ 'ਤੇ ਫ਼ੌਜ ਦੇ ਹੱਥ ਲੱਗ ਗਏ, ਹੁਣ ਏਰੀਜੋਨਾ ਜੇਲ੍ਹ ਵਿਚ ਹਨ।

ਜਾਅਲੀ ਟ੍ਰੈਵਲ ਏਜੰਟਾਂ ਦਾ ਧੰਧਾ ਤੇ ਪੰਜਾਬ ਵਿਚੋਂ ਪ੍ਰਵਾਸ ਦਾ ਮਸਲਾ : ਜਾਅਲੀ ਟ੍ਰੈਵਲ ਏਜੰਟ ਕਿਵੇਂ ਪੰਜਾਬ ਦੇ ਲੋਗਾਂ ਨੂੰ ਦੋਹੀਂ ਹੱਥੀ ਲੁਟ ਰਹੇ ਹਨ। ਪੰਜਾਬ ਦੇ ਲੋਗਾਂ ਉਤੇ ਆਈ ਇਹ ਕਿਸ ਕਿਸਮ ਦੀ ਸਾੜ੍ਹਸਤੀ ਹੈ? ਦਰਅਸਲ ਇਹ ਸਾੜ੍ਹਸਤੀ ਵੀ ਉਸੇ ਵਡੀ ਸਾੜ੍ਹਸਤੀ ਦਾ ਹਿਸਾ ਹੈ, ਜਿਸ ਦੀ ਸਤੀ ਹੋਈ ਪੰਜਾਬ ਦੀ ਕਿਸਾਨੀ ਖੁਦਕਸ਼ੀਆਂ ਕਰ ਰਹੀ ਹੈ, ਪੰਜਾਬ ਦੀ ਜਵਾਨੀ ਕਿਰਤ ਕਰੋ-ਵੰਡ ਛਕੋ-ਨਾਮ ਜਪੋ ਦੇ ਸਭਿਆਚਾਰ ਤੋਂ ਟੁਟ ਕੇ ਨਸ਼ੇੜੀ ਬਣਦੀ ਜਾ ਰਹੀ ਹੈ ਜਾਂ ਗੈਂਗਵਾਰ ਵਿਚ ਮਰ ਰਹੀ ਹੈ। ਇਹ ਪੰਜਾਬ ਦੇ ਸਬਰ-ਸੰਤੋਖ ਦੇ ਗੁਰੂ ਸਭਿਆਚਾਰ ਤੋਂ ਟੁਟਣ ਦਾ ਸੰਤਾਪ ਹੈ। ਪ੍ਰਵਾਸ ਦੀ ਮਜਬੂਰੀ ਇਸ ਸੰਤਾਪ ਦਾ ਇਕ ਹਿਸਾ ਹੈ।

ਇਸ ਮਸਲੇ ਦੀਆਂ ਜੜ੍ਹਾਂ ਸਾਲ 2008 ਵਿਚ ਆਏ ਆਲਮੀ ਆਰਥਿਕ ਸੰਕਟ ਵਿਚ ਪਈਆ ਹਨ। ਇਸ ਆਰਥਿਕ ਸੰਕਟ ਨੇ ਦੁਨੀਆ ਭਰ ਦੇ ਸਭ ਤੋਂ ਅਮੀਰ ਮੁਲਕ ਅਮਰੀਕਾ ਸਮੇਤ ਕੈਨੇਡਾ ਯੂਰਪ ਅਤੇ ਆਸਟ੍ਰੇਲੀਆ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਪੰਜਾਬੀ ਵਿਦਿਆਰਥੀਆਂ ਦੀ ਇਹ ਹੁਲੱੜਬਾਜੀ ਵੀ ਇਸੇ ਆਰਥਿਕ ਸੰਕਟ ਦਾ ਪ੍ਰਗਟਾਵਾ ਹੈ। ਪੰਜਾਬੀ ਵਿਦਿਆਰਥੀਆਂ ਦੇ ਮਨਾਂ ਵਿਚ ਪੈਦਾ ਹੋਏ ਰੋਸ ਦੇ ਬਹੁਤ ਸਾਰੇ ਹੋਰ ਕਾਰਨ ਵੀ ਹਨ, ਪਰ ਇਕ ਮੁਖ ਕਾਰਨ ਇਸ ਆਰਥਿਕ ਸੰਕਟ ਦਾ ਪ੍ਰਭਾਵ ਹੈ।

ਪਿਛਲੇ ਸਾਲ ਅਗਸਤ ਵਿਚ ਆਪਣੀ ਟੋਰਾਂਟੋ ਫੇਰੀ ਦੌਰਾਨ ਕੁਝ ਵਿਦਿਆਰਥੀਆਂ ਤੋਂ ਮੈਨੂੰ ਜਿਹੜੀ ਜਾਣਕਾਰੀ ਮਿਲੀ, ਉਸ ਜਾਣਕਾਰੀ ਅਨੁਸਾਰ ਪ੍ਰਦੇਸੀ ਵਿਦਿਆਰਥੀਆਂ ਤੋਂ ਚਾਰ ਗੁਣਾ ਫੀਸ ਵਸੂਲ ਕੀਤੀ ਜਾਂਦੀ ਹੈ। ਜਿਹੜੀ ਉਸ ਵੇਲੇ ਕੈਨੇਡੀਅਨ ਵਿਦਿਆਰਥੀਆਂ ਕੋਲੋਂ 1800 ਡਾਲਰ ਛਿਮਾਹੀ ਸੀ ਅਤੇ ਬਾਹਰਲੇ ਵਿਦਿਆਰਥੀਆਂ ਤੋਂ 7200 ਡਾਲਰ ਵਸੂਲ ਕੀਤੀ ਜਾਂਦੀ ਸੀ, ਜਿਹੜੀ ਕੇ ਹੁਣ ਵਧ ਕੇ 8000 ਡਾਲਰ ਹੋ ਗਈ ਹੈ। ਇਹ ਆਮ ਕੋਰਸਾਂ ਦੀ ਫੀਸ ਹੈ। ਵਿਸ਼ੇਸ਼ ਕੋਰਸਾਂ ਦੀ ਫੀਸ ਇਸ ਤੋਂ ਵੀ ਕਿਤੇ ਜਿਆਦਾ ਹੈ। ਇਨ੍ਹਾਂ ਵਿਦਿਆਰਥੀਆਂ ਨੂੰ 20 ਘੰਟੇ ਪ੍ਰਤੀ ਹਫਤਾ ਭਾਵ 80 ਘੰਟੇ ਪ੍ਰਤੀ ਮਹੀਨਾ ਕੰਮ ਕਰਨ ਦੀ ਕਾਨੂੰਨੀ ਇਜਾਜਤ ਹੈ। ਉਦੋਂ ਪ੍ਰਤੀ ਘੰਟਾ ਘਟੋਘਟ ਸਰਕਾਰੀ ਉਜਰਤ 11.8 ਡਾਲਰ ਸੀ, ਜਿਹੜੀ ਕਿ ਹੁਣ ਵਧ ਕੇ 15 ਡਾਲਰ ਹੋ ਗਈ ਦਸੀ ਜਾਂਦੀ ਹੈ। ਇਹ ਸਾਰੇ ਮਿਲਾ ਕੇ 1200 ਡਾਲਰ ਪ੍ਰਤੀ ਮਹੀਨਾ ਬਣਦੇ ਹਨ। ਇਹ 1200 ਡਾਲਰ 6 ਮਹੀਨਿਆਂ ਦੀ ਫੀਸ ਵੀ ਪੂਰੀ ਨਹੀਂ ਕਰਦੇ। ਖਾਣ-ਪੀਣ ਤੇ ਰਹਿਣ-ਸਹਿਣ ਦਾ ਖਰਚਾ ਇਸ ਤੋਂ ਵਖਰਾ ਹੈ। ਇਸ ਲਈ ਵਿਦਿਆਰਥੀਆਂ ਨੂੰ 80 ਘੰਟੇ ਤੋਂ ਵਧ ਕੰਮ ਕਰਨਾ ਪੈਂਦਾ ਹੈ। ਇਹ ਵਾਧੂ ਘੰਟੇ ਸਰਕਾਰੀ ਨਜਰਾਂ ਵਿਚ ਗੈਰਕਾਨੂੰਨੀ ਹਨ। ਇਸ ਲਈ ਇਨ੍ਹਾਂ ਘੰਟਿਆਂ ਦੀ ਉਜਰਤ 5-6 ਡਾਲਰ ਤੋਂ ਵਧ ਨਹੀਂ ਮਿਲਦੀ। ਗੈਰਕਾਨੂੰਨੀ ਹੋਣ ਕਰਕੇ ਸ਼ਰੇਆਮ ਕੀਤੇ ਜਾਣ ਵਾਲੇ ਇਸ ਧੱਕੇ ਬਾਰੇ ਚੁਪ ਰਹਿਣਾ ਵਿਦਿਆਰਥੀਆਂ ਦੀ ਮਜਬੂਰੀ ਹੈ। ਉਨ੍ਹਾਂ ਦੀ ਇਸੇ ਮਜਬੂਰੀ ਦਾ ਨਜਾਇਜ ਫਾਇਦਾ ਉਠਾਇਆ ਜਾਂਦਾ ਹੈ। ਇਕ ਜਾਣਕਾਰ ਨੇ ਟੋਰਾਂਟੋ ਦੇ ਹੰਬਰ ਕਾਲਜ ਦੇ ਸਾਹਮਣੇ ਇਕ ਵਡੀ ਫੈਕਟਰ ਵਿਖਾਈ, ਜਿਸ ਵਿਚ ਸੈਂਕੜੇ ਵਿਦਿਆਰਥੀ ਕੰਮ ਕਰਦੇ ਹਨ। ਸਾਡੇ ਜਾਣਕਾਰ ਦੇ ਮਨ ਵਿਚ ਪੈਦਾ ਹੋਇਆ ਸੁਆਲ ਸੀ, ਕਿ ਕੀ ਸਰਕਾਰ ਨੂੰ ਨਹੀਂ ਪਤਾ ਕਿ ਇਥੇ ਵਿਦਿਆਰਥੀਆਂ ਕੋਲੋਂ ਘਟ ਦਰਾਂ ਉਤੇ ਕੰਮ ਕਰਵਾਇਆ ਜਾਂਦਾ ਹੈ? ਆਪਣੀ ਫੀਸ ਤੇ ਰਹਿਣ ਸਹਿਣ ਦਾ ਖਰਚਾ ਪੂਰਾ ਕਰਨ ਲਈ ਵਿਦਿਆਰਥੀਆਂ ਨੂੰ ਸੱਤੇ ਦਿਨ ਰੋਜਾਨਾ 10-10 ਘੰਟੇ ਕੰਮ ਕਰਨਾ ਪੈਂਦਾ ਹੈ। ਇਸ ਤੋਂ ਵੀ ਵਡੀ ਸਮਸਿਆ ਇਹ ਹੈ ਕਿ ਜਦੋਂ ਆਰਥਿਕ ਸੰਕਟ ਦੇ ਮਧੋਲੇ ਤੇ ਡੋਨਾਲਡ ਟਰੰਪ ਦੀਆਂ ਸਾਮਰਾਜੀ ਨੀਤੀਆਂ ਦਾ ਖਮਿਆਜਾ ਭੁਗਤ ਰਹੇ ਕੈਨੇਡੀਅਨਾਂ ਕੋਲ ਆਪਣੇ ਵਾਸਤੇ ਹੀ ਨੌਕਰੀਆਂ ਨਹੀਂ, ਤਾਂ ਇਨ੍ਹਾਂ ਵਿਦਿਆਰਥੀਆਂ ਨੂੰ ਏਨੇ ਘੰਟਿਆਂ ਵਾਸਤੇ ਕੰਮ ਕਿਵੇਂ ਮਿਲ ਸਕਦਾ ਹੈ। ਕੈਨੇਡਾ ਵਿਚ ਰਹਿੰਦੇ ਪੰਜਾਬੀਆਂ ਤੇ ਇਨ੍ਹਾਂ ਪੰਜਾਬੀ ਵਿਦਿਆਰਥੀਆਂ ਵਿਚਕਾਰ ਕੰਮ ਲਭੱਣ ਦਾ ਇਹ ਮੁਕਾਬਲਾ ਵੀ ਆਪਸੀ ਈਰਖਾ ਦਾ ਕਾਰਨ ਬਣਿਆ ਹੋਇਆ ਹੈ।

ਪਿਛਲੇ ਦਿਨੀ ਕੁਝ ਪੰਜਾਬੀ ਵਿਦਿਆਰਥੀਆਂ ਵਲੋਂ ਇਕ ਦਲਾਲ ਨੂੰ ਡਾਂਗਾਂ ਨਾਲ ਕੁਟਦੇ ਵਿਖਾਉਦਿਆਂ ਦੇ ਵਾਇਰਲ ਹੋਏ ਵੀਡੀਓ ਦਾ ਕਾਰਨ ਵੀ ਇਹੀ ਸੀ, ਕਿ ਉਸਨੇ ਕਿਰਾਏ ਦਾ ਮਕਾਨ ਦਿਵਾਉਣ ਦਾ ਲਾਰਾ ਲਾ ਕੇ ਲਏ ਬਿਆਨੇ ਨੂੰ ਵਾਪਸ ਕਰਨ ਤੋਂ ਨਾਂਹ ਕਰ ਦਿਤੀ ਸੀ। ਹੁਣ ਏਨੀਆਂ ਔਖੀਆਂ ਹਾਲਤਾਂ ਵਿਚ ਕਮਾਏ ਡਾਲਰਾਂ ਨੂੰ ਵਿਦਿਆਰਥੀ ਐਵੇਂ ਕਿਵੇਂ ਜਾਣ ਦੇ ਸਕਦੇ ਸਨ। ਇਥੇ ਇਕ ਧਾਰਨਾ ਪ੍ਰਤੀ ਸਪਸ਼ਟ ਹੋਣ ਦੀ ਲੋੜ ਹੈ ਕਿ ਸਾਮਰਾਜੀਆਂ ਲਈ ਵਿਦਿਆ ਦਾ ਮਸਲਾ ਸਮਾਜੀ ਗਿਆਨ ਵੰਡਣਾ ਨਹੀਂ ਸਗੋਂ ਮਨੁਖ ਨੂੰ ਆਪਣੀ ਪੈਦਾਵਾਰੀ ਮਸ਼ੀਨ ਦਾ ਪੁਰਜਾ ਬਣਾਉਣਾ ਹੈ। ਇਸ ਘੋਰ ਆਰਥਿਕ ਸੰਕਟ ਦੇ ਦੌਰ ਵਿਚ ਮਜਬੂਰੀਵਸ ਉਹ ਆਪਣੀਆਂ ਯੂਨੀਵਰਸਿਟੀਆਂ ਨੂੰ ਚਲਦਾ ਰਖਣ ਲਈ ਚਾਰ ਗੁਣਾ ਵਧ ਫੀਸ ਲੈ ਕੇ ਬਾਹਰਲੇ ਦੇਸਾਂ ਦੇ ਵਿਦਿਆਰਥੀਆਂ ਨੂੰ ਬੁਲਾ ਤਾਂ ਰਹੇ ਹਨ, ਪਰ ਉਨ੍ਹਾਂ ਨੂੰ ਬਣਦੀਆਂ ਕਾਨੂੰਨੀ ਸਹੂਲਤਾਂ ਦੇਣ ਤੋਂ ਟਾਲਾ ਵਟ ਰਹੇ ਹਨ। ਮਿਸਾਲ ਦੇ ਤੌਰ ਉਤੇ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਇਹਨਾਂ ਵਿਦਿਆਰਥੀਆਂ ਨੂੰ ਪੀ ਆਰ ਦੇਣ ਤੋਂ ਆਨਾਕਾਨੀ ਕੀਤੀ ਜਾਂਦੀ ਹੈ। ਟੋਰਾਂਟੋ ਦੇ ਵਿਦਿਆਰਥੀਆਂ ਨੂੰ ਪੀ ਆਰ ਲੈਣ ਲਈ ਮਨੀਟੋਬਾ, ਮਾਂਟਰੀਆਲ ਜਾਂ ਐਡਮਿੰਟਨ ਜਾਣਾ ਪੈਂਦਾ ਹੈ। ਪੀ ਆਰ ਲੈ ਕੇ ਜਦੋਂ ਉਹ ਦੁਬਾਰਾ ਟੋਰਾਂਟੋ ਆਉਂਦੇ ਹਨ ਤਾਂ ਉਮਰ ਦਾ ਉਹ ਹਿਸਾ ਬੀਤ ਜਾਂਦਾ ਹੈ, ਜਦੋਂ ਉਹਨਾ ਨੇ ਵਿਆਹ-ਸ਼ਾਦੀ ਕਰਕੇ ਗ੍ਰਹਿਸਤ ਵਸਾਉਣੀ ਹੁੰਦੀ ਹੈ। ਇਸੇ ਕਾਰਨ ਫਿਰ ਗਲਤ-ਮਲਤ ਰਿਸ਼ਤਿਆਂ ਦਾ ਆਰੰਭ ਹੁੰਦਾ ਹੈ, ਜਿਹੜਾ ਬਾਅਦ ਦੀ ਜਿੰਦਗੀ ਲਈ ਮੁਸੀਬਤ ਬਣ ਜਾਂਦਾ ਹੈ। ਫਿਰ ਵਡੇ ਸ਼ਹਿਰਾਂ ਵਿਚ ਘਰ ਏਨੇ ਮਹਿੰਗੇ ਹਨ ਕਿ ਆਮ ਮਨੁਖ ਜਿੰਨੀ ਮਰਜੀ ਮਿਹਨਤ ਕਰ ਲਵੇ ਆਪਣਾ ਘਰ ਲੈਣ ਬਾਰੇ ਸੋਚ ਵੀ ਨਹੀਂ ਸਕਦਾ।

ਡੋਨਾਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਵਾਸ-ਪ੍ਰਵਾਸ ਦਾ ਮਸਲਾ ਦੁਨੀਆ ਭਰ ਵਿਚ ਉਂਝ ਹੀ ਖਾਸ ਚਰਚਾ ਦਾ ਵਿਸ਼ਾ ਬਣ ਗਿਆ ਹੈ। ਪਰ ਜਿਵੇਂ ਟਰੰਪ ਗੈਰਕਾਨੂੰਨੀ ਆਵਾਸ ਨੂੰ ਅਮਰੀਕਾ ਦੀਆਂ ਸਾਰੀਆਂ ਸਮਸਿਆਵਾਂ ਦੀ ਜੜ੍ਹ ਦਸ ਰਿਹਾ ਹੈ, ਇਹ ਕੋਰਾ ਝੂਠ ਹੈ। ਅਸਲ ਵਿਚ ਪ੍ਰਵਾਸੀ ਮਜਦੂਰਾਂ ਦੀ ਲੋੜ ਸਾਮਰਾਜੀ ਮੁਲਕਾਂ ਨੂੰ ਹਮੇਸ਼ਾਂ ਹੀ ਰਹੀ ਹੈ। ਪਰ 1970-80 ਵਿਆਂ ਦਾ ਦਹਾਕੇ ਵਿਚ ਇਹ ਉਹਨਾਂ ਦੀ ਅਣਸਰਦੀ ਲੋੜ ਬਣ ਗਈ ਸੀ। ਕਿਉਂਕਿ ਦੂਜੀ ਸੰਸਾਰ ਜੰਗ ਵਿਚ ਹੋਈ ਭਾਰੀ ਤਬਾਹੀ ਤੋਂ ਬਾਅਦ ਜਦੋਂ ਸਾਮਰਾਜੀ ਮੁਲਕਾਂ ਵਿਚ ਮੁੜ ਉਸਾਰੀ ਦਾ ਅਮਲ ਸ਼ੁਰੂ ਹੋਇਆ ਤਾਂ ਸਾਮਰਾਜੀ ਪੂੰਜੀਵਾਦ ਨੂੰ ਆਪਣੀ ਮਜਦੂਰ ਜਮਾਤ ਨਾਲ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪਏ। ਕੁਝ ਇਹਨਾਂ ਸਮਝੌਤਿਆਂ ਕਰਕੇ ਅਤੇ ਕੁਝ ਸੋਵੀਅਤ ਯੂਨੀਅਨ ਵਿਚਲੇ 'ਸਮਾਜਵਾਦੀ' ਪ੍ਰਭਾਵ ਅਧੀਨ 'ਲੋਗਾਂ ਦੇ ਭਲੇ ਲਈ ਰਾਜ' ਦਾ ਸੰਕਲਪ ਹੋਂਦ ਵਿਚ ਆਇਆ। ਇਸ ਸੰਕਲਪ ਅਧੀਨ ਮਜਦੂਰਾਂ ਦੀਆਂ ਟਰੇਡ ਯੂਨੀਅਨਾਂ ਨੂੰ ਵਧ ਅਧਿਕਾਰ ਦਿਤੇ ਗਏ। ਇਨ੍ਹਾਂ ਅਧਿਕਾਰਾਂ ਨੇ ਮਜਦੂਰਾਂ ਨੂੰ ਵਧ ਮਜਦੂਰੀ ਦੇਣਾ ਯਕੀਨੀ ਬਣਾਇਆ। ਪਰ ਜਦੋਂ 70-80 ਵਿਆਂ ਵਿਚ ਸਾਮਰਾਜੀਆਂ ਨੇ ਆਪਣੇ ਆਪ ਨੂੰ ਪਕੇਪੈਰੀ ਕਰ ਲਿਆ ਤਾਂ ਇਹੀ ਵਧ ਮਜਦੂਰੀ ਉਹਨਾਂ ਨੂੰ ਚੁਭਣ ਲਗ ਪਈ।

ਸਾਮਰਾਜੀ ਮੁਕਾਬਲੇ ਵਿਚ ਸਸਤੀ ਮਜਦੂਰੀ ਹਮੇਸ਼ਾਂ ਹੀ ਪੂੰਜੀਵਾਦ ਦੀ ਲੋੜ ਰਹੀ ਹੈ। ਇਸ ਲਈ ਉਨ੍ਹਾਂ ਨੇ ਆਪਣੀਆਂ ਟਰੇਡ ਯੂਨੀਅਨਾਂ ਨੂੰ ਬਲੈਕਮੇਲ ਤੇ ਕਮਜੋਰ ਕਰਨ ਲਈ ਪ੍ਰਵਾਸੀ ਮਜਦੂਰਾਂ ਨੂੰ ਆਪਣੇ ਦੇਸਾਂ ਵਿਚ ਆਉਣ ਲਈ ਉਤਸ਼ਾਹਿਤ ਕੀਤਾ। ਦਸਿਆ ਜਾਂਦਾ ਹੈ ਕਿ ਕੈਨੇਡਾ ਵਰਗੇ ਸਾਮਰਾਜੀ ਮੁਲਕ ਨੇ ਤਾਂ ਆਇਰਲੈਂਡ ਵਿਚ ਇਸ਼ਤਿਹਾਰਾਂ ਰਾਹੀਂ ਹਰ ਮਜਦੂਰ ਨੂੰ 500 ਡਾਲਰ ਤੇ ਮੁਫਤ ਜਮੀਨ ਦਾ ਲਾਲਚ ਦੇ ਕੇ ਆਪਣੇ ਦੇਸ ਵਿਚ ਲਿਆਂਦਾ। ਪਰ ਹੁਣ ਹਾਲਤ ਬਦਲ ਗਈ ਹੈ। 2008 ਦੇ ਆਰਥਿਕ ਸੰਕਟ ਤੋਂ ਬਾਅਦ ਜਦੋਂ ਇਨ੍ਹਾਂ ਦੇਸਾਂ ਦੇ ਮਜਦੂਰਾਂ ਵਾਸਤੇ ਮੌਕਿਆ ਦੀ ਘਾਟ ਹੋ ਰਹੀ ਹੈ, ਤਾਂ ਇਹ ਮਕਾਰ ਸਾਮਰਾਜੀ ਪੂੰਜੀਵਾਦੀ ਪ੍ਰਬੰਧ ਦੇ ਵਜੂਦ ਸਮੋਈਆ ਵਿਰੋਧਤਾਈਆਂ — ਵਧ ਤੋਂ ਵਧ ਮੁਨਾਫਾ ਖੋਹਣ ਦੀ ਹੋੜ, ਵਹਿਸ਼ੀ ਮੁਕਾਬਲਾ ਤੇ ਅਨਾਰਕੀ —ਨੂੰ ਇਸ ਸੰਕਟ ਦਾ ਕਾਰਨ ਦਸਣ ਦੀ ਬਜਾਇ, ਪ੍ਰਵਾਸੀ ਮਜਦੂਰਾਂ ਨੂੰ ਇਸ ਸੰਕਟ ਦਾ ਕਾਰਨ ਦਸਣ ਦੀ ਰਾਜਨੀਤੀ ਕਰ ਰਹੇ ਹਨ। ਇਸ ਰਾਜਨੀਤੀ ਕਾਰਨ ਯੂਰਪ ਸਮੇਤ ਇਹਨਾਂ ਸਾਰੇ ਸਾਮਰਾਜੀ ਦੇਸਾਂ ਵਿਚ ਨਸਲਪ੍ਰਸਤੀ ਤੇ ਆਪਸੀ ਈਰਖਾ ਵਧ ਰਹੀ ਹੈ। ਜਦੋਂ ਪੂੰਜੀ ਦਾ ਫੈਲਾਅ ਹੁੰਦਾ ਹੈ ਤਾਂ ਪੂੰਜੀਪਤੀਆਂ ਦੀਆਂ ਇਛਾਵਾਂ, ਉਮੰਗਾਂ ਤੇ ਕਲਪਨਾ ਨੂੰ ਪਰ ਲਗੇ ਹੁੰਦੇ ਹਨ, ਪਰ ਜਦੋਂ ਇਹ ਸੁੰਗੜਦੀ ਹੈ ਤਾਂ ਇਸਦੇ ਨਾਲ ਹੀ ਇਹਨਾਂ ਦਾ ਸਾਰਾ ਕੁਝ ਸੁੰਗੜ ਜਾਂਦਾ ਹੈ। ਇਹੀ ਕਾਰਨ ਹੈ ਕਿ ਅੱਜ ਸਾਰੇ ਸਾਮਰਾਜੀ ਮੁਲਕ ਘੋਰ ਨਿਰਾਸ਼ਾ ਦਾ ਅਤੇ ਉਥੋਂ ਦੇ ਲੋਗ ਉਦਾਸੀ ਤੇ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹਨ। ਇਸ ਹਾਲਤ ਵਿਚ ਅੱਜ ਪੰਜਾਬੀਆਂ ਨੂੰ ਬਹੁਤ ਸੋਚ ਸਮਝ ਕੇ ਆਪਣੇ ਬਚਿਆਂ ਨੂੰ ਬਾਹਰ ਭੇਜਣਾ ਚਾਹੀਦਾ ਹੈ। ਇਕ ਗੱਲ ਹੋਰ ਧਿਆਨ ਵਿਚ ਰਖਣ ਦੀ ਲੋੜ ਹੈ ਕਿ ਬਾਹਰ ਦੇਸਾਂ ਵਿਚ ਜਾ ਕੇ ਕੁਝ ਆਰਥਿਕ ਵਿਕਾਸ ਤੇ ਹੁੰਦਾ ਹੈ, ਪਰ ਉਸਦੀ ਜਿਹੜੀ ਸਭਿਆਚਾਰਕ ਕੀਮਤ ਤਾਰਨੀ ਪੈਂਦੀ ਹੈ, ਉਸਦਾ ਪਤਾ ਬਹੁਤ ਬਾਅਦ ਵਿਚ ਜਾ ਕੇ ਲਗਦਾ ਹੈ। ਪਰ ਇਹ ਇਕ ਵਖਰੀ ਲਿਖਤ ਦਾ ਮਸਲਾ ਹੈ।

**ਡੋਨਾਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਵਾਸ-ਪ੍ਰਵਾਸ ਦਾ ਮਸਲਾ ਦੁਨੀਆ ਭਰ ਵਿਚ ਉਂਝ ਹੀ ਖਾਸ ਚਰਚਾ ਦਾ ਵਿਸ਼ਾ ਬਣ ਗਿਆ ਹੈ। ਪਰ ਜਿਵੇਂ ਟਰੰਪ ਗੈਰਕਾਨੂੰਨੀ ਆਵਾਸ ਨੂੰ ਅਮਰੀਕਾ ਦੀਆਂ ਸਾਰੀਆਂ ਸਮਸਿਆਵਾਂ ਦੀ ਜੜ੍ਹ ਦਸ ਰਿਹਾ ਹੈ, ਇਹ ਕੋਰਾ ਝੂਠ ਹੈ। ਅਸਲ ਵਿਚ ਪ੍ਰਵਾਸੀ ਮਜਦੂਰਾਂ ਦੀ ਲੋੜ ਸਾਮਰਾਜੀ ਮੁਲਕਾਂ ਨੂੰ ਹਮੇਸ਼ਾਂ ਹੀ ਰਹੀ ਹੈ। ਪਰ 1970-80 ਵਿਆਂ ਦਾ ਦਹਾਕੇ ਵਿਚ ਇਹ ਉਹਨਾਂ ਦੀ ਅਣਸਰਦੀ ਲੋੜ ਬਣ ਗਈ ਸੀ। ਕਿਉਂਕਿ ਦੂਜੀ ਸੰਸਾਰ ਜੰਗ ਵਿਚ ਹੋਈ ਭਾਰੀ ਤਬਾਹੀ ਤੋਂ ਬਾਅਦ ਜਦੋਂ ਸਾਮਰਾਜੀ ਮੁਲਕਾਂ ਵਿਚ ਮੁੜ ਉਸਾਰੀ ਦਾ ਅਮਲ ਸ਼ੁਰੂ ਹੋਇਆ ਤਾਂ ਸਾਮਰਾਜੀ ਪੂੰਜੀਵਾਦ ਨੂੰ ਆਪਣੀ ਮਜਦੂਰ ਜਮਾਤ ਨਾਲ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪਏ।**



ਅੰਮ੍ਰਿਤਸਰ ਟਾਈਮਜ਼
AMRITSAR TIMES
15 ਅਗਸਤ 2018 ਤੋਂ 21 ਅਗਸਤ 2018

### *15 ਅਗਸਤ ਤੇ ਸਿੱਖ*

## ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ

15 ਅਗਸਤ 1947 ਨੂੰ ਜਦੋਂ 'ਭਾਰਤ ਮਾਤਾ' ਆਪਣੀ ਕਥਿਤ ਆਜ਼ਾਦੀ ਦੇ ਜਸ਼ਨਾਂ ਵਿਚ ਡੁੱਬੀ ਖੁਸ਼ੀਆਂ ਮਨਾ ਰਹੀ ਸੀ, ਤਾਂ ਪੰਜਾਬ ਦੇ ਵਿਹੜੇ 'ਚ ਮੌਤ ਦੇ ਸੱਥਰ ਵਿਛਦੇ ਜਾ ਰਹੇ ਸਨ। ਪੰਜ ਦਰਿਆਵਾਂ ਦੀ ਧਰਤੀ ਦੇ ਦੋ ਟੁਕੜੇ ਕਰ ਦਿੱਤੇ ਗਏ ਸਨ ਤੇ ਪੰਜਾਬੀ ਇਕ-ਦੂਜੇ ਦੇ ਲਹੂ ਦੇ ਪਿਆਸੇ ਹੋ ਕੇ ਘਰ-ਘਾਟ ਉਜਾੜਦੇ ਤੇ ਉਜੱੜਦੇ ਜਾ ਰਹੇ ਸਨ। ਇਸ ਸਮੇਂ ਆਪਣੇ ਗੁਰੂਆਂ ਦੀ ਸਿੱਖਿਆ ਤੇ ਬਖਸ਼ਿਸ਼ ਨਾਲ "ਭਗਤੀ ਤੇ ਸ਼ਕਤੀ" ਦਾ ਸੰਕਲਪ ਲੈ ਕੇ ਦੁਨੀਆ ਦੀਆਂ ਦੋ ਵੱਡੀਆਂ ਸਲਤਨਤਾਂ ਮੁਗਲਾਂ ਤੇ ਅੰਗਰੇਜ਼ਾਂ ਨੂੰ ਢਾਹ ਲੈਣ ਵਾਲੀ ਸਿੱਖ ਕੌਮ ਆਪਣੇ ਆਗੂਆਂ ਦੀ ਮਾੜੀ ਦੂਰਅੰਦੇਸ਼ੀ ਅਤੇ ਹਿੰਦੂ ਆਗੂਆਂ ਦੀਆਂ ਮੋਮੋਠੱਗਣੀਆਂ ਦਾ ਮੁੱਲ ਭਾਰੀ ਜਾਨੀ ਤੇ ਮਾਲੀ ਨੁਕਸਾਨ ਦੇ ਰੂਪ ਵਿਚ ਉਤਾਰ ਰਹੀ ਸੀ। ਸਿੱਖ ਕੌਮ ਆਪਣੀ ਪਿਆਰੀ ਸਰਜ਼ਮੀਨ ਪੰਜਾਬ ਦੀ ਵੰਡ ਦਾ ਦਰਦ ਲੈ ਕੇ ਅੱਧੇ ਪੰਜਾਬ ਵਿਚ ਟਿਕਾਣਾ ਕਰਦੀ ਹੈ। ਇਥੋਂ ਹੀ ਸਿੱਖ ਕੌਮ ਦੇ ਮੌਜੂਦਾ ਸੰਕਟ ਜਾਣੀ ਕਿ ਦਿਲ-ਫਰੇਬ ਬਿਪਰਵਾਦ ਦੀ ਗੁਲਾਮੀ ਦੇ ਦੌਰ ਦਾ ਆਗਾਜ਼ ਹੁੰਦਾ ਹੈ।। ਇਸ ਦੇਸ਼ ਦੀ ਆਜ਼ਾਦੀ ਲਈ 90 ਫ਼ੀਸਦੀ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨੂੰ ਗੁਲਾਮੀ ਦੇ ਅਹਿਸਾਸ ਦਾ ਸਭ ਤੋਂ ਪਹਿਲਾ ਤੋਹਫਾ ਹਿੰਦੂਸਤਾਨੀ ਹਕੂਮਤ ਵੱਲੋਂ ਉਚ ਅਫਸਰਸ਼ਾਹੀ ਨੂੰ ਜਾਰੀ ਇਕ ਸਰਕੂਲਰ ਦੇ ਰੂਪ ਵਿਚ ਮਿਲਦਾ ਹੈ, ਕਿ "ਸਿੱਖ ਇਕ ਜ਼ਰਾਇਮ-ਪੇਸ਼ਾ ਕੌਮ ਹੈ, ਇਸ ਕਰਕੇ ਇਨ੍ਹਾਂ ਉਤੇ ਖਾਸ ਨਜ਼ਰ ਰੱਖੀ ਜਾਵੇ।"

ਸਿੱਖੀ ਦੇ ਜਨਮ ਤੋਂ ਲੈ ਕੇ ਅੱਜ ਤੱਕ ਸਿੱਖੀ ਦੀ ਹੋਂਦ ਨੂੰ ਮਿਟਾਉਣ ਲਈ ਹਮਲੇ ਹੁੰਦੇ ਰਹੇ ਹਨ। ਭਾਰਤ ਨਾਲ ਸਿੱਖਾਂ ਨੇ ਆਪਣੀ ਹੋਣੀ ਇਸ ਕਰਕੇ ਜੋੜੀ ਸੀ, ਕਿ ਇਸ ਦੇਸ਼ ਵਿਚ ਸਿੱਖਾਂ ਦੀਆਂ ਕੁਰਬਾਨੀਆਂ ਤੇ ਅਹਿਸਾਨਾਂ ਦੇ ਬਦਲੇ ਵਿਚ ਉਨ੍ਹਾਂ ਨੂੰ ਆਜ਼ਾਦੀ ਦਾ ਨਿੱਘ ਮਾਨਣ ਲਈ ਮਿਲੇਗਾ। ਭਾਵੇਂ ਮੌਕੇ ਦੇ ਹਿੰਦੂਸਤਾਨੀ ਆਗੂ ਪੈਰ ਉਤੇ ਹੀ ਕੀਤੇ ਵਾਅਦਿਆਂ ਤੋਂ ਮੁੱਕਰ ਗਏ ਸਨ ਪਰ ਸਿੱਖਾਂ ਨੂੰ ਫਿਰ ਵੀ ਕੋਈ ਆਸ ਬਚੀ ਹੋਣ ਦਾ ਭਰਮ ਸੀ। ਉਹ ਸਿਰ ਸੁੱਟ ਕੇ ਮਿਹਨਤ ਕਰਨ ਲੱਗੇ ਤੇ ਭੁੱਖ ਨਾਲ ਮਰ ਰਹੇ ਭਾਰਤ ਦਾ ਢਿੱਡ ਭਰਿਆ, ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਜਾਨਾਂ ਵਾਰ ਦਿੱਤੀਆਂ, ਦੁਸ਼ਮਣ ਦੇ ਟੈਂਕਾਂ ਮੂਹਰੇ ਛਾਤੀਆਂ ਡਾਹੀਆਂ ਪਰ "ਭਾਰਤ ਮਾਤਾ" ਨੇ ਸਿੱਖਾਂ ਨਾਲ ਸਦਾ ਮਤਰੇਈ ਮਾਂ ਵਾਲਾ ਸਲੂਕ ਹੀ ਜਾਰੀ ਰੱਖਿਆ। ਸਿੱਖਾਂ ਦੀ ਕੁਰਬਾਨੀ ਦਾ ਮੁੱਲ ਉਨ੍ਹਾਂ ਨੂੰ ਪੈਰ-ਪੈਰ ਉਤੇ ਜ਼ਲੀਲ ਕਰਨ ਦੇ ਰੂਪ ਵਿਚ ਮਿਲਿਆ। ਆਪਣੀ ਮਾਂ-ਬੋਲੀ ਪੰਜਾਬੀ ਦੇ ਆਧਾਰ ਉਤੇ ਪੰਜਾਬੀ ਸੂਬੇ ਦੀ ਮੰਗ ਕੀਤੀ ਤਾਂ ਗੋਲੀਆਂ, ਲਾਠੀਆਂ ਤੇ ਜੇਲ੍ਹਾਂ ਮਿਲੀਆਂ। ਜਦੋਂ ਬੇਵੱਸ ਹੋ ਕੇ ਪੰਜਾਬੀਆਂ ਨੂੰ ਪੰਜਾਬੀ ਬੋਲੀ ਦੇ ਆਧਾਰ ਉਤੇ ਪੰਜਾਬੀ ਸੂਬਾ ਦੇਣਾ ਪਿਆ ਤਾਂ ਫਿਰ ਇਹ ਲੰਗੜਾ ਕਰ ਕੇ ਦਿੱਤਾ ਗਿਆ। ਪੰਜਾਬ ਨੂੰ ਹੁਣ ਤਕ ਆਪਣੀ ਰਾਜਧਾਨੀ ਨਸੀਬ ਨਹੀਂ ਹੋਈ, ਸਗੋਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਜਾਣ-ਬੁੱਝ ਕੇ ਪੰਜਾਬ ਤੋਂ ਬਾਹਰ ਕੱਢ ਦਿੱਤੇ ਗਏ। ਫਿਰ ਪੰਜਾਬ ਦੇ ਪਾਣੀਆਂ ਦੀ ਅੰਨ੍ਹੀ ਲੁੱਟ ਕੀਤੀ ਗਈ ਜੋ ਅਜੇ ਵੀ ਜਾਰੀ ਹੈ। ਸਿੱਖਾਂ ਨੇ ਆਨੰਦਪੁਰ ਸਾਹਿਬ ਦਾ ਮਤਾ ਮੰਗਿਆ ਤਾਂ ਅੱਤਵਾਦੀ-ਵੱਖਵਾਦੀ ਕਹਿ ਕੇ ਪੂਰੀ ਦੁਨੀਆ ਵਿਚ ਭੰਡਿਆ ਗਿਆ। ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰਿਆ। ਜਦੋਂ ਹਰ ਪਾਸੇ ਹੁੰਦੇ ਧੱਕੇ ਅਤੇ ਵਿਤਕਰੇ ਤੋਂ ਦੁਖੀ ਹੋ ਕੇ ਸਿੱਖਾਂ ਨੇ ਆਪਣਾ ਵੱਖਰਾ ਘਰ ਮੰਗਿਆ ਤਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜਾਂ ਚਾੜ੍ਹੀਆਂ ਗਈਆਂ, ਟੈਂਕਾਂ ਤੇ ਬੰਬਾਂ ਨਾਲ ਸਿੱਖ ਕੌਮ ਦੇ ਇਸ ਸਭ ਤੋਂ ਮੁਕੱਦਸ ਅਸਥਾਨ ਨੂੰ ਢਹਿ-ਢੇਰੀ ਕਰ ਦਿੱਤਾ ਗਿਆ ਤੇ ਸਿੱਖਾਂ ਦੀ ਮਿੱਥ ਕੇ ਨਸਲਕੁਸ਼ੀ ਕੀਤੀ ਗਈ। ਇਸ ਕਰਕੇ ਹਰ ਸਾਲ 15 ਅਗਸਤ ਦਾ ਦਿਨ ਜਾਗਦੇ ਸਿੱਖਾਂ ਵਿਚ ਗੁਲਾਮੀ ਦੀ ਪੀੜ ਨੂੰ ਸਹਿਲਾਅ ਜਾਂਦਾ ਹੈ। ਅੱਜ ਸਾਨੂੰ ਇਸ ਦੇਸ਼ ਵਿਚ ਆਪਣੇ ਗੁਰੂ ਦੀ ਬੇਅਦਬੀ ਖਿਲਾਫ ਸ਼ਾਂਤਮਈ ਰੋਸ-ਧਰਨੇ ਕਰਨ ਦੇ ਬਦਲੇ ਵਿਚ ਵੀ ਗੋਲੀਆਂ ਤੇ ਡਾਂਗਾਂ ਖਾਣੀਆਂ ਪੈ ਰਹੀਆਂ ਹਨ। ਬੀਐਸਐਫ਼. ਦੇ ਅਧਿਕਾਰ ਖੇਤਰ 'ਚ ਸਥਾਪਿਤ ਗੁਰਦੁਆਰਾ ਸਾਹਿਬ 'ਚੋਂ ਗੁਰੂ ਸਾਹਿਬ ਦੇ ਸਰੂਪ ਬੀਐਸਐਫ਼. ਦਾ ਹੀ ਇੱਕ ਮੁਲਾਜ਼ਮ ਚੁੱਕ ਕੇ ਗੰਦੇ ਨਾਲੇ 'ਚ ਸੁੱਟ ਦਿੰਦਾ ਹੈ। ਸਰਕਾਰੀ ਮਸ਼ੀਨਰੀ ਉਸ ਪਾਪੀ ਨੂੰ ਮਾਨਸਿਕ ਰੋਗੀ ਆਖ਼ ਕੇ ਬਚਾਉਣ ਦਾ ਯਤਨ ਕਰਦੀ ਹੈ। ਸਿੱਖਾਂ ਦੇ ਗੁਰੂ ਦੀ ਬੇਅਦਬੀ ਕਰਨ ਵਾਲਾ ਹਰ ਕੋਈ ਮਾਨਸਿਕ ਰੋਗੀ ਬਣਾ ਦਿੱਤਾ ਜਾਂਦਾ ਹੈ। ਇਹ ਕਥਿਤ ਮਾਨਸਿਕ ਰੋਗੀ ਸਿਰਫ਼ ਗੁਰੂ ਗ੍ਰੰਥ ਸਾਹਿਬ ਨੂੰ ਹੀ ਕਿਉਂ ਨਿਸ਼ਾਨਾ ਬਣਾਉਂਦੇ ਹਨ ? ਮਹਾਰਾਸ਼ਟਰ 'ਚ ਸਕੂਲੀ ਕਿਤਾਬਾਂ 'ਚ 20ਵੀਂ ਸਦੀ ਦੇ ਮਹਾਨ ਸਿੱਖ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਨੂੰ 'ਅੱਤਵਾਦੀ' ਲਿਖੇ ਜਾਣ ਨੂੰ ਸਹੀ ਠਹਿਰਾਇਆ ਗਿਆ ਹੈ। ਬੀਤੇ ਦਿਨ ਸਨੌਰ ਵਿਖੇ ਵਾਪਰੀ ਘਟਨਾ ਹੀ ਲੈ ਲਵੋ, ਗੁਰਦੁਆਰਾ ਸਾਹਿਬ ਤੋਂ ਕੀਰਤਨ ਸਰਵਣ ਕਰ ਕੇ ਵਾਪਸ ਆ ਰਹੇ ਸਿੱਖ ਮੁੰਡਿਆਂ ਨੂੰ ਨਾਕਾ ਲਾ ਕੇ ਖੜ੍ਹੀ ਪੁਲਿਸ ਨੇ ਇਸ ਕਾਰਨ ਕੁੱਟ-ਕੁੱਟ ਕੇ ਅੱਧ-ਮਰੇ ਕਰ ਦਿੱਤਾ ਕਿ ਉਹ ਪੁਲਿਸ ਨੂੰ ਸਵਾਲ ਕਰਨ ਵਾਲੇ ਕੌਣ ਹੁੰਦੇ ਹਨ। ਪੁਲਿਸ ਚੌਕੀ ਲਿਜਾ ਕੇ ਇਨ੍ਹਾਂ ਨਾਲ ਉਹੀ ਕੁਝ ਕੀਤਾ ਜਿਹੜਾ ਦਿੱਲੀ ਦੇ ਹੁਕਮਾਂ ਉਤੇ ਬੀਤੇ ਵਿਚ ਪੰਜਾਬ ਦੀ ਪੁਲਿਸ ਨੇ ਹਜ਼ਾਰਾਂ ਸਿੱਖ ਨੌਜਵਾਨਾਂ ਨਾਲ ਕੀਤਾ ਸੀ, ਜਿਹੜਾ ਪੰਜਾਬ ਪੁਲਿਸ ਸਿੱਖਾਂ ਨਾਲ ਅਕਸਰ ਕਰਦੀ ਆਈ ਹੈ। ਇਸ ਦੇਸ਼ ਦੀ ਆਜ਼ਾਦੀ ਦੀ ਵਰ੍ਹੇਗੰਢ ਮਨਾਉਣ ਜਾ ਰਹੇ ਭਰਾਵਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਕੀ ਸਾਡੀ ਸਿੱਖਾਂ ਦੀ ਆਜ਼ਾਦੀ ਉਨ੍ਹਾਂ ਨਾਲੋਂ ਵੱਖਰੀ ਹੈ ? ਕੀ ਤੁਹਾਡੇ ਕਹਿਣ ਮੁਤਾਬਕ ਇਸ ਦੇਸ਼ ਵਿਚ ਸਿੱਖ ਸੱਚਮੁੱਚ ਆਜ਼ਾਦ ਹਨ ? ਬਿਪਰਵਾਦੀਆਂ ਦੀ ਇਸ ਘਟੀਆ ਸੋਚ ਦੇ ਚੱਲਦਿਆਂ ਇਸ ਦੇਸ਼ 'ਚ ਸਿੱਖ ਅਜ਼ਾਦੀ ਦਾ ਨਿੱਘ ਕਿਵੇਂ ਮਾਣ ਸਕਦੇ ਹਨ ? ਜਿਸ ਦੇਸ਼ 'ਚ ਸਿੱਖਾਂ ਲਈ ਇਨਸਾਫ਼ ਨਹੀਂ ਹੈ, ਨਾ ਹੀ ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਮੰਨਿਆ ਜਾਂਦਾ ਹੈ, ਫਿਰ ਸਿੱਖਾਂ ਲਈ ਇਨ੍ਹਾਂ ਕਥਿਤ ਆਜ਼ਾਦੀ ਦੇ ਜਸ਼ਨਾਂ ਦੇ ਕੀ ਮਾਅਨੇ ਹਨ ? ਸਿੱਖ ਇਸ ਧਰਤੀ ਦੇ ਜੰਮੇ-ਜਾਏ ਹਨ। ਇਸ ਕਰਕੇ ਸਿੱਖਾਂ ਵੱਲੋਂ ਉਨ੍ਹਾਂ ਲਈ ਮਤਰੇਈ ਬਣੀ "ਭਾਰਤ-ਮਾਤਾ" ਤੋਂ ਆਪਣੇ ਹਿੱਸੇ ਦੀਆਂ "ਲੋਰੀਆਂ" ਦੇ ਹੱਕ ਲਈ ਆਪਣੀ ਮਾਤ-ਭੁਮੀ ਦੀ ਸੰਪੂਰਨ ਆਜ਼ਾਦੀ ਹੀ ਇੱਕੋ-ਇੱਕ ਆਖਰੀ ਰਾਹ ਬਚਦਾ ਹੈ।

## ਖਾਸ ਬਨਾਮ ਆਮ

ਕਰੀ ਕੋਸ਼ਿਸ਼ ਸਤਾਰਾਂ ਦੇ ਵਿਚ ਜਿਹੜੀ
'ਤੀਜੇ ਬਦਲ' ਨੂੰ ਮੋਹਰੇ ਲਿਆਉਣ ਵਾਲੀ
ਹਾਲਤ ਬਣੀ ਕੀ ਓਸਦੀ ਦੇਖ ਲਓ ਜੀ
ਸਾਰੇ ਵਰਕਰਾਂ ਤਾਂਈ ਸ਼ਰਮਾਉਣ ਵਾਲੀ
ਕੈਂਚੀ ਸੁੱਟ ਕੇ ਕਰੇ ਨਾ ਗੱਲ ਕੋਈ
ਨਾਲ ਸੂਈ ਦੇ ਫਟੇ ਮਿਲਾਉਣ ਵਾਲੀ
ਲੱਗੇ ਅਗਲੀਆਂ ਪਿਛਲੀਆਂ ਫੋਲਣੇ 'ਤੇ
ਆਉਂਦੀ ਜਾਚ ਨਾ ਰੁੱਸੇ ਮਨਾਉਣ ਵਾਲੀ

ਬੁੱਢੇ ਸਿਆਸਤੀ ਢੰਗ ਇਹ ਵਰਤ ਲੈਂਦੇ
ਦੰਡ ਭੇਦ ਜਾਂ ਸਾਮ ਅਤੇ ਦਾਮ ਦਾ ਜੀ,
ਖਾਸ ਲੋਕ ਹੀ ਸਿਆਸਤਾਂ ਖੇਡ ਸਕਦੇ,
ਇਹ 'ਧੰਦਾ' ਨਹੀਂ ਬੰਦਿਆਂ ਆਮ ਦਾ ਜੀ।

**ਤਰਲੋਚਨ ਸਿੰਘ ਦੁਪਾਲਪੁਰ** (001-408-915-1268)

# ਕੀ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਨੂੰ ਵੀ ਨਿਆਂ ਮਿਲੇਗਾ ?

**ਭਾਵੇਂ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਵਜ਼ੀਰ ਤੇ ਐਮਐਲਏ. ਤਾਂ ਇਸ ਮਾਮਲੇ ਨੂੰ ਸੀਬੀਆਈ ਦੇ ਹਵਾਲੇ ਕਰਨ ਦਾ ਅੰਦਰੋਂ ਵਿਰੋਧ ਜਤਾ ਰਹੇ ਹਨ ਪਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਇਸ ਮਾਮਲੇ ਵਿੱਚ ਭੇਦਭਰੀ ਚੁੱਪ ਸਾਧੀ ਬੈਠਾ ਹੈ। ਬਾਦਲਾਂ ਦੀ ਇਸ ਚੁੱਪ ਪਿੱਛੇ ਕੀ ਸਾਜਿਸ਼ ਹੈ, ਇਸ ਖੁਫ਼ੀਆ ਰਾਜ਼ ਦੇ ਸੂਖਮ ਅੰਤਰ ਨੂੰ ਸਮਝਣ ਦੀ ਜ਼ਰੂਰਤ ਹੈ। ਅੱਜ ਹਰ ਸਿੱਖ ਹਿਰਦੇ ਵਿੱਚ, ਇੱਕ ਸਵਾਲ ਭਾਰੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਪੜਤਾਲੀਆ ਰਿਪੋਰਟ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨਿਆਂ ਕਰੇਗੀ ?**

**ਬੀਰਦਵਿੰਦਰ ਸਿੰਘ**
ਸਾਬਕਾ ਡਿਪਟੀ ਸਪੀਕਰ,ਪੰਜਾਬ ਵਿਧਾਨ ਸਭਾ
(ਸੰਪਰਕ : 9814033362)

ਜ਼ਿਲ੍ਹਾ ਫਰੀਦਕੋਟ ਦੇ ਪਿੰਡ ਬਰਗਾੜੀ ਵਿੱਚ 12 ਅਕਤੂਬਰ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਨੂੰ ਲੈ ਕੇ 14



ਅਕਤੂਬਰ 2015 ਨੂੰ, ਬਹਿਬਲ ਕਲਾਂ ਵਿੱਚ ਇਸ ਘੋਰ ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰ ਰਹੀ ਸਿੱਖ ਸੰਗਤ 'ਤੇ ਪੰਜਾਬ ਪੁਲਿਸ ਨੇ ਅੰਨ੍ਹੇਵਾਹ, ਬਿਨਾ ਕਿਸੇ ਕਾਰਨ ਗੋਲੀ ਚਲਾ ਕੇ ਦੋ ਨੌਜਵਾਨਾਂ, ਭਾਈ ਕ੍ਰਿਸ਼ਨ ਭਗਵਾਨ ਸਿੰਘ ਅਤੇ ਭਾਈ ਗੁਰਜੀਤ ਸਿੰਘ ਨੂੰ ਸ਼ਹੀਦ ਕਰ ਦਿੱਤਾ। ਉਸੇ ਦਿਨ ਹੀ ਕੋਟਕਪੂਰਾ ਵਿੱਚ ਸ਼ਾਂਤਮਈ ਢੰਗ ਨਾਲ ਰੋਸ ਪਰਗਟ ਕਰ ਰਹੇ ਸਿੰਘਾਂ ਉੱਤੇ ਪੁਲਿਸ ਨੇ ਬੇਰਹਿਮ ਲਾਠੀਚਾਰਜ ਕੀਤਾ ਜਿਸ ਕਾਰਨ ਅਨੇਕਾਂ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਇਨ੍ਹਾਂ ਸਾਰੇ ਮਾਮਲਿਆਂ ਦੀ ਜਾਂਚ ਕਰਨ ਲਈ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਹੋਂਦ ਵਿੱਚ ਆਉਂਦਿਆਂ ਹੀ, ਅਪ੍ਰੈਲ 2017 ਵਿੱਚ, ਭਾਰਤ ਦੇ ਕਮਿਸ਼ਨ ਆਫ਼ ਇਨਕੁਆਇਰੀ ਐਕਟ, 1952 ਦੀ ਧਾਰਾ 11 ਅਧੀਨ, ਹਾਈ ਕੋਰਟ ਦੇ ਸੇਵਾ ਮੁਕਤ ਜੱਜ, ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿੱਚ ਇੱਕ ਮੈਂਬਰੀ ਪੜਤਾਲੀਆ ਕਮਿਸ਼ਨ ਬਣਾਇਆ। ਇਸ ਕਮਿਸ਼ਨ ਨੂੰ ਛੇ ਮਹੀਨੇ ਅੰਦਰ ਪੜਤਾਲ ਮੁਕੰਮਲ ਕਰਨ ਦਾ ਸਮਾਂ ਦਿੱਤਾ ਗਿਆ, ਜੋ ਬਾਅਦ ਵਿੱਚ ਕਮਿਸ਼ਨ ਦੀ ਜਾਂਚ ਨਾਮੁਕੰਮਲ ਰਹਿਣ ਕਾਰਨ ਵਧਾ ਦਿੱਤਾ ਗਿਆ। ਇਸ ਕਮਿਸ਼ਨ ਨੂੰ ਹੱਕ ਦਿੱਤਾ ਗਿਆ ਸੀ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਸਾਰੇ ਮਾਮਲਿਆਂ ਨਾਲ ਜੁੜੀਆਂ ਘਟਨਾਵਾਂ ਦੀ ਬਰੀਕੀ ਨਾਲ ਘੋਖ ਕਰੇ। ਇਸ ਕਮਿਸ਼ਨ ਦੇ ਸਬੰਧ ਵਿੱਚ ਜਾਰੀ ਸਰਕਾਰੀ ਫੁਰਮਾਨ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਉਕਤ ਮਾਮਲਿਆਂ ਦੇ ਸਬੰਧ ਵਿੱਚ, ਪੰਜਾਬ ਪੁਲਿਸ ਵੱਲੋਂ ਜੋ ਪੜਤਾਲ ਕੀਤੀ ਗਈ ਹੈ, ਉਨ੍ਹਾਂ ਦੀਆਂ ਮਿਸਲਾਂ ਦੀ ਵੀ ਮੁੜ ਛਾਣਬੀਣ ਕੀਤੀ ਜਾਵੇ। ਕੁੱਲ ਮਿਲਾ ਕੇ ਇਸ ਕਮਿਸ਼ਨ ਦੀ ਜਾਂਚ ਦਾ ਦਾਇਰਾ ਬੜਾ ਵਸੀਹ ਰੱਖਿਆ ਗਿਆ ਸੀ ਤਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਿਨਾਉਣੀ ਸਾਜਿਸ਼ ਨਾਲ ਜੁੜੀਆਂ ਘਟਨਾਵਾਂ ਦੇ ਗੁੰਮਨਾਮ ਪਿਛੋਕੜ ਦੀਆਂ ਸਾਰੀਆਂ ਤੰਦਾਂ ਬੇਨਕਾਬ ਹੋ ਸਕਣ ਅਤੇ ਦੋਸ਼ੀਆਂ ਦੀ ਸਹੀ ਪਹਿਚਾਣ ਹੋ ਸਕੇ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਵੀ ਬਰਗਾੜੀ ਬੇਅਦਬੀ ਮਾਮਲਾ ਅਤੇ ਉਸ ਦੇ ਨਤੀਜੇ ਵੱਜੋਂ ਵਾਪਰੀਆਂ ਘਟਨਾਵਾਂ ਦੀ ਪੜਤਾਲ ਕਰਨ ਲਈ, ਬਾਦਲ ਸਰਕਾਰ ਵੱਲੋਂ ਵੀ 15 ਅਕਤੂਬਰ 2015 ਨੂੰ ਹਾਈ ਕੋਰਟ ਦੇ ਸੇਵਾ ਮੁਕਤ ਜੱਜ, ਜਸਟਿਸ ਜ਼ੋਰਾ ਸਿੰਘ ਤੇ ਅਧਾਰਤ ਇੱਕ ਮੈਂਬਰੀ ਕਮਿਸ਼ਨ ਬਣਾਇਆ ਸੀ। ਇਸ ਕਮਿਸ਼ਨ ਨੇ ਆਪਣੀ ਰਿਪੋਰਟ 1 ਜੁਲਾਈ 2016 ਨੂੰ ਪੰਜਾਬ ਸਰਕਾਰ ਦੇ ਸਕੱਤਰੇਤ ਵਿੱਚ, ਮੁੱਖ ਸਕੱਤਰ ਦੀ ਗ਼ੈਰ ਹਾਜ਼ਰੀ ਵਿੱਚ, ਪੰਜਾਬ ਸਰਕਾਰ ਦੇ ਵਿਸ਼ੇਸ਼ ਸਕੱਤਰ ਰਾਜੀਵ ਪਰਾਸ਼ਰ ਨੂੰ ਸੌਂਪ ਦਿੱਤੀ ਸੀ। ਅਕਾਲੀ-ਭਾਜਪਾ ਸਰਕਾਰ ਵੱਲੋਂ ਇਸ ਰਿਪੋਰਟ 'ਤੇ ਕੋਈ ਖਾਸ ਅਗਲੇਰੀ ਕਾਰਵਾਈ ਕਰਨ ਨੂੰ ਕੋਈ ਅਹਮੀਅਤ ਨਹੀਂ ਦਿੱਤੀ ਗਈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ 'ਅਸਪੱਸ਼ਟ' ਆਖ ਕੇ ਰੱਦ ਕਰ ਦਿੱਤਾ ਸੀ।

ਇਸ ਕਮਿਸ਼ਨ ਨੇ ਆਪਣੀ ਰਿਪੋਰਟ ਦਾ ਪਹਿਲਾ ਹਿੱਸਾ 30 ਜੂਨ 2018 ਨੂੰ ਪੰਜਾਬ ਸਰਕਾਰ ਨੂੰ ਸੌਂਪ ਦਿੱਤਾ। ਵਿਧੀ ਅਨੁਸਾਰ, ਭਾਰਤ ਦੇ ਕਮਿਸ਼ਨ ਆਫ਼ ਇਨਕੁਆਇਰੀ ਐਕਟ, 1952 ਅਧੀਨ ਸਥਾਪਤ ਪੜਤਾਲੀਆਂ ਕਮਿਸ਼ਨ ਦੀ ਰਿਪੋਰਟ ਨੂੰ, ਉਕਤ ਐਕਟ ਦੀ ਧਾਰਾ 117 ਦੀ ਉਪ ਧਾਰਾ (4) ਅਨੁਸਾਰ, ਰਾਜ ਸਰਕਾਰ ਲਈ ਜ਼ਰੂਰੀ ਹੈ ਕਿ ਰਿਪੋਰਟ ਦੇ ਪ੍ਰਾਪਤ ਹੋਣ ਤੋਂ 6 ਮਹੀਨੇ ਦੀ ਸਮਾਂ ਸੀਮਾ ਦੇ ਅੰਦਰ, ਸੂਬਾਈ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਵੇ। ਕਮਿਸ਼ਨ ਦੀ ਰਿਪੋਰਟ ਦੇ ਨਾਲ ਹੀ, ਕਮਿਸ਼ਨ ਵੱਲੋਂ ਕੀਤੀਆਂ ਸਿਫ਼ਾਰਸ਼ਾਂ 'ਤੇ ਕੀਤੀ ਗਈ ਅਮਲੀ ਕਾਰਵਾਈ ਦੀ ਰਿਪੋਰਟ ਵੀ ਵਿਧਾਨ ਸਭਾ ਵਿੱਚ ਪੇਸ਼ ਕਰਨਾ ਜ਼ਰੂਰੀ ਹੈ। ਇੱਥੇ ਇਹ ਦੱਸ ਦੇਈਏ ਕਿ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾਣ ਵਾਲੀ ਕਮਿਸ਼ਨ ਦੀ ਰਿਪੋਰਟ ਪਹਿਲਾਂ ਮੰਤਰੀ ਮੰਡਲ ਦੀ ਕਾਰਜ-ਸੂਚੀ ਵਿੱਚ, ਇੱਕ ਮੱਦ ਵੱਜੋਂ ਸ਼ਾਮਿਲ ਕਰਕੇ ਵਿਚਾਰਨੀ ਜ਼ਰੂਰੀ ਹੈ, ਮੰਤਰੀ ਮੰਡਲ ਦੀ ਮਨਜ਼ੂਰੀ ਤੋਂ ਪਿੱਛੋਂ ਹੀ ਇਸ ਰਿਪੋਰਟ ਨੂੰ ਵਿਧਾਨ ਸਭਾ ਵਿਚ ਪੇਸ਼ ਕਰਨਾ ਬਣਦਾ ਹੈ।

ਜੇ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਵੱਲੋਂ 30 ਜੂਨ 2018 ਨੂੰ, ਪੰਜਾਬ ਸਰਕਾਰ ਨੂੰ ਪੇਸ਼ ਕੀਤੀ ਗਈ ਰਿਪੋਰਟ ਦੀ ਗਹੁ ਨਾਲ ਸਮੀਖਿਆ ਕੀਤੀ ਜਾਵੇ ਤਾਂ ਇੰਜ ਜਾਪਦਾ ਹੈ ਕਿ ਸਰਕਾਰ ਇਸ ਰਿਪੋਰਟ ਦੀਆਂ ਸਾਰੀਆਂ ਸਿਫਾਰਸ਼ਾਂ ਨੂੰ ਇੰਨ-ਬਿੰਨ ਪ੍ਰਵਾਨ ਕਰਨ ਦੇ ਰੌਂਅ ਵਿੱਚ ਨਹੀਂ। ਕਿਤੇ ਨਾ ਕਿਤੇ ਸਰਕਾਰ ਦੀ ਅੰਦਰੂਨੀ ਮਨਸ਼ਾ ਇਹ ਹੈ ਕਿ ਇਸ ਰਿਪੋਰਟ ਦਾ ਪ੍ਰਭਾਵ ਮੱਠਾ ਕਰਨ ਲਈ, ਕਮਿਸ਼ਨ ਦੀ ਰਿਪੋਰਟ ਨੂੰ ਕਈ ਹਿੱਸਿਆਂ ਵਿੱਚ ਵੰਡ ਕੇ, ਵਿੰਗੇ ਟੇਢੇ ਢੰਗ ਨਾਲ ਵੱਟੇ-ਖਾਤੇ ਵਿੱਚ ਪਾ ਦਿੱਤਾ ਜਾਵੇ।

ਇਸ ਸਬੰਧ ਵਿੱਚ ਮੇਰਾ ਪਹਿਲਾ ਤਰਕ ਤਾਂ ਇਹ ਹੈ ਕਿ ਬੇਅਦਬੀ ਅਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਬਾਰੀ ਦੀ ਰਿਪੋਰਟ ਜਦੋਂ ਜਸਟਿਸ ਰਣਜੀਤ ਸਿੰਘ ਨੇ 30 ਜੂਨ 2018 ਨੂੰ ਸਰਕਾਰ ਨੂੰ ਪੇਸ਼ ਕਰ ਦਿੱਤੀ ਤਾਂ ਉਸ ਰਿਪੋਰਟ ਦੀ ਗੰਭੀਰਤਾ ਦੇ ਮੱਦੇਨਜ਼ਰ, ਇਸ ਨੂੰ ਪੰਜਾਬ ਮੰਤਰੀ ਮੰਡਲ ਦੀ 2 ਜੁਲਾਈ 2018 ਦੀ ਮੀਟਿੰਗ ਦੀ ਕਾਰਜ-ਸੂਚੀ ਵਿੱਚ ਪਹਿਲ ਦੇ ਅਧਾਰ 'ਤੇ ਸ਼ਾਮਲ ਕਰਨਾ ਬਣਦਾ ਸੀ ਤਾਂ ਕਿ ਕਮਿਸ਼ਨ ਦੀ ਇਸ ਰਿਪੋਰਟ 'ਤੇ ਪੰਜਾਬ ਦੇ ਮੰਤਰੀ ਮੰਡਲ ਵਿਚ ਨਿੱਠ ਕੇ ਵਿਚਾਰ ਵਟਾਂਦਰਾ ਹੋ ਸਕਦਾ ਪਰ ਅਜਿਹਾ ਨਹੀਂ ਹੋਇਆ। ਉਸ ਤੋਂ ਪਿੱਛੋਂ ਵੀ 30 ਜੁਲਾਈ 2018 ਨੂੰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵੀ ਇਸ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਦਾ ਮਾਮਲਾ ਜਾਣ-ਬੁੱਝ ਕੇ ਨਹੀਂ ਵਿਚਾਰਿਆ ਗਿਆ, ਸਗੋਂ ਪੰਜਾਬ ਮੰਤਰੀ ਮੰਡਲ ਨੂੰ ਅੱਖੋਂ ਪਰੋਖੇ ਕਰਕੇ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਪੱਤਰਕਾਰ ਸੰਮੇਲਨ ਵਿੱਚ ਆਪਹੁਦਰੇ ਢੰਗ ਨਾਲ ਐਲਾਨ ਕਰ ਦਿੱਤਾ ਕਿ ਪੰਜਾਬ ਸਰਕਾਰ ਨੇ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਵਾਪਰੇ ਪੁਲਿਸ ਗੋਲੀ ਕਾਂਡ ਤੇ ਲਾਠੀਚਾਰਜ ਦੀ ਹੋਰ ਜਾਂਚ ਕਰਨ ਦਾ ਮਾਮਲਾ ਸੀਬੀਆਈ ਦੇ ਸਪੁਰਦ ਕਰਨ ਦਾ ਫੈਸਲਾ ਕੀਤਾ ਹੈ, ਜਦ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਅਜੇਹੀ ਕੋਈ ਸਿਫ਼ਾਰਸ਼ ਨਹੀਂ ਹੈ।

ਇਸ ਸਾਰੇ ਮਾਮਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਲਤ ਡਾਵਾਂਡੋਲ ਹੈ। ਉਹ ਸੱਪ ਵੀ ਮਾਰਨਾ ਚਾਹੁੰਦੇ ਹਨ ਤੇ ਆਪਣੀ ਸੋਟੀ ਵੀ ਬਚਾਉਣਾ ਚਾਹੁੰਦੇ ਹਨ, ਅਜੇਹੀ ਦੁਬਿਧਾ ਭਰੀ ਦੁਚਿੱਤੀ ਕਿਉਂ ਹੈ ? ਇਸ ਬਾਰੇ ਤਾਂ ਕੈਪਟਨ ਸਾਹਿਬ ਹੀ ਬਿਹਤਰ ਜਾਣਦੇ ਹਨ ਕਿਉਂਕਿ ਇੱਕ ਪਾਸੇ ਤਾਂ ਕੈਪਟਨ ਸਾਹਿਬ ਆਪਣੇ ਮੰਤਰੀ ਮੰਡਲ ਨੂੰ ਭਰੋਸੇ ਵਿੱਚ ਲੈਣ ਤੋਂ ਬਿਨਾ ਹੀ, ਸਮੁੱਚੇ ਮਾਮਲੇ ਬਿਨਾ ਕਾਰਵਾਈ ਦੇ ਠੰਢੇ ਬਸਤੇ ਪਾਉਣ ਲਈ ਕੇਂਦਰੀ ਪੜਤਾਲੀਆ ਏਜੰਸੀ ਸੀਬੀਆਈ. ਨੂੰ ਜਾਂਚ ਸੌਂਪਣ ਦਾ ਐਲਾਨ ਕਰਦੇ ਹਨ, ਦੂਜੇ ਪਾਸੇ ਪੰਜਾਬ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਡਾਕਟਰ ਨਿਰਮਲਜੀਤ ਸਿੰਘ, ਪੰਜਾਬ ਦੇ ਡਾਇਰੈਕਟਰ ਜਨਰਲ ਪੁਲਿਸ ਸ੍ਰੀ ਸੁਰੇਸ਼ ਅਰੋੜਾ ਨੂੰ ਹਦਾਇਤ ਦਿੰਦੇ ਹਨ ਕਿ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਵਿੱਚ, ਜਿਨ੍ਹਾਂ 10 ਪੁਲਿਸ ਕਰਮਚਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਉਨ੍ਹਾਂ ਦੇ ਖਿਲਾਫ਼ ਇਰਾਦਾ ਕਤਲ ਦੇ ਮਾਮਲੇ ਦਰਜ ਕਰਕੇ, ਅਗਲੇਰੀ ਕਾਰਵਾਈ ਕੀਤੀ ਜਾਵੇ। ਮੁੱਖ ਮੰਤਰੀ ਦੇ ਇਸ ਮਨਸ਼ੇ ਪਿੱਛੇ ਕਿਹੜੀ ਭਾਵਨਾ ਕੰਮ ਕਰ ਰਹੀ ਹੈ, ਇਹ ਆਮ ਆਦਮੀ ਦੀ ਸਮਝ ਤੋਂ ਬਾਹਰ ਹੈ।

ਹੁਣ ਸਵਾਲ ਉੱਠਦਾ ਹੈ ਕਿ ਜੋ ਦੋ ਸਿੱਖ, ਭਾਈ ਕ੍ਰਿਸ਼ਨ ਭਗਵਾਨ ਸਿੰਘ ਅਤੇ ਭਾਈ ਗੁਰਜੀਤ ਸਿੰਘ ਬਹਿਬਲ ਕਲਾਂ ਗੋਲੀ ਕਾਂਡ ਵਿੱਚ, ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਏ ਸਨ, ਉਨ੍ਹਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਪੁਲਸੀਆਂ ਦੇ ਖਿਲਾਫ ਕਤਲ ਦਾ ਮਾਮਲਾ ਦਰਜ ਕਰਨ ਦੇ ਨਿਰਦੇਸ਼ ਕਿਉਂ ਨਹੀਂ ਦਿੱਤੇ ਗਏ ? ਜਦੋਂ ਮੁਆਵਜ਼ਾ ਰਾਸ਼ੀ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਵਧਾ ਕੇ ਇੱਕ ਕਰੋੜ ਰੁਪਿਆ ਕਰ ਦਿੱਤੀ ਗਈ ਹੈ ਤਾਂ ਦੋਸ਼ੀਆਂ ਦੇ ਖਿਲਾਫ਼ ਕਤਲ ਦਾ ਮੁਕੱਦਮਾ ਕਿਉਂ ਨਹੀਂ ? ਇਹ ਅਸਪੱਸ਼ਟ ਨੀਤੀ ਸਿੱਖ ਸੰਗਤਾਂ ਦੇ ਮਨਾਂ ਵਿੱਚ ਹੋਰ ਵਧੇਰੇ ਰੋਹ ਪੈਦਾ ਕਰਨ ਵਾਲੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਾਮਲਾ ਸਿੱਖਾਂ ਦੇ ਵਾਸਤੇ ਜ਼ਿੰਦਗੀ-ਮੌਤ ਦਾ ਸਵਾਲ ਹੈ। ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਦੀਆਂ ਲੜੀਵਾਰ ਘਟਨਾਵਾਂ ਨੇ ਸਿੱਖ ਭਾਵਨਾਵਾਂ ਨੂੰ ਵਲੂੰਧਰ ਸੁੱਟਿਆ ਹੈ। ਹਰ ਸਿੱਖ ਦੀ ਰੂਹ ਲਹੂ-ਲੁਹਾਨ ਹੈ ਪਰ ਸਿਆਸਤਦਾਨ ਸਿੱਖ ਜਜ਼ਬਿਆਂ ਦੇ ਭਾਂਬੜਾਂ ਵਿੱਚ ਵੀ ਆਪਣੀਆਂ ਰੋਟੀਆਂ ਸੇਕਣ ਤੋਂ ਬਾਜ਼ ਨਹੀਂ ਆਉਂਦੇ। ਉਕਤ ਸਾਰੇ ਮਾਮਲਿਆਂ ਵਿੱਚ ਇਨਸਾਫ ਦੀ ਗੁਹਾਰ ਲਾ ਰਹੀ ਸਿੱਖ ਸੰਗਤ ਵਲੋਂ 1 ਜੂਨ 2018 ਤੋਂ ਲਾਇਆ ਗਿਆ, ਸ਼ਾਂਤਮਈ ਬਰਗਾੜੀ ਮੋਰਚਾ, ਦੋ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਤੋਂ ਪਿੱਛੋਂ ਵੀ, ਪਰਚੰਡ ਨਿਰੰਤਰਤਾ ਵਿੱਚ ਜਾਰੀ ਹੈ। ਪਾਰਦਰਸ਼ਤਾ ਦੀ ਅਣਹੋਂਦ ਕਾਰਨ ਪੰਜਾਬ ਸਰਕਾਰ ਦੀ ਇਸ ਮਾਮਲੇ ਵਿੱਚ ਲੁਕਣ-ਮੀਟੀ

**ਬਾਕੀ ਸਫ਼ਾ 28 'ਤੇ**

# ਆਦੀਵਾਸੀਆਂ ਦੀ ਅਜ਼ਾਦੀ ਦੀ ਕੌਣ ਗੱਲ ਕਰੇਗਾ



- ਆਦੀਵਾਸੀਆਂ ਦੀ ਸੱਭਿਅਤਾ, ਸੰਸਕ੍ਰਿਤੀ, ਭਾਸ਼ਾ ਤੇ ਵਜੂਦ ਖਤਰੇ 'ਚ
- ਜ਼ਮੀਨ ਤੋਂ ਉਜਾੜੇ ਜਾਣ ਕਰਕੇ ਆਦੀਵਾਸੀ ਨਕਸਲਵਾਦੀ ਬਣੇ
- ਕਾਰਪੋਰੇਟਸ ਤੇ ਸਰਕਾਰਾਂ ਜੰਗਲਾਂ ਨੂੰ ਉਜਾੜ ਕੇ ਆਦੀਵਾਸੀਆਂ ਦੇ ਘਰ ਕਰ ਰਹੇ ਨੇ ਬਰਬਾਦ
- ਰਾਖਸ਼ ਤੋਂ ਸੰਤ ਬਣੇ ਕੌਡਾ ਦੇ ਸ਼ਹਿਰ ਜੱਬਲਪੁਰ ਵਿਚ ਝੁਲਦੇ ਹਨ ਸਿੱਖੀ ਸ਼ਾਨ ਦੇ ਕੇਸਰੀ ਨਿਸ਼ਾਨ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਭਾਰਤ ਵਿਚ ਲਗਭਗ 11 ਕਰੋੜ ਆਦੀਵਾਸੀ ਰਹਿੰਦੇ ਹਨ, ਜੋ ਕੁਲ ਅਬਾਦੀ ਦਾ 7 ਪ੍ਰਤੀਸ਼ਤ ਹੈ। ਭਾਰਤ ਵਿਚ ਕਈ ਕਿਸਮਾਂ ਦੇ ਆਦੀਵਾਸੀ ਪੂਰੇ ਦੇਸ਼ ਵਿਚ ਫੈਲੇ ਹੋਏ ਹਨ। ਉਨ੍ਹਾਂ ਦੀ ਆਪਣੀ-ਆਪਣੀ ਭਾਸ਼ਾ ਹੈ, ਆਪਣਾ ਸਮਾਜ ਹੈ। ਆਦੀਵਾਸੀ ਭਾਰਤ ਵਿਚ ਵਿਕਾਸ ਦੇ ਨਾਂ 'ਤੇ ਜਲ, ਜੰਗਲ, ਜ਼ਮੀਨ ਤੋਂ ਉਜਾੜੇ ਜਾਣ ਕਾਰਨ ਵੱਡੇ ਦੁਖਾਂਤ ਦਾ ਸਾਹਮਣਾ ਕਰ ਰਹੇ ਹਨ। ਵੱਖ-ਵੱਖ ਅੰਕੜਿਆਂ ਦਾ ਵਿਸ਼ਲੇਸ਼ਣ ਕਰੀਏ ਤਾਂ ਹਰ ਦਸਵਾਂ ਆਦੀਵਾਸੀ ਆਪਣੀ ਜ਼ਮੀਨ ਤੋਂ ਉਜਾੜਿਆ ਗਿਆ ਹੈ। ਪਿਛਲੇ ਇਕ ਦਹਾਕੇ ਵਿਚ ਹੀ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ ਤੇ ਉੜੀਸਾ ਵਿਚ 14 ਲੱਖ ਲੋਕ ਉਜਾੜੇ ਗਏ ਹਨ। ਉਨ੍ਹਾਂ ਵਿਚ 89% ਅਬਾਦੀ ਆਦੀਵਾਸੀਆਂ ਦੀ ਹੈ। ਜੰਗਲ ਨੂੰ ਆਪਣਾ ਘਰ ਸਮਝਣ ਵਾਲੇ ਜਨਜਾਤੀਆਂ ਦੇ ਉਜਾੜੇ ਦੇ ਦਰਦ ਨੂੰ ਕਿਸੇ ਸਰਕਾਰੀ ਮੁਆਵਜ਼ੇ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਆਦੀਵਾਸੀ ਆਪਣੇ ਜੀਵਨ, ਰੁਜ਼ਗਾਰ ਅਤੇ ਸਭਿਆਚਾਰਕ ਪਛਾਣ ਦੇ ਲਈ ਜੰਗਲਾਂ ਤੇ ਨਿਰਭਰ ਹਨ। ਜੰਗਲਾਂ ਤੋਂ ਦੂਰ ਹੁੰਦੇ ਹੀ ਉਜੜੇ ਆਦੀਵਾਸੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਸ਼ਿਕਾਰ ਹੋ ਜਾਂਦੇ ਹਨ। ਦੁਖਾਂਤ ਇਸ ਗੱਲ ਦਾ ਹੈ ਕਿ ਵਿਕਾਸ ਦੇ ਨਾਮ 'ਤੇ ਇਹ ਉਜਾੜਾ ਲਗਾਤਾਰ ਜਾਰੀ ਹੈ। ਉਜਾੜੇ ਦੇ ਨਾਲ ਨਾਲ ਜਿਨ੍ਹਾਂ ਵੱਡੀਆਂ ਸਮੱਸਿਆਵਾਂ ਨਾਲ ਆਦੀਵਾਸੀ ਸਮਾਜ ਜੂਝ ਰਿਹਾ ਹੈ, ਉਨ੍ਹਾਂ ਵਿਚ ਮੁਖ ਹੈ ਸਿੱਖਿਆ, ਰੁਜ਼ਗਾਰ, ਸਿਹਤ ਤੇ ਰਾਜਨੀਤਕ ਭੇਦਭਾਵ। ਛੱਤੀਸਗੜ੍ਹ ਪ੍ਰਾਚੀਨ ਆਦੀਵਾਸੀ ਖੇਤਰ ਹੈ ਤੇ ਉਸ ਦੀ ਪਛਾਣ ਜੰਗਲ ਤੇ ਆਦੀਵਾਸੀਆਂ ਦੇ ਲਈ ਹੈ, ਪਰ ਕੁਝ ਸਾਲਾਂ ਵਿਚ ਇਸਪਾਤ, ਲੋਹਾ ਤੇ ਖਨਨ ਯੋਜਨਾ ਨੇ ਆਦੀਵਾਸੀਆਂ ਦੇ ਜੀਵਨ ਨੂੰ ਸੰਕਟ ਵਿਚ ਪਾ ਦਿੱਤਾ ਹੈ। ਬਸਤਰ, ਦੰਤੇਵਾੜਾ ਜ਼ਿਲ੍ਹਿਆਂ ਵਿਚ ਜਿੱਥੇ ਨਕਸਲਵਾਦ ਕਾਰਨ ਆਦੀਵਾਸੀਆਂ ਦਾ ਜੀਵਨ ਔਖਾ ਹੋ ਗਿਆ ਹੈ ਅਤੇ ਸਰਗੁਜਾ ਤੇ ਜਸ਼ਪੁਰ ਜ਼ਿਲ੍ਹੇ ਵਿਚ ਖਣਿਜ ਸਾਧਨਾਂ ਦਾ ਧਰਤੀ ਵਿਚੋਂ ਕੱਢਣਾ ਅਤੇ ਸਰਕਾਰੀ ਲਾਹਪ੍ਰਵਾਹੀ ਆਦੀਵਾਸੀ ਸਮਾਜ ਦੇ ਲਈ ਖਤਰਾ ਬਣ ਚੁੱਕੀ ਹੈ। ਆਦੀਵਾਸੀ ਸਮਾਜ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਆਪਣਾ ਵਿਕਾਸ ਚਾਹੁੰਦਾ ਹੈ, ਪਰ ਉਸ ਨੂੰ ਉਸ ਦੀਆਂ ਜੜ੍ਹਾਂ ਨਾਲੋਂ ਵਿਕਾਸ ਦੇ ਨਾਮ 'ਤੇ ਤੋੜਿਆ ਜਾ ਰਿਹਾ ਹੈ। ਕੇਂਦਰ ਅਤੇ ਰਾਜ ਸਰਕਾਰ ਦੀ ਰੁਜ਼ਗਾਰ ਗਾਰੰਟੀ ਯੋਜਨਾ ਸਹਿਤ ਦੂਸਰੀਆਂ ਯੋਜਨਾਵਾਂ ਤੋਂ ਇਹ ਆਦੀਵਾਸੀ ਪੂਰੀ ਤਰ੍ਹਾਂ ਦੂਰ ਹਨ। ਇਥੇ ਜ਼ਿਕਰਯੋਗ ਹੈ ਕਿ ਭਾਰਤੀ ਅਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਆਦੀਵਾਸੀਆਂ ਦੇ ਸੰਘਰਸ਼ ਦਾ ਪਾਠ ਵੀ ਦਰਜ ਹੈ। ਸੰਥਾਲ ਪ੍ਰਗਨਾ ਵਿਚ ਤਿਲਕਾ ਮਾਜੀ ਦੀ ਅਗਵਾਈ ਵਿਚ ਚੱਲੇ ਦਾਮਿਨ ਸੰਘਰਸ਼ ਦੇ 13 ਸਾਲ (ਸੰਨ 1771-ਸੰਨ 1784) ਦੌਰਾਨ ਉਨ੍ਹਾਂ ਦੀਆਂ ਵੀਰ ਗਾਥਾਵਾਂ ਪ੍ਰੇਰਨਾ ਦਾ ਸਰੋਤ ਰਹੀਆਂ ਹਨ। ਬੁੱਧੂ ਭਗਤ ਦੇ ਲਰਕਾ ਅੰਦੋਲਨ (ਸੰਨ 1828 ਤੋਂ ਸੰਨ 1832) ਦੇ ਵੇਰਵੇ ਹੈਰਾਨ ਕਰਨ ਵਾਲੇ ਹਨ। ਸਿੱਧੂ ਮੂਰਮੂ ਤੇ ਕਾਨੂ ਮੂਰਮੂ ਦਾ ਵਿਦਰੋਹ (ਸੰਨ 1855) ਝਾਰਕੰਡ ਦੇ ਸਾਸੀ ਤੇ ਆਦੀਵਾਸੀ ਯੋਧਿਆਂ ਦੇ ਸੰਘਰਸ਼ ਦੀ ਉਸ ਪਰੰਪਰਾ ਦੀ ਇਕ ਲੜੀ ਹੈ, ਜਿਸ ਦਾ ਸਿਖਰ ਵਿਰਸਾ ਮੁੰਡਾ ਤੇ ਉਨ੍ਹਾਂ ਦੇ ਉਲਗੁਲਾਨ (ਸੰਨ 1894 ਤੋਂ ਸੰਨ 1900) ਵਿਚ ਦੇਖਿਆ ਜਾ ਸਕਦਾ ਹੈ। ਛੱਤੀਸਗੜ੍ਹ ਵਿਚ ਵੀਰ ਨਰਾਇਣ ਸਿੰਘ ਦੀ ਸ਼ਹਾਦਤ (ਸੰਨ 1857) ਤੇ ਮੱਧ ਪ੍ਰਦੇਸ਼ ਦੇ ਨਿਮਾੜ ਦੇ ਘਣੇ ਜੰਗਲਾਂ ਵਿਚ ਰਹਿਣ ਵਾਲੇ ਟਾਟਿਆ ਭੀਲ ਦਾ ਬਲੀਦਾਨ (ਸੰਨ 1889) ਆਦੀਵਾਸੀਆਂ ਦੀ ਅਜ਼ਾਦੀ ਦੇ ਪ੍ਰਤੀ ਸੰਘਰਸ਼ ਨੂੰ ਦਰਸਾਉਂਦੇ ਹਨ। ਅਜ਼ਾਦੀ ਦੇ ਅੰਦੋਲਨ ਦੇ ਇਤਿਹਾਸ ਵਿਚ ਅਜਿਹੇ ਸੈਂਕੜੇ ਉਦਾਹਰਣ ਪਏ ਹਨ, ਜੋ ਆਦੀਵਾਸੀਆਂ ਲਈ ਪਰੇਰਨਾ ਸਰੋਤ ਹਨ। ਇਨ੍ਹਾਂ ਦੀਆਂ ਦੰਦ ਕਥਾਵਾਂ, ਲੋਕ ਗੀਤ, ਲੋਕ ਸਾਹਿਤ ਅੱਜ ਵੀ ਜੀਵਤ ਹੈ। ਆਦੀਵਾਸੀਆਂ ਦੀ ਅਜ਼ਾਦੀ ਉਨ੍ਹਾਂ ਦੀ ਸਭਿਅਤਾ, ਜੰਗਲ ਤੇ ਭਾਸ਼ਾ ਦਾ ਜਿਉਂਦੇ ਰਹਿਣਾ ਹੈ। ਜੇਕਰ ਉਨ੍ਹਾਂ ਨੂੰ ਉਜਾੜਿਆ ਜਾਵੇਗਾ ਤਾਂ ਉਹ ਬਗਾਵਤ 'ਤੇ ਉਤਰਨਗੇ। ਇਸ ਸੰਬੰਧ ਵਿਚ ਸਰਕਾਰਾਂ ਨੂੰ ਇਨ੍ਹਾਂ ਦੇ ਮਾਮਲੇ ਸੁਚੇਤ ਪੱਧਰ 'ਤੇ ਹੱਲ ਕਰਨ ਦੀ ਲੋੜ ਹੈ।

ਪਿਛਲੇ ਸਾਲ ਸੰਯੁਕਤ ਰਾਸ਼ਟਰ ਦੀ 'ਦਾ ਸਟੇਟ ਆਫ਼ ਦ ਵਰਲਡਜ਼ ਇੰਡੀਜਿਨਸ ਪੀਪਲਜ਼' ਨਾਮ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਮੂਲ ਨਿਵਾਸੀ ਤੇ ਆਦੀਵਾਸੀ ਜਾਤੀਆਂ ਭਾਰਤ ਸਹਿਤ ਸੰਪੂਰਨ ਵਿਸ਼ਵ ਵਿਚ ਆਪਣੀ ਜ਼ਮੀਨ, ਸੰਸਕ੍ਰਿਤੀ ਤੇ ਵਜੂਦ ਤੋਂ ਵਿਛੜ ਕੇ ਗਾਇਬ ਹੋਣ ਦੇ ਕਿਨਾਰੇ ਹਨ। ਰਿਪੋਰਟ ਦੇ ਮੁਤਾਬਕ ਖਨਨ ਕਾਰਜ ਦੇ ਕਾਰਨ ਹਰ ਰੋਜ਼ ਹਜ਼ਾਰਾਂ ਆਦੀਵਾਸੀ ਪਰਿਵਾਰ ਉਜੜ ਰਹੇ ਹਨ ਤੇ ਉਨ੍ਹਾਂ ਦੀ ਸਾਰ ਨਹੀਂ ਲਈ ਜਾ ਰਹੀ। ਉਜਾੜੇ ਕਾਰਨ ਉਨ੍ਹਾਂ ਵਿਚ ਗਰੀਬੀ, ਬਿਮਾਰੀ ਤੇ ਬੇਰੁਜ਼ਗਾਰੀ ਫੈਲ ਰਹੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ ਵਿਚ ਇਹ ਜਾਣਕਾਰੀ ਮਿਲਦੀ ਹੈ ਕਿ ਕੋਲਨ (ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ), ਕੋਰਗਾ (ਕਰਨਾਟਕ), ਚੋਲਾਨਾ ਨਾਇਕਨ (ਕੇਰਲਾ), ਮਲਪਹਾੜੀਆ (ਬਿਹਾਰ), ਕੋਟਾ (ਤਾਮਿਲਨਾਡੂ), ਬਿਰਹੋਰ (ਉੜੀਸਾ) ਅਤੇ ਸ਼ਾਪੈਨ (ਅੰਡੇਮਾਨ ਤੇ ਨਿਕੋਬਾਰ) ਦੇ ਸੰਵੇਦਨਸ਼ੀਲ ਆਦੀਵਾਸੀ ਸਮੂਹਾਂ ਦੀ ਸੰਖਿਆ ਘੱਟ ਰਹੀ ਹੈ ਤੇ ਆਦੀਵਾਸੀ ਬੱਚਿਆਂ ਦੀ ਮੌਤ ਦਰ ਰਾਸ਼ਟਰੀ ਔਸਤ ਤੋਂ ਦੁੱਗਣੇ ਪੱਧਰ 'ਤੇ ਪਹੁੰਚ ਗਈ ਹੈ। ਇਸ ਰਿਪੋਰਟ ਦੇ ਮੁਤਾਬਕ ਆਦੀਵਾਸੀ ਬੱਚਿਆਂ ਦੀ ਮੌਤ ਦਰ 35.8 ਫੀਸਦੀ ਹੈ। ਜਦ ਕਿ ਰਾਸ਼ਟਰੀ ਔਸਤ ਦਰ 18.4 ਫੀਸਦੀ ਹੈ। ਆਦੀਵਾਸੀਆਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਤੋਂ ਇਲਾਵਾ ਸਾਮਾਜਿਕ ਸਮੱਸਿਆਵਾਂ ਨੇ ਉਨ੍ਹਾਂ ਨੂੰ ਚੋਰਾਹੇ 'ਤੇ ਖੜਾ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਸਭਿਅਤਾ ਤੇ ਸੰਸਕ੍ਰਿਤੀ ਨੂੰ ਖਤਰਾ ਪੈਦਾ ਹੋ ਗਿਆ ਹੈ।

ਆਦੀਵਾਸੀਆਂ ਦੀ ਸੰਸਕ੍ਰਿਤੀ ਤੇ ਸਭਿਅਤਾ 'ਤੇ ਦੂਸਰਾ ਹਮਲਾ ਕਾਰਪੋਰੇਟ ਜਗਤ ਤੇ ਸਰਕਾਰ ਦੀ ਮਿਲੀ ਭੁਗਤ ਦੇ ਕਾਰਨ ਹੋ ਰਿਹਾ ਹੈ। ਜੰਗਲ ਨੂੰ ਆਪਣੀ ਮਾਂ ਭੂਮੀ ਸਮਝਣ ਵਾਲੇ ਆਦੀਵਾਸੀਆਂ ਦੇ ਇਸ ਘਰ ਨੂੰ ਉਜਾੜੇ ਦਾ ਕਾਰਨ ਖੁਦ ਸਰਕਾਰਾਂ ਬਣ ਰਹੀਆਂ ਹਨ। ਜੰਗਲਾਂ ਨੂੰ ਕੱਟ ਕੇ ਤੇ ਫੂਕ ਕੇ ਉਸ ਭੂਮੀ ਨੂੰ ਯੋਜਨਾਬੱਧ ਢੰਗ ਨਾਲ ਕਾਰਪੋਰੇਟ ਜਗਤ ਨੂੰ ਸੌਂਪਿਆ ਜਾ ਰਿਹਾ ਹੈ। ਇਸ ਕਾਰਨ ਆਦੀਵਾਸੀ ਸੰਨ 1990 ਤੋਂ ਆਪਣੀ ਪਰੰਪਰਾਗਤ ਭੂਮੀ ਤੋਂ ਬੇਦਖਲ ਹੋ ਰਹੇ ਹਨ। ਆਮ ਕਰਕੇ ਆਦੀਵਾਸੀ ਸਿੱਧੇ, ਸਾਊ, ਅਹਿੰਸਕ ਮੰਨੇ ਜਾਂਦੇ ਹਨ। ਪਰ ਉਨ੍ਹਾਂ ਦੀ ਅਰਥ ਵਿਵਸਥਾ 'ਤੇ ਹਮਲੇ ਨੇ ਉਨ੍ਹਾਂ ਨੂੰ ਹਿੰਸਕ ਬਣਾ ਦਿੱਤਾ ਹੈ। ਹੁਣ ਉਹ ਆਪਣੇ ਸ਼ਾਂਤਮਈ ਸੁਭਾਅ ਦਾ ਤਿਆਗ ਕਰਕੇ ਹਥਿਆਰਬੰਦ ਸੰਘਰਸ਼ ਵਲ ਤੁਰ ਪਏ ਹਨ।

ਆਦੀਵਾਸੀ ਰੁਜ਼ਗਾਰ ਦੇ ਸੰਕਟ ਨਾਲ ਜੂਝ ਰਹੇ ਹਨ ਤੇ ਨਾਲ ਹੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਜੇਕਰ ਵਿਕਸਤ ਦੇਸ ਅਮਰੀਕਾ ਦੀ ਗੱਲ ਕਰੀਏ ਤਾਂ ਇੱਥੇ ਆਮ ਆਦਮੀ ਦੀ ਤੁਲਨਾ ਵਿਚ ਜਨਜਾਤੀ ਭਾਈਚਾਰੇ ਦੇ ਲੋਕਾਂ ਨੂੰ ਟੀ.ਬੀ. ਹੋਣ ਦੀ ਸੰਭਾਵਨਾ 600 ਗੁਣਾ ਜ਼ਿਆਦਾ ਹੈ। ਉਨ੍ਹਾਂ ਵਿਚ ਆਤਮ-ਹੱਤਿਆ ਕਰਨ ਦੀ ਸੰਭਾਵਨਾ 62 ਫੀਸਦੀ ਤੋਂ ਜ਼ਿਆਦਾ ਹੈ। ਅਸਟਰੇਲੀਆ ਵਿਚ ਕਬੀਲਿਆਂ ਦਾ ਕੋਈ ਬੱਚਾ ਕਿਸੇ ਹੋਰ ਭਾਈਚਾਰੇ ਜਾਂ ਕੌਮ ਦੇ ਬੱਚੇ ਦੀ ਤੁਲਨਾ ਵਿਚ 20 ਸਾਲ ਪਹਿਲਾਂ ਮਰ ਜਾਂਦਾ ਹੈ। ਨੇਪਾਲ ਵਿਚ ਹੋਰ ਕੌਮਾਂ ਦੇ ਬੱਚਿਆਂ ਤੋਂ ਕਬੀਲਿਆਂ ਦੇ ਬੱਚਿਆਂ ਦੀ ਉਮਰ 20 ਸਾਲ, ਗਵਾਟੇਮਾਲ ਵਿਚ 13 ਸਾਲ ਤੇ ਨਿਊਜ਼ੀਲੈਂਡ ਵਿਚ 11 ਸਾਲ ਘੱਟ ਹੁੰਦੀ ਹੈ। ਅਰਥਾਤ ਉਹ ਘੱਟ ਉਮਰ ਭੋਗਦੇ ਹਨ। ਵਿਸ਼ਵ ਪੱਧਰ 'ਤੇ ਦੇਖੀਏ ਤਾਂ ਆਦੀਵਾਸੀ ਕਬੀਲਿਆਂ ਦੇ ਕੁਲ 50 ਫੀਸਦੀ ਲੋਕ ਟਾਈਪ-2 ਸ਼ੂਗਰ ਤੋਂ ਪੀੜਤ ਹਨ। ਆਦੀਵਾਸੀ ਭਾਈਚਾਰਾ ਭਾਸ਼ਾ ਤੇ ਸੰਕਟ ਨਾਲ ਵੀ ਜੂਝ ਰਿਹਾ ਹੈ। ਭਾਸ਼ਾ ਰਿਸਰਚ ਐਂਡ ਪਬਲੀਕੇਸ਼ਨ ਸੈਂਟਰ ਦੁਆਰਾ ਕੀਤੇ ਗਏ 'ਭਾਰਤੀ ਭਾਸ਼ਾਵਾਂ ਦੇ ਲੋਕ ਸੁਰੱਖਿਆ' ਦਾ ਅਧਿਐਨ ਦੱਸਦਾ ਹੈ ਕਿ ਪਿਛਲੇ 50 ਸਾਲਾਂ ਵਿਚ ਭਾਰਤ ਵਿਚ ਬੋਲੀਆਂ ਜਾਣ ਵਾਲੀਆਂ 850 ਭਾਸ਼ਾਵਾਂ ਵਿਚ ਤਕਰੀਬਨ 250 ਭਾਸ਼ਾਵਾਂ ਅਲੋਪ ਹੋ ਚੁੱਕੀਆਂ ਹਨ ਤੇ 139 ਤੋਂ ਜ਼ਿਆਦਾ ਭਾਸ਼ਾਵਾਂ ਦਾ ਵਜੂਦ ਖਤਰੇ ਵਿਚ ਹੈ। ਅਲੋਪ ਹੋਣ ਵਾਲੀਆਂ ਭਾਸ਼ਾਵਾਂ ਵਿਚ ਜ਼ਿਆਦਾਤਰ ਆਦੀਵਾਸੀ ਦੁਆਰਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਹਨ। ਸੋਧ ਦੇ ਮੁਤਾਬਕ ਅਸਾਮ ਦੀ 55, ਮੇਘਾਲਿਆ ਦੀ 31, ਮਣੀਪੁਰ ਦੀ 28, ਨਾਗਾਲੈਂਡ ਦੀ 17, ਤ੍ਰਿਪੁਰਾ ਦੀਆਂ 10 ਭਾਸ਼ਾਵਾਂ ਅਲੋਪ ਹੋਣ ਦੇ ਕਿਨਾਰੇ ਹਨ। ਇਨ੍ਹਾਂ ਭਾਸ਼ਾਵਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ। ਸਿੱਕਮ ਵਿਚ ਮਾਝੀ ਬੋਲਣ ਵਾਲਿਆਂ ਦੀ ਸੰਖਿਆ ਸਿਰਫ ਚਾਰ ਰਹਿ ਗਈ ਹੈ। ਛੋਟੇ ਜਿਹੇ ਰਾਜ ਅਰੁਣਾਂਚਲ ਵਿਚ ਹੀ 90 ਤੋਂ ਜ਼ਿਆਦਾ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉੜੀਸਾ ਵਿਚ 47, ਮਹਾਰਾਸ਼ਟਰ ਤੇ ਗੁਜਰਾਤ ਵਿਚ 50 ਤੋਂ ਜ਼ਿਆਦਾ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਜਿਸ ਕੌਮ ਜਾਂ ਕਬੀਲੇ ਦੀ ਭਾਸ਼ਾ ਖਤਮ ਹੋ ਜਾਂਦੀ ਹੈ, ਉਹ ਕਬੀਲਾ ਆਪਣੇ ਆਪ ਖਤਮ ਹੋ ਜਾਂਦਾ ਹੈ, ਕਿਉਂਕਿ ਭਾਸ਼ਾ ਹੀ ਕਿਸੇ ਕੌਮ ਕਬੀਲੇ ਦਾ ਮੁਖ ਆਧਾਰ ਹੁੰਦੀ ਹੈ। ਵਿਸ਼ਵ ਪੱਧਰ 'ਤੇ ਅੰਕੜਿਆਂ 'ਤੇ ਝਾਤੀ ਮਾਰੀਏ ਤਾਂ ਦੁਨੀਆਂ ਭਰ ਵਿਚ 189 ਭਾਸ਼ਾਵਾਂ ਅਜਿਹੀਆਂ ਹਨ, ਜੋ ਆਦੀਵਾਸੀ ਖੇਤਰਾਂ ਵਿਚ ਬੋਲੀ ਜਾਂਦੀਆਂ ਹਨ ਤੇ ਹੁਣ ਉਨ੍ਹਾਂ ਦੇ ਬੋਲਣ ਤੇ ਲਿਖਣ ਵਾਲੇ ਲੋਕਾਂ ਦੀ ਗਿਣਤੀ 12 ਤੋਂ ਵੀ ਘੱਟ ਰਹਿ ਗਈ ਹੈ। ਯੁਕਰੇਨ ਵਿਚ ਬੋਲੀ ਜਾਣ ਵਾਲੀ ਕੈਰਮ ਵੀ ਇਨ੍ਹਾਂ ਭਾਸ਼ਾਵਾਂ ਵਿਚ ਇਕ ਹੈ, ਜਿਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਸਿਰ਼ਫ 6 ਰਹਿ ਗਈ ਹੈ। ਇੰਡੋਨੇਸ਼ੀਆ ਵਿਚ ਲੇਗਿਲੂ ਬੋਲਣ ਵਾਲਿਆਂ ਦੀ ਗਿਣਤੀ ਸਿਰਫ ਚਾਰ ਰਹਿ ਗਈ ਹੈ। ਇਸ ਤਰ੍ਹਾਂ ਵਿਸ਼ਵ ਵਿਚ 178 ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ 150 ਤੱਕ ਹੈ। ਪਰ ਇਹ ਕਿੱਡਾ ਵੱਡਾ ਦੁਖਾਂਤ ਹੈ ਕਿ ਇਸ ਵੰਨ ਸਵੰਨੀ ਭਾਸ਼ਾਵਾਂ ਤੇ ਸਭਿਆਚਾਰ ਨੂੰ ਬਚਾਉਣ ਦੀ ਕੋਈ ਠੋਸ ਪਹਿਲ ਨਹੀਂ ਕੀਤੀ ਜਾ ਰਹੀ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਲ, ਜੰਗਲ ਤੇ ਜ਼ਮੀਨ ਦੇ ਮਾਲਕ ਆਦਿਵਾਸੀ ਹਨ, ਜਿਨ੍ਹਾਂ ਨਾਲ ਉਨ੍ਹਾਂ ਦਾ ਵਾਜੂਦ ਤੇ ਅਜ਼ਾਦੀ ਜੁੜੀ ਹੋਈ ਹੈ। ਯੂਐਨਓ ਨੇ ਵੀ ਮੰਨਿਆ ਹੈ ਕਿ ਇਸ 'ਤੇ ਆਦੀਵਾਸੀਆਂ ਦਾ ਹੱਕ ਹੈ। ਇਹੀ ਨਹੀਂ ਜ਼ਮੀਨ ਦੇ ਅੰਦਰ ਖਣਿਜ ਦੇ ਮਾਲਕ ਆਦੀਵਾਸੀ ਹਨ। ਭਾਰਤ ਸਰਕਾਰ ਤੇ ਪ੍ਰਾਂਤਾਂ ਦੀਆਂ ਸਰਕਾਰਾਂ ਆਦੀਵਾਸੀਆਂ ਦੇ ਹਿੱਤਾਂ ਦੀਆਂ ਗੱਲਾਂ ਬਹੁਤ ਕਰਦੀਆਂ ਹਨ, ਪਰ ਉਨ੍ਹਾਂ ਦਾ ਭਵਿੱਖ ਬਚਾਉਣ ਦੇ ਲਈ ਗੰਭੀਰ ਨਹੀਂ ਹੈ। ਆਦੀਵਾਸੀ ਕਬੀਲਿਆਂ ਦੀਆਂ ਜ਼ਮੀਨਾਂ 'ਤੇ ਸਰਕਾਰਾਂ ਦੀਆਂ ਨਜ਼ਰਾਂ ਟਿਕੀਆਂ ਰਹਿੰਦੀਆਂ ਹਨ। ਜੰਗਲ ਦੇ ਜੰਗਲ ਉਜੜ ਰਹੇ ਹਨ। ਆਦੀਵਾਸੀ ਜ਼ਮੀਨ ਤੋਂ ਬੇਦਖਲ ਹੋ ਰਹੇ ਹਨ। ਪਰ ਸਰਕਾਰ ਉਨ੍ਹਾਂ ਦਾ ਦੁਖਾਂਤ ਦਾ ਹੱਲ ਲੱਭਣ ਲਈ ਤਿਆਰ ਨਹੀਂ। ਬਕਾਰੋ ਸਟੀਲ ਹੋਵੇ, ਐਚ ਡਰਸੀ ਹੋਵੇ, ਰਾਉਰਕੇਲਾ ਸਟੀਲ ਪਲਾਂਟ ਹੋਵੇ, ਸਾਰੀ ਜਗ੍ਹਾ ਇਸ ਖੇਤਰ ਦੇ ਆਦੀਵਾਸੀਆਂ ਨੂੰ ਉਜਾੜਿਆ ਗਿਆ ਹੈ। ਕਾਰਖਾਨਿਆਂ ਦਾ ਵਿਕਾਸ ਹੋਵੇ ਜਾਂ ਵੱਡੇ ਵੱਡੇ ਬੰਨਾਂ ਦੀ ਉਸਾਰੀ ਹੋਵੇ, ਪਰ ਉਜਾੜਾ ਆਦੀਵਾਸੀਆਂ ਦਾ ਹੁੰਦਾ ਹੈ। ਇਹ ਠੀਕ ਹੈ ਕਿ ਆਦੀਵਾਸੀਆਂ ਦਾ ਇਕ ਵਰਗ ਪੜ੍ਹ ਲਿਖ ਕੇ ਨੌਕਰੀਆਂ ਵਿਚ ਆਇਆ ਹੈ, ਪਰ ਉਹ ਆਦੀਵਾਸੀ ਸਮਾਜ ਦਾ ਚਿਹਰਾ ਨਹੀਂ ਹੈ, ਬਹੁਗਿਣਤੀ ਆਦੀਵਾਸੀ ਉਜਾੜੇ ਦਾ ਦੁਖਾਂਤ ਭੋਗ ਰਹੇ ਹਨ, ਕਿਉਂਕਿ ਉਨ੍ਹਾਂ ਦਾ ਜੰਗਲਾਂ 'ਤੇ ਅਧਿਕਾਰ ਨਹੀਂ ਰਿਹਾ। ਇਸ ਕਾਰਨ ਹੀ ਨਸਲਵਾਦ ਨੇ ਭਿਅੰਕਰ ਰੂਪ ਲਿਆ ਹੈ। ਸਰਕਾਰ ਨੂੰ ਇਸ ਸੰਬੰਧੀ ਡੂੰਘਿਆਈ ਨਾਲ ਵਿਚਾਰ ਕਰਨੀ ਹੋਵੇਗੀ ਤੇ ਆਦੀਵਾਸੀ ਕਬੀਲਿਆਂ ਦੇ ਹਿੱਤਾਂ ਦੀ ਰਾਖੀ ਕਰਨੀ ਹੋਵੇਗੀ।

**ਗੁਰੂ ਨਾਨਕ ਦੇ ਸਿੱਖ ਕੌਡਾ ਭੀਲ ਦੇ ਵਾਰਸਾਂ ਦਾ ਉਜਾੜਾ:** ਸਿੱਖ ਕੌਮ ਨਾਲ ਜੋ ਦੁਖਾਂਤ ਤੇ ਨਸਲਕੁਸ਼ੀ ਦਾ ਵਰਤਾਰਾ ਵਾਪਰਿਆ ਹੈ ਉਹ ਦਲਿਤਾਂ, ਆਦਿਵਾਸੀਆਂ ਤੇ ਮੁਸਲਮਾਨਾਂ ਨਾਲ ਵੀ ਵਾਪਰਿਆ ਹੈ। ਈਸਾਈ ਵੀ ਬਾਹਮਣਵਾਦੀ ਤੇ ਨਸਲਵਾਦੀ ਸਿਸਟਮ ਦੇ ਸ਼ਿਕਾਰ ਹਨ। ਇਹ ਮਨੁੱਖੀ ਅਧਿਕਾਰਾਂ, ਅਜ਼ਾਦੀ ਤੇ ਬਰਾਬਰੀ ਦਾ ਮਾਮਲਾ ਹੈ। ਇਹ ਦਰਦ ਇਹਨਾਂ ਸਾਰੀਆਂ ਕੌਮਾਂ ਦਾ ਸਾਂਝਾ ਹੈ ਪਰ ਕੋਈ ਬੇਚੈਨ ਕੌਮ ਦੂਸਰੀਆਂ ਕੌਮਾਂ ਦੇ ਹੱਕ ਵਿਚ ਨਹੀਂ ਬੋਲੀ। ਇਸ ਕਰਕੇ ਇਹ ਸੰਤਾਪ ਜਾਰੀ ਹੈ ਤੇ ਮਨੂਵਾਦੀ ਸਿਸਟਮ ਦੀ ਆਧੁਨਿਕ ਉਸਾਰੀ ਹੋ ਰਹੀ ਹੈ।ਗੁਰੂ ਨਾਨਕ ਸਾਹਿਬ, ਜਿਹਨਾਂ ਦਾ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਅਸੀਂ ਮਨਾਉਣ ਚੱਲੇ ਹਾਂ, ਉਹਨਾਂ ਨੇ ਦੱਬੇ-ਕੁਚਲੇ ਤੇ ਗੁਲਾਮਾਂ ਦੇ ਹਿੱਤ ਵਿਚ ਨਾਅਰਾ ਮਾਰਿਆ ਸੀ। ਕੌਡਾ ਭੀਲ ਉਹਨਾਂ ਦਾ ਸਿੱਖ ਸੀ। ਸਾਖੀ ਸਾਹਿਤ ਜੋ ਬਾਹਮਣਵਾਦ ਨੇ ਰਚਿਆ ਉਸ ਵਿਚ ਕੌਡਾ ਭੀਲ ਨੂੰ ਰਾਖਸ਼ ਤੇ ਵੱਡੇ ਸਿੰਗਾਂ ਵਾਲਾ ਨਰਭਕਸ਼ੀ ਮਨੁੱਖ ਦੱਸਿਆ ਜੋ ਆਦਿਵਾਸੀਆਂ ਨਾਲ ਜ਼ਿਆਦਤੀ ਸੀ ਕਿਉਕਿ ਉਸ ਸਮੇਂ ਦਾ ਬਾਹਮਣਵਾਦੀ ਸਿਸਟਮ ਵੀ ਆਦਿਵਾਸੀਆਂ ਨਾਲ ਨਫਰਤ ਕਰਦਾ ਸੀ। ਜਲ-ਜੰਗਲ-ਜ਼ਮੀਨ ਵਿਚ ਉਹਨਾਂ ਦੀ ਅਜ਼ਾਦੀ ਹੁੰਦੀ ਹੈ,ਇਸੇ ਲਈ ਆਦਿਵਾਸੀਆਂ ਨੂੰ ਰਾਖਸ਼ ਕਿਹਾ ਜਾਂਦਾ ਸੀ। ਵਣਜਾਰੇ ਤੇ ਸਿਕਲੀਗਰ ਆਦਿਵਾਸੀ ਸਮਾਜ ਹਨ ਜੋ ਗੁਰੂ ਨਾਨਕ ਨੂੰ ਆਪਣਾ ਗੁਰੂ ਮੰਨਦੇ ਤੇ ਜਲ-ਜੰਗਲ-ਜ਼ਮੀਨ ਨੂੰ ਪਿਆਰ ਕਰਦੇ ਹਨ। ਪਰ ਟਾਟਾ, ਪੌਸਕੋਂ, ਐਸਾਰ ਵਰਗੀਆਂ ਕਾਰਪੋਰੇਟ ਮਲਕ ਭਾਗੋਆਂ ਦੀਆਂ ਕੰਪਨੀਆਂ ਵਿਚਾਲੇ ਵਿਕਾਸ ਯੋਜਨਾਵਾਂ ਨੂੰ ਲੈ ਕੇ ਜੋ ਸਰਕਾਰੀ ਸਮਝੌਤੇ ਹੋਏ, ਉਹਨਾਂ ਆਦਿਵਾਸੀਆਂ ਦੀ ਸਭਿਅਤਾ, ਜਲ-ਜ਼ਮੀਨ-ਜੰਗਲ ਸਭ ਉਜਾੜ ਦਿੱਤੇ। ਜੇ ਉਹਨਾਂ ਵਿਰੋਧ ਕੀਤਾ ਤਾਂ ਉਹਨਾਂ ਉਪਰ ਬਲਿਊ ਸਟਾਰ ਵਰਗੇ ਅਪਰੇਸ਼ਨ ਸਲਵਾ ਜੂਡਮ, ਅਪਰੇਸ਼ਨ ਗਰੀਨ ਹੰਟ ਕੀਤੇ ਗਏ। ਆਖਰ ਤੀਰਾਂ ਨਾਲ ਲੜਨ ਵਾਲੇ ਆਦਿਵਾਸੀ ਆਧੁਨਿਕ ਅਸਲੇ ਨਾਲ ਲੈਸ ਸਰਕਾਰੀ ਫੋਰਸਾਂ ਨਾਲ ਮੁਕਾਬਲਾ ਕਿੰਝ ਕਰ ਸਕਦੇ ਸਨ। ਉਹੋ ਕੁਝ ਪੰਜਾਬ ਵਿਚ ਸਿੱਖਾਂ ਨਾਲ ਵਾਪਰਿਆ। ਜੋ ਉਜਾੜਾ ਪਿਛਲੇ 10-12 ਸਾਲਾਂ ਦੌਰਾਨ ਛੱਤੀਸਗੜ੍ਹ

**ਬਾਕੀ ਸਫ਼ਾ 28 'ਤੇ**


Sikh Gurdwara of Los Angeles Lankershim
Celebrating
Barsi Of Sant Baba Isher Singh Ji (Rara Sahib Wale)
Barsi of Sant Baba Meehan Singh Ji (Siahar Wale)
On
August 26, 2018 [Sunday]
ਸਮਾਂ 10 ਵਜੇ ਤੋਂ 2.00 ਵਜੇ
Fri-Sat From 6.30pm - 8.30pm
Sant Isher Singh Ji
Program Details as Follows:
Friday (Aug 24) Aarambh Shri Akhand Path Sahib ji 10:00 am
Sunday: (Aug 26) Bhog Shri Akhand Path Sahib ji 9:00 am
Sant Meehan Singh Ji
You are requested to join us with your Family and Friends
and recieve Guru's Blessings
Guru ka langar Seva By: Manjit S pandher and family
For More Information contact Manjit Singh Pandher
At 818-398 9262
Dhadi Jatha Sukhwinder Singh Ji
Sant Baba Amreek Singh Ji
Sikh Gurdwara Of Los Angeles
7640 Lankershim BLVD
North Hollywood, CA 91605
www.lankershimgurdwara.com
Mukhtiar S Kamboj (626)-893-5959
Manjit S Pandher (818) 398-9262
Karamjit S Rathor (818) 625-6370
Harjit S Saini (323)-321-1679
Kuldeep S Brar (818)-645-3098
Ravi Grewal (310) 748-1348
Harmander S. Grewal (818) 606 7894
Gurdwara Sahib (818) 765-9399


TRANS-ALLIANCE
TOGETHER WE SAVE
SAVE UPTO 24¢
PER GALLON ON DIESEL
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Love's


ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41
NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM


KHALSA
INSURANCE AGENCY, INC.
Khalsa Insurance Agency is among TOP 50 agencies
2014 ACE INDIVIDUAL
KHALSA INSURANCE AGENCY
» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS
COVERED CALIFORNIA
OBAMACARE
COVERED CALIFORNIA
AFFORDABLE CARE ACT
California Health Benefit Exchange
Call Now for the
Lowest Health Insurance
Premiums available
Some Households
qualify for
FREE HEALTHCARE
408-272-2500
Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# Chicago's Pizza
With a twist

# FOR SALE

- Great business opportunity available in the Livermore area.
- Many varieties of Indian fusion pizza as well as pasta, wings, salads, etc.
- Business has been profitable for the sellers.
- Situated in a great location, off of 580.



ਲਿਵਰਮੋਰ ਸ਼ਹਿਰ ਵਿੱਚ
ਸ਼ਿਕਾਗੋ ਪੀਜ਼ਾ ਸਟੋਰ
ਵਿਕਾਊ ਹੈ।

Bhupinder Singh Dev
realtor92@yahoo.com
BRE# 01130627
510-459-7537
RE/MAX Active Realty



ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ. ਭੁਪਿੰਦਰ ਸਿੰਘ: 510-459-7537



ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ!

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ: 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!



# ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1

MDH SHAH mazza ASHOKA



ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
## Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ
Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ!



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight

Phone: 765-478-6300

Partly sponsored by: DCA DEPARTMENT OF CULTURAL AFFAIRS City of Los Angeles

# INDIA ASSOCIATION OF LOS ANGELES

A Registered 501(c) 3 Non-profit Organization

19th Annual

San Fernando Valley Presents

# INDIA INDEPENDENCE DAY Celebration

**BIRMINGHAM HIGH SCHOOL** 17000 Haynes St, Van Nuys, CA 91406

**Saturday, August 25th 2018 . 3:00 PM-10:00 PM**

★ *FREE ADMISSION & AMPLE PARKING* ★

## CULTURAL SHOW

**5:30 PM - 10:00 PM**

*For Cultural show info. contact:*

| | |
|---|---|
| Kavita Puri: | 818-271-9690 |
| Manjeet Wahi: | 661-309-7543 |
| Nina Bawa: | 714-803-1751 |
| Aishveryaa Nidhi: | 747-238-1566 |
| Nalini Natarajan: | 818-987-6915 |

For more information please visit our website
www. IndiaAssociationLA.org
or call us at 818-600-1495

## GUESTS OF HONOR



Congressman Brad Sherman





## FREE EYE CHECK UP

by Lions Club of Northridge
and
Tzu Chi Foundation

## BOOTHS

Discounted Booth Pricing
Available for Limited Time

CONTACT
Pramesh Shah 310-597-2078

For Booklet Advertisement & Sponsorship contact

| | |
|---|---|
| Manmohan Chopra: | 818-335-8454 |
| Sunil Agrawal | 310-343-9471 |
| Raman Chadha | 818-458-5595 |
| Vinod Manchhani | 310-261-8816 |
| Bob Bawa | 626-705-2174 |
| Ravi Grewal | 310-748-1348 |
| Iqbal Samra | 818-219-3090 |

## FREE HEALTH FAIR (5pm-7pm)

**Attend the Celebrations and Consult with**
Physicians for health related problem
Blood sugar and blood pressure screening by nurses
Nutrition Educators/dietitians for preventing and managing cholesterol, diabetes, weight & other medical problem

For Health Fair, Contact: Deepi Singh 818-681-3337 • Dr. Bama Sridhar 818-437-1418

## GRAND SPONSOR

TURKISH AIRLINES

Media Partner TV ASIA

- ★ Jumpers for Kids
- ★ Food Booths With Delicious Indian Cuisine
- ★ Many Information Booths & Much Much More
- ★ Year's Biggest & Most Eagerly Awaited Family Event !
- ★ Traditional Indian Jewelry And Fashion Booths

## IALA Board of Directors

| | |
|---|---|
| Vinod Manchhani, *Chairman* | Raman Chadha |
| Inder Singh | Kumar Jawa |
| Vineet Puri | Sam Sidhu |
| Ranjit Joea | Bob Bawa |
| Satish Tomar | Ravi Grewal |
| Iqbal Samra | Jagdish Khangura |
| Suresh "Bobby" Sharma | Mukhtiar Kamboj |
| Ouseph Poulouse | |

## IALA 2017 Executive Committee

| | | | |
|---|---|---|---|
| President | Manmohan Chopra | Exec Vice President | Sunil Agrawal |
| Secretary | Aishveryaa Nidhi | Joint Secretary | Manjeet Wahi |
| Treasurer | Raj Thakkar | V.P. Finance | Kanaksinh Zala |
| VP Publicity | Ramesh Brahmarouthu | VP Cultural Affairs | Kavita Puri |
| VP Public Relations | Nalini Natarajan | VP Youth Affairs | Robin Paik |
| VP Health | Dr. Bama Sridhar | VP Health | Deepi Singh |
| Executive Member | Sunil Prabhakar | Executive Member | Pramesh Shah |
| Executive Member | Prem Seem | Executive Member | Hema Chopra |
| Executive Member | Yashpal Sharma | | |



jus punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ
ਵਲੋਂ 14ਵਾਂ ਵਿਸ਼ਵ ਕਬੱਡੀ ਕੱਪ
ਮਿਤੀ 16 ਸਤੰਬਰ 2018
ਦਿਨ ਐਤਵਾਰ
(ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street, Union City, California 94587) ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ
ਮੁੱਖ ਮਹਿਮਾਨ
ਸੰਤ ਸੇਵਾ ਸਿੰਘ
ਖ਼ਡੂਰ ਸਾਹਿਬ ਵਾਲੇ
ਭਾਗ ਲੈਣ ਵਾਲੀਆਂ ਕਬੱਡੀ ਟੀਮਾਂ
1. ਸ਼ੇਰ-ਏ-ਪੰਜਾਬ ਸਪੋਰਟਸ ਕਲੱਬ, ਲਾਸ ਏਂਜਲਸ (ਲੱਡਾ ਭਰਾ)
2. ਰਾਇਲ ਕਿੰਗਜ਼ ਯੂ.ਐੱਸ.ਏ (ਸ਼ੋਬਾ ਥਿਆੜਾ)
3. ਮਿਡ ਵੈਸਟ ਕਬੱਡੀ ਟੀਮ (ਵਿੱਕੀ ਸੰਮੀਪੁਰੀਆ ਤੇ ਭਾਰੀ)
4. ਬੇ ਏਰੀਆ ਸਪੋਰਟਸ ਕਲੱਬ (ਬਲਜੀਤ ਸਿੰਘ ਸੰਧੂ)
5. ਕਨੇਡਾ ਕਬੱਡੀ ਟੀਮ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ)
ਅੰਡਰ-25 ਉਮਰ ਵਰਗ ਦੀਆਂ ਕਬੱਡੀ ਟੀਮਾਂ
1. ਯੂਨਾਈਟਡ ਸਪੋਰਟਸ ਕਲੱਬ
2. ਯੂਬਾ ਬ੍ਰਦਰਜ਼
3. ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ
4. ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ
ਐੱਸ ਅਸ਼ੋਕ ਭੌਰਾ
Phone: 510 415 3315,
Email: ashokbhaura@gmail.com
ਉਦਘਾਟਨ ਕਰਨ ਵਾਲੇ ਮਹਿਮਾਨ
ਸੁਰਜੀਤ ਸਿੰਘ ਟੁੱਟ
ਮਾਈਕ ਬੋਪਾਰਾਏ
ਜਸਪ੍ਰੀਤ ਸਿੰਘ ਅਟਾਰਨੀ
ਮੇਜਰ ਸਿੰਘ ਬੈਂਸ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਡਾਇਮੰਡ ਟਰੱਕਿੰਗ ਸਟਾਕਟਨ ਦੇ ਕੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ
(ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
Sponsor of Under-25 First Prize
Sponsored byTakhar faimly in memory of late santokh s Takhar Apna punjab& Northern California club
TUTT BROTHERS, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR, SIKH PANCHYAT, SANTOKH S. JUDGE, BOB DHILLON, MANN INSURANCE BROKERS, SURINDER S. ATWAL, S. HARWINDER SINGH ATWAL, RANDHIR S. NIJJAR, JASWANT SINGH HOTHI, KASHMIR S DHOOT, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR, MANJIT SINGH, MEHNGA S. SARPANCH, AVTAR S BAINS, RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL, AMARITPAL S. DHILLON, BALIHAR SINGH SARPANCH
MIKE BOPARAI,TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH, PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH, SARBJIT SABHI.
RSI INSURANCE, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL, ALVARADO B P SERVICE, LACHHMAN S MANGAT, BILL BAINS CPA, MAJOR S GAKHAL, SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA.
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ.ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਵਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ਚੋਰਾਂ ਨਾਲ ਰਲੀ 'ਕੁੱਤੀ' ਨੂੰ ਐਸਐਸਪੀ ਨੇ ਇਵੇਂ ਪੁਚਕਾਰਿਆ...

**ਚੰਡੀਗੜ੍ਹ/ਬਿਊਰੋ ਨਿਊਜ਼ :**
ਚੰਡੀਗੜ੍ਹ ਪੁਲਿਸ ਦੀ ਮਹਿਲਾ ਐਸਐਸਪੀ ਦਾ ਪਿਛਲੇ ਦਿਨਾਂ ਦੌਰਾਨ ਇਥੇ ਚੱਲ ਰਹੇ ਜੂਏ ਦੇ ਅੱਡੇ ਨੂੰ ਇਕ ਵਿਲੱਖਣ ਢੰਗ ਨਾਲ ਨੇਸਤਾਨਾਬੂਦ ਕਰਨ ਦਾ ਵਾਕਿਆਤ ਲੋਕਾਂ ਦੀ ਚੁੰਝ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਸਰਕਾਰੀ ਹੋਟਲ ਵਿਚ ਚੱਲਦੇ ਜੂਏ ਦੇ ਅੱਡੇ ਨੂੰ ਫੜਨ ਲਈ ਇਸ ਪੁਲਿਸ ਅਫਸਰ ਨੂੰ ਕਾਫੀ ਪਾਪੜ ਵੇਲਣੇ ਪਏ।



ਹੋਇਆ ਇੰਝ ਕਿ ਇਸ ਮਹਿਲਾ ਪੁਲਿਸ ਅਫਸਰ ਦੀ ਜਦ ਤੋਂ ਚੰਡੀਗੜ੍ਹ ਵਿਚ ਤਾਇਨਾਤੀ ਹੋਈ ਹੈ, ਉਹ ਇਸ ਗੱਲੋਂ ਪ੍ਰੇਸ਼ਾਨ ਸੀ ਕਿ ਉਹ ਆਪਣੇ ਗੁਪਤ ਮੁਖਬਰਾਂ ਦੀ ਦਿੱਤੀ ਜਾਣਕਾਰੀ ਮੁਤਾਬਕ ਜਿੱਥੇ ਵੀ ਪੁਲਿਸ ਦੀ ਰੇਡ ਕਰਵਾਉਂਦੀ ਸੀ, ਉਥੇ ਹੀ ਪੁਲਿਸ ਵਾਲਿਆਂ ਦੇ ਪਹੁੰਚਣ ਤੋਂ ਪਹਿਲਾਂ ਇਸ ਦੀ ਖਬਰ ਪਹੁੰਚ ਜਾਂਦੀ ਸੀ। ਗੈਰਕਾਨੂੰਨੀ ਧੰਦਾ ਕਰਨ ਵਾਲੇ ਜਾਂ ਤਾਂ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਸਬੰਧਤ ਥਾਂ ਤੋਂ ਰਫੂ-ਚੱਕਰ ਹੋ ਗਏ ਹੁੰਦੇ ਜਾਂ ਫਿਰ ਪੁਲਿਸ ਦੇ ਆਉਣ ਤਕ ਕੋਈ ਸਬੂਤ ਹੀ ਨਾ ਛੱਡਦੇ।
ਆਖਰ ਐਸਐਸਪੀ ਨੂੰ ਪਤਾ ਲੱਗਿਆ ਕਿ ਉਹ ਜਿਸ ਪੁਲਿਸ ਨੂੰ ਇਨ੍ਹਾਂ ਸਮਾਜ ਵਿਰੋਧੀ ਅਨਸਰਾਂ ਨੂੰ ਨੱਪਣ ਲਈ ਭੇਜਦੀ ਹੈ, ਉਸ ਵਿਚੋਂ ਹੀ ਕੋਈ ਅਪਰਾਧੀਆਂ ਤਕ ਫੋਨ ਕਰਕੇ ਪੁਲਿਸ ਦੀ ਰੇਡ ਪੈਣ ਬਾਰੇ ਸਾਰੀ ਜਾਣਕਾਰੀ ਪਹਿਲਾਂ ਹੀ ਪੁੱਜਦੀ ਕਰ ਦਿੰਦਾ ਸੀ।
ਐਸਐਸਪੀ ਨੇ ਤਰਕੀਬ ਲੜਾਈ ਤੇ ਆਖਰ ਇਕ ਦਿਨ ਚੰਡੀਗੜ੍ਹ ਦੇ ਥਾਣੇਦਾਰਾਂ ਨੂੰ ਅਚਾਨਕ ਤੁਰੰਤ ਸਤਾਰ੍ਹਾਂ ਸੈਕਟਰ ਦੇ ਪਰੇਡ ਗਰਾਊਂਡ ਪਹੁੰਚਣ ਨੂੰ ਕਿਹਾ ਗਿਆ। ਇਥੇ ਪਹੁੰਚੇ ਥਾਣੇਦਾਰਾਂ ਦੇ ਸਭ ਦੇ ਮੋਬਾਇਲ ਫੋਨ ਲੈ ਕੇ ਸਵਿੱਚਡ ਆਫ ਕਰ ਦਿੱਤੇ ਗਏ। ਫਿਰ ਦੂਜੇ ਪਾਸੇ ਇਕ ਡੀਐਸਪੀ ਦੀ ਅਗਵਾਈ ਵਿਚ ਪਹਿਲਾਂ ਹੀ ਤਿਆਰ ਰੱਖੀ ਗਈ ਪੁਲਿਸ ਪਾਰਟੀ ਨਾਲ ਪੰਜਾਹ ਦੇ ਕਰੀਬ ਹੋਰ ਮੁਲਾਜ਼ਮ ਭੇਜ ਕੇ ਐਸਐਸਪੀ ਨੇ ਚੰਡੀਗੜ੍ਹ ਦੇ ਨਾਮੀ ਸ਼ਿਵਾਲਿਕ ਵਿਊ ਹੋਟਲ ਵਿਚ ਚੱਲਦੇ ਜੂਏ ਤੇ ਸੱਟੇਬਾਜ਼ੀ ਦੇ ਅੱਡੇ ਉਤੇ ਤੁਰੰਤ ਰੇਡ ਕਰਨ ਦਾ ਹੁਕਮ ਦਿੱਤਾ।
ਪੁਲਿਸ ਅਫ਼ਸਰਾਂ ਦੇ ਨਜ਼ਦੀਕੀ ਸੱਟੇਬਾਜ਼ ਅਵਿਨਾਸ਼ ਮਾਸ਼ਾ ਨੂੰ ਇਸ ਅਪ੍ਰੇਸ਼ਨ ਦੌਰਾਨ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਮਾਸ਼ੇ ਨਾਲ ਕਥਿਤ ਤੌਰ 'ਤੇ ਰਲੀ ਪੁਲਿਸ ਆਪਣੀਆਂ ਆਦਤਾਂ ਤੋਂ ਫਿਰ ਵੀ ਬਾਜ਼ ਨਾ ਆਈ। ਜਦੋਂ ਐਸਐਸਪੀ ਨੇ ਪੁਲਿਸ ਕਾਰਵਾਈ ਦੀ ਸਫਲਤਾ ਦੀ ਜਾਣਕਾਰੀ ਮੰਗੀ ਤਾਂ ਦੱਸਿਆ ਗਿਆ ਕਿ ਫਲਾਣਾ-ਫਲਾਣਾ ਸੱਟੇਬਾਜ਼ ਫੜੇ ਗਏ ਹਨ ਤੇ ਪੰਜ ਲੱਖ ਰੁਪਏ ਬਰਾਮਦ ਹੋਏ ਹਨ। ਐਸਐਸਪੀ ਨੇ ਮੋੜਵਾਂ ਜਵਾਬ ਦਿੱਤਾ ਕਿ "ਸਾਬ੍ਹ ਬਹਾਦਰ ਜੀ 16.49 ਲੱਖ ਰੁਪਏ ਬਰਾਮਦ ਹੋਏ ਹਨ, ਰੋਜ਼ਨਾਮਚੇ ਵਿਚ ਚਾੜ੍ਹ ਦਿਓ।" ਦਰਅਸਲ ਇਸ ਅਤਿਅੰਤ ਗੁਪਤ ਰੇਡ ਕਰਨ ਭੇਜੀ ਪੁਲਿਸ ਪਾਰਟੀ ਵਿਚ ਵੀ ਐਸਐਸਪੀ ਨੇ ਆਪਣਾ ਸੂਹੀਆਂ ਪਲਾਂਟ ਕਰ ਕੇ ਰੱਖਿਆ ਸੀ।
ਗੌਰਤਲਬ ਹੈ ਕਿ ਆਰਗੇਨਾਈਜ਼ਡ ਕ੍ਰਾਈਮ ਨੂੰ ਰੋਕਣ ਲਈ ਚਾਹੇ ਯੂਟੀ. ਪੁਲਿਸ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਚੰਡੀਗੜ੍ਹ ਦੀ ਐਸਐਸਪੀ. ਨੂੰ ਕੋਈ ਇੰਡੀਪੈਂਡੈਂਟ ਵਿੰਗ ਨਹੀਂ ਦਿੱਤਾ ਹੋਇਆ ਪ੍ਰੰਤੂ ਉਨ੍ਹਾਂ ਨੇ ਨਾ ਸਿਰਫ਼ ਆਰਗੇਨਾਈਜ਼ਡ ਕ੍ਰਾਈਮ ਨੂੰ ਰੋਕਣ ਲਈ ਖੁਦ ਜਾਣਕਾਰੀ ਜੁਟਾਉਣੀ ਸ਼ੁਰੂ ਕਰ ਦਿੱਤੀ ਸਗੋਂ ਖੁਦ ਰੇਡ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ। ਜਦੋਂ ਉਨ੍ਹਾਂ ਨੇ ਸ਼ਿਵਾਲਿਕ ਵਿਊ ਹੋਟਲ ਵਿਚ ਗੁਪਤ ਤਰੀਕੇ ਨਾਲ ਰੇਡ ਕਰਵਾਈ ਤੇ ਇਸ ਏਰੀਏ ਵਿਚ ਸੱਟੇਬਾਜ਼ੀ ਦਾ ਆਰਗੇਨਾਈਜ਼ਡ ਧੰਦਾ ਚਲਾਉਣ ਵਾਲੇ ਨੂੰ ਫੜਿਆ ਤਾਂ ਸਾਰੇ ਐਸਐਚਓਜ਼ ਦੇ ਹੋਸ਼ ਉਡ ਗਏ। ਐਸਐਸਪੀ ਨੇ ਇਸ ਕਾਰਵਾਈ ਨੂੰ ਅੰਜ਼ਾਮ ਦੇਣ ਲਈ ਡੀਐਸਪੀ ਕ੍ਰਿਸ਼ਨ, ਐਸਐਚਓ ਸੈਕਟਰ 11 ਲਖਵੀਰ ਕੌਰ ਅਤੇ ਸਾਰੰਗਪੁਰ ਦੇ ਐਸਐਚਓ. ਰਾਮ ਰਮਨ ਸਮੇਤ ਲਗਭਗ 50 ਪੁਲਿਸ ਵਾਲਿਆਂ ਨੂੰ ਅਚਾਨਕ ਬੁਲਾਇਆ ਅਤੇ ਉਨ੍ਹਾਂ ਦੇ ਮੋਬਾਇਲ ਫੋਨ ਸਵਿੱਚਡ ਆਫ਼ ਕਰਵਾ ਕੇ ਆਪਣੇ ਕੋਲ ਰੱਖ ਲਏ ਅਤੇ ਉਨ੍ਹਾਂ ਨੂੰ ਸੈਕਟਰ 17 ਸਥਿਤ ਸ਼ਿਵਾਲਿਕ ਵਿਊ ਹੋਟਲ ਵਿਚ ਪਹੁੰਚਣ ਲਈ ਕਿਹਾ। ਜਦੋਂ ਇਹ ਪੁਲਿਸ ਪਾਰਟੀ ਹੋਟਲ ਪਹੁੰਚੀ ਤਾਂ ਉਨ੍ਹਾਂ ਨੂੰ ਕਮਰਾ ਨੰ. 401 ਵਿਚ ਰੇਡ ਕਰਨ ਲਈ ਕਿਹਾ ਗਿਆ। ਪੁਲਿਸ ਨੂੰ ਹੀ ਹਨੇਰੇ ਵਿਚ ਰੱਖ ਕੇ ਐਸਐਸਪੀ ਵੱਲੋਂ ਕਰਵਾਈ ਗਈ ਇਸ ਛਾਪੇਮਾਰੀ ਦੀ ਚਰਚਾ ਹੋ ਰਹੀ ਹੈ।

# ਭਾਰਤੀ-ਅਮਰੀਕਨ ਪ੍ਰੋਫੈਸਰ ਮੁਰੂਗੇਸ਼ ਸਿਵਾਪਾਲਨ ਨੂੰ ਇੰਟਰਨੈਸ਼ਨਲ ਇਨਾਮ

**ਵਾਸ਼ਿੰਗਟਨ ( ਹੁਸਨ ਲੜੋਆ ਬੰਗਾ) :**
ਇਲੀਨਾਇਸ ਯੂਨੀਵਰਸਿਟੀ ਦੇ ਸਿਵਲ ਅਤੇ ਐਨਵਾਇਰਮੈਂਟਲ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਮੁਰੂਗੇਸ਼ੂ ਸਿਵਾਪਾਲਨ ਨੂੰ ਹਾਲ ਹੀ ਵਿਚ ਪਾਣੀ ਦੀ ਸੰਭਾਲ ਬਾਰੇ ਖੋਜ ਲਈ ਪ੍ਰਿੰਸ ਸੁਲਤਾਨ ਬਿਨ ਅਬਦੁੱਲਾਜਿਜ਼ ਇੰਟਰਨੈਸ਼ਨਲ ਇਨਾਮ ਪ੍ਰਾਪਤ ਹੋਇਆ ਹੈ। ਵਿਆਨਾ ਯੂਨੀਵਰਸਿਟੀ ਆਫ਼ ਟੈਕਨਾਲੋਜੀ ਦੇ ਭਾਰਤੀ-ਅਮਰੀਕੀ ਅਧਿਆਪਕ ਅਤੇ ਉਸ ਦੇ ਸਾਥੀ ਗੁੰਟਰ ਬਲਾਸਲ ਨੇ ਇਹ ਕਾਰਜ ਕੀਤਾ ਸੀ। ਦੋਵਾਂ ਦੀਆਂ ਟੀਮਾਂ ਨੂੰ ਅੰਤਰਰਾਸ਼ਟਰੀ ਕਾਰਜਾਂ ਲਈ ਸਨਮਾਨਤ ਕੀਤਾ ਗਿਆ। ਕਿਸੇ ਵੀ ਪਾਣੀ ਨਾਲ ਸਬੰਧਤ ਖੇਤਰ ਵਿਚ ਇਨ੍ਹਾਂ ਦੀ ਖੋਜ ਲਾਹੇਵੰਦ ਹੋਣ ਦੀ ਵਿਗਿਆਨਕ ਸਫ਼ਲਤਾ ਨੂੰ ਦਰਸਾਉਂਦੀ ਹੈ। ਸਿਵਾਪੋਲਨ ਅਤੇ ਬਲਾਸਿਲ ਨੇ ਆਪਣੇ ਜਿਸ ਕੰਮ ਲਈ ਇਹ ਇਨਾਮ ਪ੍ਰਾਪਤ ਕੀਤਾ, ਉਸ ਨੂੰ ਸੋਸ਼ਲਿਅਥ੍ਰੋਲੋਜੀ ਕਿਹਾ ਜਾਂਦਾ ਹੈ। ਉਨ੍ਹਾਂ ਦਾ ਨਜ਼ਰੀਆ ਪਾਣੀ ਪ੍ਰਬੰਧਨ ਪ੍ਰਣਾਲੀਆਂ ਅਤੇ ਲੋਕਾਂ ਵਿਚਕਾਰ ਸਬੰਧ ਨੂੰ ਸਮਝਣ 'ਤੇ ਕੇਂਦਰਤ ਹੈ। ਪਾਣੀ ਖੋਜ ਲਈ ਪ੍ਰਿੰਸ ਸੁਲਤਾਨ ਬਿਨ ਅਬਦੁੱਲਾਜਿਜ਼ ਅੰਤਰਰਾਸ਼ਟਰੀ ਪੁਰਸਕਾਰ



ਇਕ ਮੋਹਰੀ, ਵਿਸ਼ਵ ਵਿਆਪੀ ਵਿਗਿਆਨਕ ਪੁਰਸਕਾਰ ਹੈ ਜੋ ਪਾਣੀ ਨਾਲ ਸਬੰਧਿਤ ਖੋਜ ਵਿਚ ਅਤਿਅੰਤ ਨਵੀਨਤਾ 'ਤੇ ਦਿੱਤਾ ਜਾਂਦਾ ਹੈ। ਪੰਜ ਸ਼੍ਰੇਣੀਆਂ ਵਿੱਚ ਇਹ ਪੁਰਸਕਾਰ ਦਿੱਤਾ ਜਾਂਦਾ ਹੈ, ਇਸ ਨਾਲ ਵਿਸ਼ਵ ਭਰ ਵਿਚ ਵਿਗਿਆਨੀਆਂ ਅਤੇ ਖੋਜਕਾਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜੋ ਕਿ ਪਾਣੀ ਦੀ ਘਾਟ ਦੀ ਸਮੱਸਿਆ ਦਾ ਹੱਲ ਸਿਰਜਣਾਤਮਕ ਅਤੇ ਪ੍ਰਭਾਵੀ ਢੰਗ ਨਾਲ ਲੱਭਦੇ ਹਨ। ਸਿਵਾਪਾਲਨ ਸਿਵਲ ਅਤੇ ਐਨਵਾਇਰਨਮੈਂਟਲ ਇੰਜੀਨੀਅਰਿੰਗ ਵਿਚ ਚੈਸਟਰ ਅਤੇ ਹੈਨਲ ਸਾਇੰਸਜ਼ ਦੇ ਪ੍ਰੋਫੈਸਰ ਹਨ। ਉਨ੍ਹਾਂ ਨੇ ਬੀਐਸ. ਸੇਲੋਨ ਯੂਨੀਵਰਸਿਟੀ ਵਿਚ ਸਿਵਲ ਇੰਜੀਨੀਅਰਿੰਗ ਵਿਚ, ਥਾਈਲੈਂਡ ਦੇ ਏਸ਼ੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿਚ ਜਲ ਸਰੋਤ ਇੰਜੀਨੀਅਰਿੰਗ ਵਿਚ ਐਮ. ਈ. ਅਤੇ ਐਮ.ਏ ਦੀ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਸਿਵਲ ਇੰਜੀਨੀਅਰਿੰਗ ਵਿਚ ਪ੍ਰਿੰਸਟਨ ਯੂਨੀਵਰਸਿਟੀ ਤੋਂ ਡਾਕਟਰੇਟ ਕੀਤੀ ਹੈ। ਉਹ ਅਮਰੀਕੀ ਜਿਓਫਿਜ਼ਿਕ ਯੂਨੀਅਨ ਅਤੇ ਯੂਰੋਪੀਅਨ ਜਿਓਸਾਇੰਸੀਜ਼ ਯੂਨੀਅਨ ਤੋਂ ਅਲਬਰਟ ਵੇਗੇਨਰ ਮੈਡਲ ਅਤੇ ਰੌਬਰਟ ਈ ਹੌਰਟਨ ਮੈਡਲ ਸਮੇਤ ਬਹੁਤ ਸਾਰੇ ਸਨਮਾਨਿਤ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ।

# ਸੈਕਰਾਮੈਂਟੋ ਨੇੜੇ ਦੋ ਡਰਾਈਵਰਾਂ ਵਿਚਾਲੇ ਲੜਾਈ ਦੌਰਾਨ ਦੋਵਾਂ ਦੀ ਮੌਤ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੇ ਇੰਟਰਸਟੇਟ 5 'ਤੇ ਡਿਲਪਾਸੋ ਸਟਰੀਟ ਲਾਗੇ ਦੋ ਡਰਾਈਵਰਾਂ ਵਿਚਾਲੇ ਖਹਿਬਾਜ਼ੀ ਕਰਕੇ ਹੋਈ ਲੜਾਈ ਦੌਰਾਨ ਦੋਵਾਂ ਦੀ ਹੀ ਮੌਤ ਹੋ ਗਈ ਹੈ। ਕੈਲੀਫੋਰਨੀਆ ਹਾਈਵੇ ਪੈਟਰੋਲ ਦੇ ਪੁਲਿਸ ਅਫਸਰ ਮਾਈਕ ਜ਼ਰਫ਼ਸ ਨੇ ਦੱਸਿਆ ਕਿ ਇਹ ਘਟਨਾ ਡਿਲਪਾਸੋ ਰੋਡ ਦੇ ਨੇੜੇ ਹਾਈਵੇਅ ਦੇ ਉੱਤਰ ਵੱਲ ਸਵੇਰੇ 3:44 ਵਜੇ ਵਾਪਰੀ। ਸੜਕ ਉੱਤੇ ਇੱਕ ਡਰਾਈਵਰ ਦੂਸਰੇ ਨਾਲ ਟਕਰਾ ਗਿਆ ਅਤੇ ਫਿਰ ਦੋਵਾਂ ਨੇ ਲੜਨਾ ਸ਼ੁਰੂ ਕਰ ਦਿੱਤਾ। ਹਾਈਵੇ ਪੈਟਰੋਲ ਅਨੁਸਾਰ ਝਗੜੇ ਦੌਰਾਨ ਇੱਕ ਨੇ ਰਾਡ ਖਿੱਚਿਆ ਅਤੇ ਦੂਜੇ ਨੂੰ ਹਾਈਵੇ ਟਰੈਫਿਕ ਲੇਨਾਂ ਵਿਚਕਾਰ ਮਾਰਨਾ ਸ਼ੁਰੂ ਕਰ ਦਿੱਤਾ, ਜਿਸ ਦੇ ਫਲਸਰੂਪ ਉਸ ਦੀ ਮੌਤ ਹੋ ਗਈ। ਜਦੋਂ ਹਮਲਾਵਰ ਡਰਾਇਵਰ ਵਾਪਿਸ ਆਪਣੀ ਕਾਰ ਵੱਲ ਵਧਿਆ ਤਾਂ ਉਧਰੋਂ ਤੇਜ਼ ਰਫਤਾਰ ਆ ਰਹੀ ਕਾਰ ਦੀ ਚਪੇਟ ਚ ਆ ਗਿਆ ਤੇ ਉਸ ਦੀ ਵੀ ਉਥੇ ਹੀ ਮੌਤ ਹੋ ਗਈ।

# ਪ੍ਰਸਿੱਧ ਕਬੱਡੀ ਖਿਡਾਰੀ ਰਹੇ ਅਮਰਜੀਤ ਸਿੰਘ ਤੱਖੜ ਦਾ ਸਵਾਗਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਆਪਣੇ ਸਮੇਂ ਦੇ ਉੱਘੇ ਕਬੱਡੀ ਖਿਡਾਰੀ ਰਹੇ ਅਤੇ ਵਿਕਟੋਰੀਆ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਤੱਖੜ ਦਾ ਸਿਆਟਲ ਪਹੁੰਚਣ 'ਤੇ ਨਿੱਘਾ ਸੁਆਗਤ ਕੀਤਾ ਗਿਆ। ਅਮਰਜੀਤ ਸਿੰਘ ਤੱਖੜ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਨਵੀਂ ਪਨੀਰੀ ਨੂੰ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਵਿਰਸੇ ਨਾਲ ਜੋੜਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਵਿਚ ਭਰਾਤਰੀ ਭਾਵ ਤੇ ਸਾਂਝੀਵਾਲਤਾ ਦਾ ਮਾਹੌਲ ਹੋਣਾ ਚਾਹੀਦਾ ਹੈ। ਪਿਆਰ, ਮੁਹੱਬਤ ਅਤੇ ਸਲੀਕੇ ਨਾਲ ਬੱਚਿਆਂ ਨੂੰ ਸਮਝ ਕੇ ਗੁਰੂ ਜੀ ਦੀਆਂ ਸਿੱਖਿਆਵਾਂ ਵੱਲ ਪ੍ਰੇਰਿਤ ਤੇ ਉਤਸ਼ਾਹਤ ਕਰਨਾ ਚਾਹੀਦਾ ਹੈ।



ਇਸ ਮੌਕੇ ਗੁਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਅਮਰਜੀਤ ਸਿੰਘ ਤੱਖੜ ਸੱਚੇ ਸੁੱਚੇ ਅਤੇ ਅਸੂਲਾਂ ਵਾਲੇ ਇਨਸਾਨ ਹਨ ਜੋ ਪੰਜਾਬੀ ਭਾਈਚਾਰੇ ਦੇ ਸਾਂਝੇ ਕਾਰਜਾਂ ਵਿਚ ਵਿਕਟੋਰੀਆ ਦੇ ਭਾਈਚਾਰੇ ਦੀ ਅਗਵਾਈ ਕਰਕੇ ਉਸਾਰੂ ਕੰਮ ਕਰ ਰਹੇ ਹਨ। ਉਹ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਪਿੰਡ ਸ਼ੰਕਰ ਦੇ ਜੰਮਪਲ ਹਨ ਤੇ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿਚ ਸੰਨ 1963 ਤੋਂ ਰਹਿ ਰਹੇ ਹਨ। ਅਮਰਜੀਤ ਸਿੰਘ ਤੱਖੜ ਵਿਕਟੋਰੀਆ (ਕੈਨੇਡਾ) ਤੋਂ ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਜਸਬੀਰ ਸਿੰਘ ਰੰਧਾਵਾ ਦੀ ਲੜਕੀ ਦੇ ਸ਼ਾਦੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਇਥੇ ਪਹੁੰਚੇ ਸਨ। ਉਨ੍ਹਾਂ ਦਾ ਖੇਡ ਪ੍ਰੇਮੀਆਂ ਨੇ ਥਾਂ-ਥਾਂ ਸਵਾਗਤ ਕੀਤਾ।

# ਭਾਰਤ ਰਿਸ਼ਵਤਖੋਰੀ ਮਾਮਲੇ 'ਚ ਏਸ਼ੀਆ ਮਹਾਂਦੀਪ 'ਚੋਂ ਸਭ ਤੋਂ ਮੋਹਰੀ

**✪ ਪੁਲੀਸ ਤੇ ਸਿਵਲ ਅਫ਼ਸਰ, ਸਰਕਾਰੀ ਮੁਲਾਜ਼ਮ ਸਭ ਲੈ ਰਹੇ ਨੇ ਰਿਸ਼ਵਤ**
**✪ ਕਿਸੇ 'ਤੇ ਵੀ ਨਹੀਂ ਹੋ ਰਹੀ ਠੋਸ ਕਾਰਵਾਈ**

ਭਾਰਤ ਵਿਚ ਰਿਸ਼ਵਤਖੋਰੀ ਦੇ ਰੋਗ ਨੇ ਮਹਾਮਾਰੀ ਦਾ ਰੂਪ ਧਾਰਨ ਕਰ ਲਿਆ ਹੈ ਤੇ ਵੱਡੇ ਪੱਧਰ 'ਤੇ ਸਰਕਾਰੀ ਮੁਲਾਜ਼ਮ ਰੋਜ਼ ਰਿਸ਼ਵਤ ਲੈਂਦੇ ਫੜੇ ਜਾ ਰਹੇ ਹਨ। ਸ਼ਾਇਦ ਹੀ ਕੋਈ ਮਹਿਕਮਾ ਅਜਿਹਾ ਹੋਵੇਗਾ, ਜੋ ਇਸ ਰੋਗ ਤੋਂ ਬਚ ਸਕਿਆ ਹੋਵੇ। ਏਸ਼ੀਆ ਮਹਾਂਦੀਪ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਭਾਰਤ ਪਹਿਲੇ ਸਥਾਨ 'ਤੇ ਹੈ। ਸਰਵੇਖਣ ਵਿਚ ਪਤਾ ਲੱਗਿਆ ਕਿ ਭਾਰਤ ਵਿਚ ਰਿਸ਼ਵਤਖੋਰੀ ਦੀ ਦਰ 69 ਪ੍ਰਤੀਸ਼ਤ ਹੈ। ਫੋਰਬਸ ਵਲੋਂ ਕੀਤੇ ਗਏ 18 ਮਹੀਨੇ ਲੰਬੇ ਸਰਵੇਖਣ ਵਿਚ ਭਾਰਤ ਨੂੰ ਟਾਪ 5 ਦੇਸ਼ਾਂ ਵਿਚ ਪਹਿਲਾ ਸਥਾਨ ਦਿੱਤਾ ਗਿਆ ਹੈ।




ਭਾਰਤ ਤੋਂ ਇਲਾਵਾ ਵਿਅਤਨਾਮ, ਪਾਕਿਸਤਾਨ, ਥਾਈਲੈਂਡ ਅਤੇ ਮਿਆਂਮਾਰ ਵੀ ਫੋਰਬਸ ਦੀ ਟਾਪ 5 ਭ੍ਰਿਸ਼ਟ ਏਸ਼ੀਆਈ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹਨ। ਫੋਰਬਸ ਦੇ ਇਸ ਸਰਵੇਖਣ ਵਿਚ ਗੁਆਂਢੀ ਪਾਕਿਸਤਾਨ ਨੂੰ ਚੌਥਾ ਸਥਾਨ ਹਾਸਲ ਹੋਇਆ ਹੈ। ਸਰਵੇਖਣ ਦੇ ਨਤੀਜਿਆਂ ਵਿਚ ਪਤਾ ਲੱਗਿਆ ਕਿ ਪਾਕਿਸਤਾਨ ਵਿਚ ਰਿਸ਼ਵਤਖੋਰੀ ਦੀ ਦਰ 40 ਫੀਸਦ ਹੈ। 65 ਫੀਸਦੀ ਰਿਸ਼ਵਤਖੋਰੀ ਦਰ ਦੇ ਨਾਲ ਵਿਅਤਨਾਮ ਦੂਜੇ ਸਥਾਨ 'ਤੇ ਹੈ, ਉਥੇ 41 ਫੀਸਦ ਨਾਲ ਥਾਈਲੈਂਡ ਤੀਜੇ ਸਥਾਨ 'ਤੇ ਹੈ। ਸਰਵੇਖਣ ਵਿਚ ਮਿਆਂਮਾਰ ਨੂੰ ਪੰਜਵਾਂ ਸਥਾਨ ਹਾਸਲ ਹੋਇਆ ਹੈ। ਜਿੱਥੇ ਰਿਸ਼ਵਤਖੋਰੀ ਦੀ ਦਰ 40 ਫੀਸਦ ਹੈ। ਪਿਛਲੇ ਤੇ ਇਸ ਮਹੀਨੇ ਵਾਪਰੇ ਕੁਝ ਬਿਰਤਾਂਤ :

➢ 21 ਜੁਲਾਈ ਨੂੰ ਪਾਨੀਪਤ ਵਿਚ ਇਕ ਮੋਟਰਸਾਈਕਲ ਸਵਾਰ ਦਾ ਚਲਾਨ ਕੱਟਣ ਦੀ ਧਮਕੀ ਦੇ ਕੇ ਉਸ ਤੋਂ ਰਿਸ਼ਵਤ ਲੈਣ 'ਤੇ ਗੁਲਾਬ ਸਿੰਘ ਨਾਮੀ ਐੱਸ. ਪੀ. ਓ. ਵਿਰੁੱਧ ਕੇਸ ਦਰਜ ਕੀਤਾ ਗਿਆ।
➢ 26 ਜੁਲਾਈ ਨੂੰ ਵਿਜੀਲੈਂਸ ਦੇ ਅਧਿਕਾਰੀਆਂ ਨੇ ਖੁਰਾਕ ਤੇ ਸਪਲਾਈ ਵਿਭਾਗ ਸੋਹਨਾ ਵਿਚ ਤਾਇਨਾਤ ਇਕ ਫੂਡ ਇੰਸਪੈਕਟਰ ਨੂੰ ਡਿਪੂ ਅਲਾਟ ਕਰਨ ਬਦਲੇ ਸ਼ਿਕਾਇਤਕਰਤਾ ਤੋਂ 10 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕੀਤਾ ਗਿਆ।
➢ 26 ਜੁਲਾਈ ਨੂੰ ਹੀ ਭ੍ਰਿਸ਼ਟਾਚਾਰ ਰੋਕੂ ਬਿਊਰੋ ਉਦੈਪੁਰ ਨੇ ਸੂਚਨਾ ਸਹਾਇਕ ਕਪਿਲ ਕੋਠਾਰੀ ਨੂੰ 50 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਫੜਿਆ।
➢ 31 ਜੁਲਾਈ ਨੂੰ ਅੰਮ੍ਰਿਤਸਰ ਦਿਹਾਤੀ ਪੁਲਸ ਦੇ ਇਕ ਸਬ-ਇੰਸਪੈਕਟਰ ਪਰਮਜੀਤ ਸਿੰਘ ਅਤੇ ਇਕ ਸਹਾਇਕ ਸਬ-ਇੰਸਪੈਕਟਰ ਅਸ਼ਵਨੀ ਕੁਮਾਰ ਨੂੰ ਇਕ ਨਸ਼ਾ ਸਮੱਗਲਰ ਤੋਂ 8 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ।
➢ 01 ਅਗਸਤ ਨੂੰ ਝਾਰਖੰਡ ਦੇ ਗੜ੍ਹਵਾ ਵਿਚ ਸਥਿਤ ਭ੍ਰਿਸ਼ਟਾਚਾਰ ਰੋਕੂ ਬਿਊਰੋ ਦੀ ਟੀਮ ਨੇ ਰੰਕਾ ਬਲਾਕ ਵਿਚ ਟਾਇਲਟ ਨਿਰਮਾਣ ਯੋਜਨਾ ਦੀ ਰਕਮ ਦੇ ਭੁਗਤਾਨ ਬਦਲੇ 2500 ਰੁਪਏ ਰਿਸ਼ਵਤ ਲੈਂਦਿਆਂ ਪਿੰਡ ਦੇ ਮੁਖੀ ਨੂੰ ਗ੍ਰਿਫਤਾਰ ਕੀਤਾ।
➢ 02 ਅਗਸਤ ਨੂੰ ਬਿਹਾਰ ਵਿਚ ਰਾਮਪੁਰ ਦੀ ਬੀ. ਡੀ. ਓ. 'ਵਰਸ਼ਾ ਤਰਵੇ' ਨੂੰ ਇਕ ਪੰਚਾਇਤ ਦੇ ਮੁਖੀ ਤੋਂ 'ਹਰ ਘਰ ਨਲ ਕਾ ਜਲ' ਯੋਜਨਾ ਪਾਸ ਕਰਨ ਲਈ ਰਿਸ਼ਵਤ ਵਜੋਂ 1.15 ਲੱਖ ਰੁਪਏ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ। 'ਵਰਸ਼ਾ ਤਰਵੇ' ਦੀ ਸਰਕਾਰੀ ਰਿਹਾਇਸ਼ 'ਤੇ ਬੈੱਡ ਹੇਠੋਂ ਵੀ 1.70 ਲੱਖ ਰੁਪਏ ਬਰਾਮਦ ਹੋਏ।
➢ 02 ਅਗਸਤ ਨੂੰ ਹੀ ਵਿਜੀਲੈਂਸ ਵਿਭਾਗ ਨੇ ਸਿੱਖਿਆ ਵਿਭਾਗ ਹਿਸਾਰ ਦੇ ਕਲਰਕ ਸੰਜੇ ਸੋਨੀ ਨੂੰ ਸ਼ਿਕਾਇਤਕਰਤਾ ਨੂੰ ਨੌਕਰੀ ਲਗਵਾਉਣ ਦੇ ਨਾਂ 'ਤੇ 40 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕੀਤਾ।
➢ 04 ਅਗਸਤ ਨੂੰ ਗੋਰਖਪੁਰ ਵਿਚ ਸ਼ਿਕਾਇਤਕਰਤਾ ਤੋਂ 20 ਹਜ਼ਾਰ ਰੁਪਏ ਰਿਸ਼ਵਤ ਮੰਗ ਰਹੇ ਅਕਾਊਂਟੈਂਟ ਰਾਮਕਿਸ਼ਨ ਪ੍ਰਸਾਦ ਨੂੰ ਰੰਗੇ ਹੱਥੀਂ ਫੜਿਆ ਗਿਆ।
➢ 06 ਅਗਸਤ ਨੂੰ ਕੋਟਾ ਵਿਚ ਭ੍ਰਿਸ਼ਟਾਚਾਰ ਰੋਕੂ ਬਿਊਰੋ ਦੇ ਮੈਂਬਰਾਂ ਨੇ ਇਕ ਸਬ-ਇੰਸਪੈਕਟਰ ਅਤੇ ਇਕ ਸਹਾਇਕ ਸਬ-ਇੰਸਪੈਕਟਰ ਨੂੰ 8000 ਰੁਪਏ ਰਿਸ਼ਵਤ ਲੈਂਦਿਆਂ ਫੜਿਆ।
➢ 07 ਅਗਸਤ ਨੂੰ ਵਿਜੀਲੈਂਸ ਬਿਊਰੋ ਪਟਿਆਲਾ ਦੀ ਟੀਮ ਨੇ ਪੰਚਾਇਤ ਸਕੱਤਰ ਰਾਜਪੁਰਾ ਅਮਰੀਕ ਸਿੰਘ ਨੂੰ ਸ਼ਿਕਾਇਤਕਰਤਾ ਤੋਂ 1 ਲੱਖ 10 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ।

ਇਥੇ ਹੀ ਬਸ ਨਹੀਂ, ਰਿਸ਼ਵਤਖੋਰੀ ਦੇ ਜ਼ਰੀਏ ਨਾਜਾਇਜ਼ ਜਾਇਦਾਦ ਜਮ੍ਹਾ ਕਰਨ ਦਾ ਇਕ ਸਨਸਨੀਖੇਜ਼ ਮਾਮਲਾ 6 ਅਗਸਤ ਨੂੰ ਇੰਦੌਰ ਵਿਚ ਸਾਹਮਣੇ ਆਇਆ, ਜਿਥੇ ਲੋਕ-ਆਯੁਕਤ ਪੁਲਸ ਨੇ ਨਗਰ ਨਿਗਮ ਦੇ ਕਬਜ਼ਾ ਰੋਕੂ ਦਸਤੇ ਵਿਚ ਸ਼ਾਮਲ ਚੌਥਾ ਦਰਜਾ ਮੁਲਾਜ਼ਮ ਅਸਲਮ ਖਾਨ ਦੇ ਟਿਕਾਣਿਆਂ 'ਤੇ ਛਾਪੇਮਾਰੀ ਤੋਂ ਬਾਅਦ 4 ਕਰੋੜ ਰੁਪਏ ਤੋਂ ਜ਼ਿਆਦਾ ਦੀ ਜਾਇਦਾਦ ਦਾ ਪਤਾ ਲਾਇਆ।
ਅੱਜ ਕਰੋੜਾਂ ਰੁਪਏ ਦਾ ਮਾਲਕ ਅਸਲਮ ਖਾਨ 1988 ਵਿਚ ਨਗਰ ਨਿਗਮ ਵਿਚ ਸਿਰਫ 500 ਰੁਪਏ ਮਹੀਨਾ ਤਨਖਾਹ 'ਤੇ ਭਰਤੀ ਹੋਇਆ ਸੀ ਤੇ ਫਿਲਹਾਲ ਉਸ ਨੂੰ ਨਗਰ ਨਿਗਮ ਤੋਂ 18 ਹਜ਼ਾਰ ਰੁਪਏ ਤਨਖਾਹ ਮਿਲਦੀ ਹੈ।
ਛਾਪਿਆਂ ਦੌਰਾਨ ਅਸਲਮ ਖਾਨ ਦੇ ਟਿਕਾਣਿਆਂ ਤੋਂ 22 ਲੱਖ ਰੁਪਏ ਦੀ ਨਕਦੀ ਤੇ 2 ਕਿਲੋ ਸੋਨੇ ਦੇ ਗਹਿਣਿਆਂ ਤੋਂ ਇਲਾਵਾ 20 ਅਚੱਲ ਜਾਇਦਾਦਾਂ ਦਾ ਪਤਾ ਲੱਗਾ ਹੈ। ਉਸ ਕੋਲ 6 ਲਗਜ਼ਰੀ ਕਾਰਾਂ ਵੀ ਹਨ। ਉਸ ਦੇ ਘਰ ਵਿਚ ਇਕ ਆਲੀਸ਼ਾਨ ਥਿਏਟਰ ਵੀ ਮਿਲਿਆ ਹੈ।
ਇਨ੍ਹਾਂ ਤੋਂ ਇਲਾਵਾ ਵੀ ਪਤਾ ਨਹੀਂ ਕਿੰਨੇ ਅਜਿਹੇ ਮਾਮਲੇ ਹੋਏ ਹੋਣਗੇ, ਜੋ ਸਾਹਮਣੇ ਨਹੀਂ ਆ ਸਕੇ ਅਤੇ ਜੋ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹਨ ਕਿ ਭਾਰਤ ਵਿਚ ਰਿਸ਼ਵਤਖੋਰੀ ਦਾ ਰੋਗ ਕਿਸ ਤਰ੍ਹਾਂ ਜੜ੍ਹਾਂ ਜਮਾ ਚੁੱਕਾ ਹੈ, ਜਿਸ ਦਾ ਇਲਾਜ ਦੋਸ਼ੀਆਂ ਨੂੰ ਤੁਰੰਤ ਅਤੇ ਸਖਤ ਸਜ਼ਾ ਦੇ ਕੇ ਹੀ ਕੀਤਾ ਜਾ ਸਕਦਾ ਹੈ।

# ਪ੍ਰੋ.ਫ਼ੈਸਰ ਹਰਬੰਸ ਸਿੰਘ ਅਤੇ ਸਿੱਖ ਧਰਮ ਅਧਿਐਨ

**ਡਾ. ਪਰਮਵੀਰ ਸਿੰਘ**
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰੋ.ਫ਼ੈਸਰ ਹਰਬੰਸ ਸਿੰਘ ਸਿੱਖ ਅਧਿਐਨ ਦੇ ਬਹੁਤ ਵੱਡੇ ਵਿਦਵਾਨ ਸਨ। ਜਿਸ ਸਿਰੜ ਅਤੇ ਸਿਦਕ ਸਦਕਾ ਇਹਨਾਂ ਨੇ ਅਕਾਦਮਿਕ ਜਗਤ ਵਿਚ ਆਪਣੀ ਪਛਾਣ ਬਣਾਈ ਹੈ, ਉਸ ਦੀ ਮਿਸਾਲ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਕਰਨ ਵਾਲੇ ਮੋਢੀਆਂ ਵਿਚ ਸ਼ਾਮਲ ਪ੍ਰੋ. ਹਰਬੰਸ ਸਿੰਘ ਭਾਵੇਂ ਕਿ ਪੰਜਾਬ ਦੇ ਇਕ ਪੇਂਡੂ ਅਤੇ ਪਛੜੇ ਹੋਏ ਇਲਾਕੇ ਨਾਲ ਸੰਬੰਧਿਤ ਸਨ ਪਰ ਆਪਣੀ ਮਿਹਨਤ ਅਤੇ ਲਗਨ ਸਦਕਾ ਇਹਨਾਂ ਨੇ ਸੰਸਾਰ ਪ੍ਰਸਿੱਧ ਯੂਨੀਵਰਸਿਟੀਆਂ ਅਤੇ ਹੋਰਨਾਂ ਅਕਾਦਿਮਕ ਅਦਾਰਿਆਂ ਵਿਚ ਸਿੱਖ ਧਰਮ ਦੇ ਵਿਦਵਾਨ ਵੱਜੋਂ ਆਪਣੀ ਪਛਾਣ ਕਾਇਮ ਕੀਤੀ ਸੀ। ਪ੍ਰੋ. ਹਰਬੰਸ ਸਿੰਘ ਭਾਵੇਂ ਕਿ ਬਹੁਤ ਵੱਡੇ ਵਿਦਵਾਨ ਵੱਜੋਂ ਪ੍ਰਸਿੱਧੀ ਕਰ ਗਏ ਸਨ ਪਰ ਉਹ ਹਮੇਸ਼ਾਂ ਆਪਣੇ ਪਿੰਡ ਦੀ ਮਿੱਟੀ ਨਾਲ ਜੁੜੇ ਰਹਿਣਾ ਚਾਹੰਦੇ ਸਨ। ਕੋਠਾ ਗੁਰੂ ਨਾਲ ਸੰਬੰਧਿਤ ਆਪਣੇ ਇਕ ਲੇਖ ਵਿਚ ਪਿੰਡ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਲਿਖਦੇ ਹਨ, ਉਕੋਠਾ ਗੁਰੂ ਮੇਰੇ ਦਿਲ ਨੂੰ ਜੋ ਨਿਆਰੀ ਧੂ ਪਾਉਂਦਾ ਸੀ, ਉਹ ਮੈਂ ਅੱਜ ਤਕ ਕਿਧਰੋਂ ਹੋਰ ਮਹਿਸੂਸ ਨਹੀਂ ਕੀਤੀ – ਨਾ ਪਟਿਆਲੇ, ਨਾ ਲੰਡਨ, ਨਾ ਵਾਸ਼ਿੰਗਟਨ, ਨਾ ਰੈਸਟਨ।... ਮੇਰਾ ਜਨਮ ਕੋਠਾ ਗੁਰੂ ਦਾ ਹੀ ਹੈ। ਬਚਪਨ ਸਾਰਾ, ਜਾਂ ਇਉਂ ਕਹਿ ਲਵੋ ਕਿ ਇਸ ਦਾ ਬਹੁਤ ਸਾਰਾ ਹਿੱਸਾ, ਜਦ ਮੈਂ ਪਿਤਾ ਜੀ ਪਾਸ ਫ਼ਿਰੋਜ਼ਪੁਰ ਜਾਂ ਮੁਕਤਸਰ ਵਿਚ ਨਹੀਂ ਸਾਂ ਹੁੰਦਾ, ਕੋਠਾ ਗੁਰੂ ਹੀ ਲੰਘਿਆ। ਇਹੀ ਕੋਠਾ ਗੁਰੂ ਵਾਲੇ ਦਿਨ ਮੇਰੇ ਸਭ ਤੋਂ ਵੱਧ ਲਾਡਲੇ, ਪਿਆਰੇ ਦਿਨ ਸਨ। ਖ਼ੁਸ਼ੀਆਂ ਨਾਲ ਲੱਦੇ, ਮਹਿਕਾਂ ਖਲੇਰਦੇ।"

6 ਮਾਰਚ 1921 ਨੂੰ ਸ੍ਰੀ ਰਾਮ ਲਾਲ ਉਪਲ ਅਤੇ ਮਾਤਾ ਰੂਪ ਕੌਰ ਦੇ ਘਰ ਬਠਿੰਡਾ ਜ਼ਿਲੇ ਦੇ ਪਿੰਡ ਕੋਠਾ ਗੁਰੂ ਵਿਖੇ ਇਹਨਾਂ ਦਾ ਜਨਮ ਹੋਇਆ। ਪਿੰਡ ਵਿਚੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਗੌਰਮਿੰਟ ਹਾਈ ਸਕੂਲ ਮੁਕਤਸਰ ਤੋਂ ਦਸਵੀਂ ਪਾਸ ਕੀਤੀ। ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਦਾਖ਼ਲਾ ਲੈ ਲਿਆ ਅਤੇ 1943 ਵਿਚ ਉਥੋਂ ਅੰਗਰੇਜ਼ੀ ਦੀ ਐਮ.ਏ. ਕਰ ਕੇ ਪਹਿਲਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਫਿਰ 1944 ਵਿਚ ਬ੍ਰਜਿੰਦਰਾ ਕਾਲਜ, ਫ਼ਰੀਦਕੋਟ ਵਿਖੇ ਅੰਗਰੇਜ਼ੀ ਵਿਭਾਗ ਦੇ ਮੁਖੀ ਨਿਯੁਕਤ ਹੋ ਗਏ। ਇਸੇ ਸਾਲ ਇਹਨਾਂ ਦਾ ਵਿਆਹ ਬੀਬੀ ਕੈਲਾਸ਼ ਕੌਰ ਨਾਲ ਹੋਇਆ ਜਿਸ ਤੋਂ ਦੋ ਬੱਚਿਆਂ ਸ. ਨ੍ਰਿਪਿੰਦਰ ਸਿੰਘ ਅਤੇ ਬੀਬੀ ਨਿੱਕੀ ਗੁਨਿੰਦਰ ਕੌਰ ਦਾ ਜਨਮ ਹੋਇਆ। ਗ੍ਰਹਿਸਤੀ ਜੀਵਨ ਦੀਆਂ ਜ਼ੁੰਮੇਵਾਰੀਆਂ ਕਾਰਨ ਇਹਨਾਂ ਨੇ ਆਪਣੀ ਵਿੱਦਿਅਕ ਰੁਚੀ ਨੂੰ ਕਿਸੇ ਤਰ੍ਹਾਂ ਪਿਛੇ ਨਹੀਂ ਪੈਣ ਦਿੱਤਾ। ਇਹਨਾਂ ਦੀ ਵਿੱਦਿਅਕ ਰੁਚੀ ਨੂੰ ਦੇਖਦੇ ਹੋਏ ਇਹਨਾਂ ਨੂੰ ਫ਼ਰੀਦਕੋਟ ਦੇ ਰਾਜਕੁਮਾਰ ਦਾ ਟਿਊਟਰ ਨਿਯੁਕਤ ਕਰ ਦਿੱਤਾ ਗਿਆ। ਭਾਵੇਂ ਕਿ ਇਹਨਾਂ ਦਾ ਜ਼ਿੰਮਵਾਰੀ ਰਾਜਕੁਮਾਰ ਨੂੰ ਪੜ੍ਹਾਉਣਾ ਸੀ ਪਰ ਫਿਰ ਵੀ ਸ਼ਾਹੀ ਤਹਿਜ਼ੀਬ ਨੂੰ ਦੇਖਣ ਦਾ ਇਹਨਾਂ ਨੂੰ ਜਿਹੜਾ ਮੌਕਾ ਮਿਲਿਆ, ਉਸ ਨੇ ਇਹਨਾਂ ਦੀ ਸ਼ਖ਼ਸੀਅਤ ਵਿਚ ਹੋਰ ਵਧੇਰੇ ਨਿਖ਼ਾਰ ਲੈ ਆਂਦਾ।

ਵਿਦਵਤਾ ਅਤੇ ਪ੍ਰਬੰਧਕੀ ਗੁਣਾਂ ਕਾਰਨ 1958 ਵਿਚ ਇਹਨਾਂ ਨੂੰ ਗੌਰਮਿੰਟ ਕਾਲਜ, ਮੁਕਤਸਰ ਦਾ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ ਗਿਆ। 1960 ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਯੂਨੀਵਰਸਿਟੀ ਸਥਾਪਿਤ ਕਰਨ ਦੀ ਯੋਜਨਾ ਬਣੀ ਜਿਸ ਦੀ ਰੂਪ ਰੇਖਾ ਤਿਆਰ ਕਰਨ ਲਈ ਪੰਜਾਬ ਸਰਕਾਰ ਨੇ ਇਕ ਕਮੇਟੀ ਦਾ ਗਠਨ ਕੀਤਾ। ਮਹਾਰਾਜਾ ਯਾਦਵਿੰਦਰ ਸਿੰਘ ਇਸ ਦੇ ਚੇਅਰਮੈਨ ਅਤੇ ਪ੍ਰੋ. ਹਰਬੰਸ ਸਿੰਘ ਸਕੱਤਰ ਸਨ। ਕਮੇਟੀ ਨੇ ਪਟਿਆਲਾ ਵਿਖੇ ਪੰਜਾਬੀ ਯੂਨੀਵਰਸਿਟੀ ਸਥਾਪਿਤ ਕਰਨ ਦਾ ਸੁਝਾਅ ਦਿੱਤਾ ਜਿਸ ਨੂੰ ਤੁਰੰਤ ਮੰਨ ਲਿਆ ਗਿਆ। ਜੂਨ 1962 ਵਿਚ ਪਟਿਆਲਾ ਦੇ ਬਾਰਾਂਦਰੀ ਪੈਲੇਸ ਵਿਖੇ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਨੇ ਇਸ ਦਾ ਉਦਘਾਟਨ ਕੀਤਾ। ਭਾਈ ਜੋਧ ਸਿੰਘ ਇਸ ਦੇ ਪਹਿਲੇ ਵਾਈਸ-ਚਾਂਸਲਰ ਅਤੇ ਪ੍ਰੋ. ਹਰਬੰਸ ਸਿੰਘ ਪਹਿਲੇ ਰਜਿਸਟਰਾਰ ਨਿਯੁਕਤ ਕੀਤੇ ਗਏ।

ਇਸ ਯੂਨੀਵਰਸਿਟੀ ਦੇ ਪਹਿਲੇ ਰਜਿਸਟਰਾਰ ਹੋਣ ਦਾ ਮਾਣ ਹਾਸਲ ਕਰਨ ਵਾਲੀ ਇਸ ਸ਼ਖ਼ਸੀਅਤ ਨੇ ਕਦੇ ਵੀ ਉੱਚ ਪਦਵੀਆਂ ਗ੍ਰਹਿਣ ਕਰਨ ਜਾਂ ਉਹਨਾਂ 'ਤੇ ਟਿਕੇ ਰਹਿਣ ਦੀ ਲਾਲਸਾ ਨਹੀਂ ਪਾਲੀ। ਇਹਨਾਂ ਨੂੰ ਜਾਣਨ ਅਤੇ ਇਹਨਾਂ ਦੇ ਨਾਲ ਕੰਮ ਕਰਨ ਵਾਲੇ ਵਿਦਵਾਨ ਸੱਜਣ ਇਹ ਦੱਸਦੇ ਹਨ ਕਿ ਇਹਨਾਂ ਨੂੰ ਇਕ ਤੋਂ ਵਧੇਰੇ ਵਾਰੀ ਵਾਈਸ ਚਾਂਸਲਰ ਦੇ ਅਹੁਦੇ ਦੀ ਪੇਸ਼ਕਸ਼ ਹੋਈ ਸੀ ਪਰ ਅਕਾਦਮਿਕ ਕਾਰਜਾਂ ਵਿਚ ਵਧੇਰੇ ਰੁਚੀ ਹੋਣ ਕਾਰਨ ਇਹ ਯੂਨੀਵਰਸਿਟੀ ਦੇ ਇਸ ਉੱਚ ਅਹੁਦੇ ਤੋਂ ਦੂਰ ਹੀ ਰਹੇ। ਰਜਿਸਟਰਾਰ ਦੇ ਅਹੁਦੇ 'ਤੇ ਰਹਿੰਦੇ ਹੋਏ ਇਹਨਾਂ ਨੇ ਯੂਨੀਵਰਸਿਟੀ ਨੂੰ ਪੱਕੇ-ਪੈਰੀਂ ਕਰਨ ਲਈ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਕਾਰਜ ਕੀਤਾ। ਕੁਸ਼ਲਤਾ ਪੂਰਵਕ ਯੂਨੀਵਰਸਿਟੀ ਦਾ ਪ੍ਰਬੰਧ ਚਲਾਉਣ ਦੇ ਨਾਲ-ਨਾਲ ਇਹਨਾਂ ਨੇ ਆਪਣੀ ਵਿੱਦਿਅਕ ਰੁਚੀ ਨੂੰ ਨਿਰੰਤਰ ਜਾਰੀ ਰੱਖਿਆ ਸੀ।

1968 ਵਿਚ ਇਹਨਾਂ ਨੂੰ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦੇ 'ਸੈਂਟਰ ਫ਼ਾਰ ਦ ਸਟੱਡੀ ਆਫ਼ ਵਰਲਡ ਰਿਲੀਜ਼ਨਸ' ਵੱਲੋਂ ਇਕ ਸਾਲ ਦੀ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਸੈਂਟਰ ਦੇ ਡਾਇਰੈਕਟਰ ਵਿਲਫਰਡ ਕੈਂਟਵੈਲ ਸਮਿਥ ਅਤੇ ਹੋਰਨਾਂ ਵਿਦਵਾਨਾਂ ਨਾਲ ਨਿਰੰਤਰ ਵਿਚਾਰ-ਚਰਚਾ ਨੇ ਇਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ, ਦਰਸ਼ਨ ਅਤੇ ਯੋਗਦਾਨ ਸੰਬੰਧੀ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਸਿੱਖ ਧਰਮ ਦੀ ਮੁੱਢਲੀ ਅਤੇ ਭਾਵਪੂਰਤ ਜਾਣਕਾਰੀ ਪ੍ਰਦਾਨ ਕਰਨ ਲਈ ਇਹਨਾਂ ਨੇ ਗੁਰੂ ਨਾਨਕ ਦੇਵ ਜੀ ਸੰਬੰਧੀ ਹਾਰਵਰਡ ਯੂਨੀਵਰਸਿਟੀ ਵਿਖੇ ਵਿਦਵਤਾ ਭਰਪੂਰ ਭਾਸ਼ਣ ਦਿੱਤੇ। ਇਹਨਾਂ ਭਾਸ਼ਣਾਂ ਦੇ ਸਿੱਟੇ ਵੱਜੋਂ ਪਿਛੋਂ ਜਾ ਕੇ ਇਕ ਪੁਸਤਕ ਸਾਹਮਣੇ ਆਈ ਜਿਹੜੀ ਕਿ ਗੁਰੂ ਨਾਨਕ ਦੇਵ ਜੀ ਸੰਬੰਧੀ ਖੋਜ-ਭਰਪੂਰ ਜਾਣਕਾਰੀ ਪ੍ਰਦਾਨ ਕਰਦੀ ਹੈ।

ਪ੍ਰਬੰਧਕੀ ਗੁਣਾਂ ਅਤੇ ਸਿੱਖ ਧਰਮ ਦੇ ਵਿਸ਼ਵਾਸਾਂ, ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਦੀ ਗਹਿਰ-ਗੰਭੀਰ ਜਾਣਕਾਰੀ ਰੱਖਣ ਵਾਲੇ ਪ੍ਰੋ. ਹਰਬੰਸ ਸਿੰਘ ਜਿਥੇ ਵੀ ਜਾਂਦੇ ਜਾਂ ਜਿਸ ਵੀ ਕਾਰਜ ਨੂੰ ਹੱਥ ਪਾਉਂਦੇ, ਉਸ ਨੂੰ ਸਫ਼ਲਤਾ ਪੂਰਵਕ ਸਿਰੇ ਚਾੜ੍ਹ ਦਿੰਦੇ ਸਨ। ਹਰ ਕਾਰਜ ਵਿਚ ਇਹਨਾਂ ਦੀ ਵਿਲੱਖਣ ਦ੍ਰਿਸ਼ਟੀ ਪ੍ਰਸੰਸਾਯੋਗ ਹੁੰਦੀ ਸੀ। ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਦਾ ਨਾਂ ਇਹਨਾਂ ਦੇ ਜੀਵਨ ਨਾਲ ਅਜਿਹਾ ਜੁੜ ਗਿਆ ਹੈ ਕਿ ਇਸ ਦਾ ਜ਼ਿਕਰ ਕੀਤੇ ਬਗ਼ੈਰ ਇਹਨਾਂ ਦੀ ਸ਼ਖ਼ਸੀਅਤ ਦਾ ਬਿਆਨ ਅਧੂਰਾ ਜਾਪਦਾ ਹੈ। ਇਹ ਵਿਭਾਗ ਪੰਜਾਬੀ ਯੂਨੀਵਰਸਿਟੀ ਦੇ ਤਤਕਾਲੀ ਵਾਈਸ ਚਾਂਸਲਰ ਸ. ਕਿਰਪਾਲ ਸਿੰਘ ਨਾਰੰਗ ਅਤੇ ਪ੍ਰੋ. ਹਰਬੰਸ ਸਿੰਘ ਦੇ ਸਾਂਝੇ ਯਤਨਾਂ ਦਾ ਨਤੀਜਾ ਹੈ। ਵਾਈਸ ਚਾਂਸਲਰ ਸਾਹਿਬ ਨੇ ਅਮਰੀਕਾ ਦੀਆਂ ਹਾਰਵਰਡ ਅਤੇ ਸਟੈਨਫੋਰਡ ਯੂਨੀਵਰਸਿਟੀਆਂ ਦੀ ਫੇਰੀ ਦੌਰਾਨ ਉਥੋਂ ਦੇ ਧਰਮ ਅਧਿਐਨ ਨਾਲ ਸੰਬੰਧਿਤ ਵਿਦਵਾਨਾਂ ਨਾਲ ਵਿਚਾਰ-ਚਰਚਾ ਕੀਤੀ ਸੀ ਜਿਸ ਤੋਂ ਉਹਨਾਂ ਦੇ ਮਨ ਵਿਚ ਆਪਣੀ ਯੂਨੀਵਰਸਿਟੀ ਵਿਖੇ ਇਕ



ਅਜਿਹਾ ਵਿਭਾਗ ਕਾਇਮ ਕਰਨ ਦੀ ਚੇਸ਼ਟਾ ਪੈਦਾ ਹੋ ਗਈ ਜਿਥੇ ਸੰਸਾਰ ਦੇ ਵਿਭਿੰਨ ਧਰਮਾਂ ਦਾ ਅਕਾਦਮਿਕ ਪੱਧਰ 'ਤੇ ਅਧਿਐਨ ਹੋਵੇ।

1666-67 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤੀਜੀ ਸ਼ਤਾਬਦੀ ਸੰਸਾਰ ਭਰ ਵਿਚ ਮਨਾਈ ਗਈ ਅਤੇ ਇਸ ਦਾ ਸਮੁੱਚੇ ਸਿੱਖ ਜਗਤ ਅਤੇ ਸਿੱਖ ਧਰਮ ਦੀ ਜਾਣਕਾਰੀ ਰੱਖਣ ਵਾਲੀਆਂ ਸ਼ਖ਼ਸੀਅਤਾਂ 'ਤੇ ਬਹੁਤ ਸਕਾਰਾਤਮਿਕ ਪ੍ਰਭਾਵ ਪਿਆ। ਗੁਰੂ ਸਾਹਿਬ ਦੁਆਰਾ ਮਨੁੱਖਤਾ ਦੀ ਭਲਾਈ ਵਿਚ ਪਾਏ ਯੋਗਦਾਨ ਦੀ ਮਹਾਨਤਾ ਸਮੁੱਚੀ ਲੋਕਾਈ ਦੇ ਮਨ 'ਤੇ ਭਾਰੀ ਅਸਰਦਾਇਕ ਸਾਬਿਤ ਹੋਈ। ਇਸ ਮੌਕੇ ਵਾਈਸ ਚਾਂਸਲਰ ਸ. ਕਿਰਪਾਲ ਸਿੰਘ ਨਾਰੰਗ ਨੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਕੋਲ ਵਿਭਿੰਨ ਧਰਮਾਂ ਦੇ ਅਧਿਐਨ ਸੰਬੰਧੀ ਵਿਭਾਗ ਖੋਲਣ ਲਈ ਸੁਝਾਅ ਮੰਗੇ ਜਿਹੜੇ ਕਿ ਬਹੁਤ ਖੁਲਦਿਲ੍ਹੀ ਨਾਲ ਪ੍ਰਵਾਨ ਕਰ ਲਏ ਗਏ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਤੇ ਪੰਜਾਬ ਸਰਕਾਰ ਨੇ ਇਸ ਵਿਭਾਗ ਨੂੰ ਖੋਲਣ ਲਈ ਵਿਸ਼ੇਸ਼ ਫੰਡ ਵੀ ਮੁਹੱਈਆ ਕਰਵਾਏ। 27 ਦਸੰਬਰ 1967 ਨੂੰ ਗੁਰੂ ਗੋਬਿੰਦ ਸਿੰਘ ਭਵਨ ਦਾ ਨੀਂਹ-ਪੱਥਰ ਭਾਰਤ ਦੇ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਨੇ ਰੱਖਿਆ। 2 ਸਤੰਬਰ 1969 ਨੂੰ ਇਹ ਵਿਸ਼ਾਲ ਇਮਾਰਤ ਸੰਪੂਰਨ ਹੋ ਕੇ ਯੂਨੀਵਰਸਿਟੀ ਦੇ ਵਿਸ਼ੇਸ਼ ਚਿੰਨ੍ਹ ਵੱਜੋਂ ਸਾਹਮਣੇ ਆਈ। 1967 ਵਿਚ ਅਰੰਭ ਹੋਏ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਨੇ ਗੁਰੂ ਗੋਬਿੰਦ ਸਿੰਘ ਭਵਨ ਵਿਖੇ ਆਪਣਾ ਕਾਰਜ ਕਰਨਾ ਅਰੰਭ ਕਰ ਦਿੱਤਾ।

ਮੁਢਲੇ ਰੂਪ ਵਿਚ ਇਹ ਖੋਜ ਵਿਭਾਗ ਸੀ ਅਤੇ ਇਥੇ ਹਿੰਦੂ ਧਰਮ, ਬੁੱਧ ਧਰਮ, ਇਸਾਈ ਧਰਮ, ਇਸਲਾਮ ਅਤੇ ਸਿੱਖ ਧਰਮ ਦਾ ਅਧਿਐਨ ਅਰੰਭ ਹੋਇਆ। ਇਸ ਤੋਂ ਬਾਅਦ ਇਸ ਵਿਭਾਗ ਵਿਚ ਭਗਵਾਨ ਮਹਾਂਵੀਰ ਅਤੇ ਸੰਤ ਸ਼ੰਕਰਦੇਵ ਚੇਅਰਾਂ ਸਥਾਪਿਤ ਕੀਤੀਆਂ ਗਈਆਂ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੌਰਾਨ ਵਿਭਾਗ ਵਿਖੇ ਅਧਿਆਪਨ ਕਾਰਜ ਵੀ ਅਰੰਭ ਹੋ ਗਿਆ। ਐਮ.ਏ ਅਤੇ ਐਮ.ਫਿਲ. ਕੋਰਸਾਂ ਦੇ ਨਾਲ-ਨਾਲ ਵਿਭਾਗ ਵਿਚ ਪੀਐਚ.ਡੀ. ਪੱਧਰ ਦਾ ਖੋਜ ਕਾਰਜ ਕਰਵਾਇਆ ਜਾਣ ਲੱਗਿਆ। ਇਸ ਵਿਭਾਗ ਦੀ ਪ੍ਰਸਿੱਧੀ ਦਾ ਕਾਰਨ ਇਹ ਸੀ ਕਿ ਇਥੇ ਕਾਰਜ ਕਰਨ ਵਾਲੇ ਵਿਦਵਾਨਾਂ ਨੇ ਸੰਸਾਰ ਪ੍ਰਸਿੱਧ ਯੂਨੀਵਰਸਿਟੀਆਂ ਨਾਲ ਰਾਬਤਾ ਕਾਇਮ ਕੀਤਾ ਹੋਇਆ ਸੀ ਅਤੇ ਦੇਸ਼-ਵਿਦੇਸ਼ ਦੇ ਪ੍ਰਸਿੱਧ ਵਿਦਵਾਨ ਵਿਭਾਗ ਨਾਲ ਜੁੜੇ ਹੋਏ ਸਨ। ਇਸ ਵਿਭਾਗ ਦਾ ਹਾਰਵਰਡ ਯੂਨੀਵਰਸਿਟੀ ਨਾਲ ਅਕਾਦਮਿਕ ਆਦਾਨ-ਪ੍ਰਦਾਨ ਅਰੰਭ ਹੋਣਾ ਮਾਣ ਵਾਲੀ ਗੱਲ ਸੀ।

ਇਸ ਅਕਾਦਮਿਕ ਰਾਬਤੇ ਨੂੰ ਮਜ਼ਬੂਤ ਕਰਨ ਵਿਚ ਵਿਭਾਗ ਦੁਆਰਾ ਅੰਗਰੇਜ਼ੀ ਵਿਚ ਅਰੰਭ ਕੀਤੇ ਗਏ ਛਿਮਾਹੀ ਜਰਨਲ 'ਦ ਜਰਨਲ ਆਫ਼ ਰਿਲੀਜੀਅਸ ਸਟੱਡੀਜ਼' ਨੇ ਵਿਸ਼ੇਸ਼ ਭੂਮਿਕਾ ਨਿਭਾਈ। ਦੂਜੇ ਧਰਮਾਂ ਨਾਲ ਸਾਂਝ ਅਤੇ ਸਮਝ ਵਧਾਉਣ ਵਾਲੇ ਵਿਭਾਗ ਵਿਚ ਇਹ ਜਰਨਲ ਵੀ ਇਸੇ ਦ੍ਰਿਸ਼ਟੀ ਨਾਲ ਅਰੰਭ ਕੀਤਾ ਗਿਆ ਸੀ ਤਾਂ ਕਿ ਦੂਜੇ ਧਰਮਾਂ ਦੀਆਂ ਧਾਰਮਿਕ ਅਤੇ ਦਾਰਸ਼ਿਨਕ ਸਮੱਸਿਆਵਾਂ ਨੂੰ ਉਹਨਾਂ ਦੀ ਦ੍ਰਿਸ਼ਟੀ ਤੋਂ ਸਮਝਿਆ ਜਾ ਸਕੇ। 1969 ਵਿਚ ਅਰੰਭ ਹੋਏ ਇਸ ਰਸਾਲੇ ਵਿਚ ਛਪਣ ਵਾਲੇ ਮਿਆਰੀ ਆਰਟੀਕਲਾਂ ਨੇ ਜਿਥੇ ਵਿਭਾਗ ਦੇ ਵਿਦਵਾਨਾਂ ਨੂੰ ਸੰਸਾਰ ਪ੍ਰਸਿੱਧ ਵਿਦਵਾਨਾਂ ਦੇ ਸੰਪਰਕ ਵਿਚ ਲਿਆਂਦਾ ਉਥੇ ਨਾਲ ਹੀ ਇਹਨਾਂ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਚੱਲ ਰਹੀਆਂ ਖੋਜਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਧਰਮ ਦਰਸ਼ਨ, ਤੁਲਨਾਤਮਿਕ ਧਰਮ ਅਧਿਐਨ, ਵਿਆਖਿਆਕਾਰੀ, ਅੰਤਰ-ਧਰਮ ਸੰਵਾਦ, ਧਰਮ-ਸ਼ਾਸਤਰੀ ਅਧਿਐਨ ਆਦਿ ਵਿਸ਼ਿਆਂ ਨਾਲ ਸੰਬੰਧਿਤ ਆਰਟੀਕਲ ਇਸ ਜਰਨਲ ਦਾ ਸ਼ਿੰਗਾਰ ਰਹੇ ਹਨ। ਡਾ. ਕੇ.ਐਲ. ਸੇਸ਼ਾਗਿਰੀ ਰਾਉ, ਪ੍ਰੋ. ਹਰਬੰਸ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਿਬ, ਪ੍ਰੋ. ਐਲ.ਐਮ. ਜੋਸ਼ੀ, ਪ੍ਰੋ. ਦਰਸ਼ਨ ਸਿੰਘ ਆਦਿ ਵਿਦਵਾਨ ਇਸ ਜਰਨਲ ਦੇ ਅੰਤਰ-ਰਾਸ਼ਟਰੀ ਮਿਆਰ ਨੂੰ ਕਾਇਮ ਰੱਖਣ ਲਈ ਨਿਰੰਤਰ ਯਤਨਸ਼ੀਲ ਰਹੇ।

ਪ੍ਰੋ. ਹਰਬੰਸ ਸਿੰਘ ਸ਼ੁਰੂ ਤੋਂ ਹੀ ਵਿਭਾਗ ਦੀਆਂ ਉਕਤ ਗਤੀਵਿਧੀਆਂ ਨਾਲ ਜੁੜੇ ਰਹੇ। ਵਾਈਸ ਚਾਂਸਲਰ ਸ. ਕਿਰਪਾਲ ਸਿੰਘ ਨਾਰੰਗ ਨੇ 1970 ਵਿਚ ਇਹਨਾਂ ਨੂੰ ਵਿਭਾਗ ਦੇ ਮੁਖੀ ਦੀ ਜ਼ੁੰਮੇਵਾਰੀ ਸੌਂਪ ਦਿੱਤੀ। ਇਹਨਾਂ ਨੇ ਪੂਰੀ ਤਨਦੇਹੀ ਨਾਲ ਇਸ ਵਿਭਾਗ ਨੂੰ ਸਥਾਪਿਤ ਕਰਨ ਲਈ ਯਤਨ ਕੀਤੇ। ਪ੍ਰੋ. ਸਾਹਿਬ ਨੇ ਆਪਣੀਆਂ ਵਧੇਰੇ ਪੁਸਤਕਾਂ ਇਸ ਵਿਭਾਗ ਵਿਚ ਆਉਣ ਤੋਂ ਬਾਅਦ ਲਿਖੀਆਂ। ਧਰਮ ਅਧਿਐਨ ਵਿਭਾਗ ਹਾਲੇ ਨਵਾਂ-ਨਵਾਂ ਖੁੱਲ੍ਹਿਆ ਸੀ ਇਸ ਕਰ ਕੇ ਵੱਡੀ ਜ਼ੁੰਮੇਵਾਰੀ ਵਿਭਿੰਨ ਧਰਮਾਂ ਨਾਲ ਸੰਬੰਧਿਤ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਸੀ। ਵੱਖ-ਵੱਖ ਧਰਮਾਂ ਦੀ ਜਾਣਕਾਰੀ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਦੀ ਰਚਨਾ ਦਾ ਕਾਰਜ ਅਰੰਭ ਹੋਇਆ ਤਾਂ ਪ੍ਰੋ. ਹਰਬੰਸ ਸਿੰਘ ਨੇ ਸਿੱਖ ਧਰਮ ਅਤੇ ਇਤਿਹਾਸ ਸੰਬੰਧੀ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨ ਵਾਲੀ ਖੋਜ-ਸਮੱਗਰੀ ਪੈਦਾ ਕਰਨ ਲਈ ਯਤਨ ਅਰੰਭ ਦਿੱਤੇ ਜਿਸ ਦੇ ਸਿੱਟੇ ਵੱਜੋਂ ਬਹੁਤ ਸਾਰੀਆਂ ਪੁਸਤਕਾਂ ਅਤੇ ਲੇਖ ਸਾਹਮਣੇ ਆਏ। ਤਤਕਾਲੀ ਦੌਰ ਦੇ ਰਸਾਲੇ ਅਤੇ ਪੁਸਤਕਾਂ ਇਹਨਾਂ ਦੀ ਸਿੱਖ ਇਤਿਹਾਸ ਪ੍ਰਤੀ ਖੋਜ ਦੀ ਸ਼ਾਹਦੀ ਭਰਦੀਆਂ ਹਨ। ਇਹਨਾਂ ਨੇ ਅੰਗਰੇਜ਼ੀ ਭਾਸ਼ਾ ਵਿਚ ਜਿਹੜੀਆਂ ਪੁਸਤਕਾਂ ਦੀ ਰਚਨਾ ਕੀਤੀ ਹੈ, ਉਹ ਇਹ ਹਨ – ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਐਂਡ ਦ ਓਰਿਜਨ ਆਫ਼ ਦ ਸਿੱਖ ਫ਼ੇਥ, ਭਾਈ ਵੀਰ ਸਿੰਘ, ਐਨ ਇੰਟਰੋਡਕਸ਼ਨ ਟੂ ਇੰਡੀਅਨ ਰਿਲੀਜ਼ਨਸ, ਮਹਾਰਾਜਾ ਰਣਜੀਤ ਸਿੰਘ, ਗੁਰੂ ਤੇਗ਼ ਬਹਾਦਰ, ਬਰਕਲੇ ਲੈਕਚਰਜ਼ ਆਨ ਸਿੱਖਿਜ਼ਮ, ਦ ਹੈਰੀਟੇਜ ਆਫ਼ ਦ ਸਿੱਖਸ, ਆਸਪੈਕਟਸ ਆਫ਼ ਪੰਜਾਬੀ ਲਿਟਰੇਚਰ, ਹਾਇਰ ਐਜੂਕੇਸ਼ਨ ਇਨ ਅਮਰੀਕਾ ਆਦਿ। ਇਹਨਾਂ ਦੁਆਰਾ ਸੰਪਾਦਿਤ ਕੀਤੀਆਂ ਪੁਸਤਕਾਂ ਇਹ ਹਨ – ਅਪਰੋਚਿਜ਼ ਟੂ ਦ ਸਟਡੀ ਆਫ਼ ਰਿਲੀਜਨ, ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਪਰਸਪੈਕਟਿਵਜ਼ ਆਫ਼ ਗੁਰੂ ਨਾਨਕ, ਐਸੇਜ਼ ਇਨ ਆਨਰ ਆਫ਼ ਡਾ. ਗੰਡਾ ਸਿੰਘ ਅਤੇ ਦ ਇਨਸਾਈਕਲੋਪੀਡੀਆ ਆਫ਼ ਸਿੱਖਿਜ਼ਮ, 4 ਭਾਗ। ਇਹਨਾਂ ਦੁਆਰਾ ਰਚਿਤ ਕੁਝ ਪੁਸਤਕਾਂ ਦੇ ਪੰਜਾਬੀ ਭਾਸ਼ਾ ਵਿਚ ਅਨੁਵਾਦ ਵੀ ਸਾਹਮਣੇ ਆਏ ਹਨ ਜਿਨ੍ਹਾਂ ਵਿਚ ਗੁਰੂ ਨਾਨਕ (ਪੰਜਾਬੀ, ਉਰਦੂ), ਗੁਰੂ ਗੋਬਿੰਦ ਸਿੰਘ, ਭਾਈ ਵੀਰ ਸਿੰਘ, ਗੁਰੂ ਤੇਗ਼ ਬਹਾਦਰ, ਸਾਡਾ ਵਿਰਸਾ (ਦ ਹੈਰੀਟੇਜ ਆਫ਼ ਦ ਸਿੱਖਸ), ਸੰਸਾਰ ਦੇ ਧਰਮ ਆਦਿ ਸ਼ਾਮਲ ਹਨ। ਇਹਨਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ 'ਤੇ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਮੂਲ ਪੁਸਤਕ ਦਾ 15 ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ। ਇਹ ਭਾਸ਼ਾਵਾਂ ਹਨ – ਉੜੀਆ, ਅਸਾਮੀ, ਸੰਸਕ੍ਰਿਤ, ਸਿੰਧੀ, ਹਿੰਦੀ, ਕਸ਼ਮੀਰੀ, ਕੰਨੜ, ਗੁਜਰਾਤੀ, ਤਾਮਿਲ, ਤੇਲਗੂ, ਪੰਜਾਬੀ, ਬੰਗਾਲੀ, ਮਰਾਠੀ, ਮਲਯਾਲਮ, ਮੈਥਿਲੀ। ਇਸ ਪੁਸਤਕ ਦਾ ਸੰਸਕ੍ਰਿਤ ਅਨੁਵਾਦ ਸ੍ਰੀ ਸ਼ਰੁਤੀਕਾਂਤ ਸ਼ਰਮਾ ਨੇ ਕੀਤਾ ਸੀ ਅਤੇ ਸ੍ਰੀ ਸਤਯਵ੍ਰਤ ਸ਼ਾਸਤਰੀ ਨੇ ਸ੍ਰੀਗੁਰੂਗੋਵਿੰਦਸਿੰਹਚਰਿਤਮ ਸਿਰਲੇਖ ਅਧੀਨ ਇਸ ਨੂੰ ਕਾਵਿ ਰੂਪ ਪ੍ਰਦਾਨ ਕਰ ਦਿੱਤਾ ਸੀ। ਇਸ ਕਾਵਿ-ਅਨੁਵਾਦ ਕਾਰਨ, 1968 ਵਿਚ, ਸ਼ਾਸਤਰੀ ਜੀ ਦਾ ਸਾਹਿਤਯ ਅਕਾਦਮੀ ਅਵਾਰਡ ਨਾਲ ਸਨਮਾਨ ਕੀਤਾ ਗਿਆ ਸੀ।

ਪ੍ਰੋ. ਹਰਬੰਸ ਸਿੰਘ ਨੇ ਆਪਣਾ ਸਮੁੱਚਾ ਜੀਵਨ ਸਿੱਖ ਧਰਮ ਅਤੇ ਇਤਿਹਾਸ ਦੀ ਖੋਜ ਅਤੇ ਅਧਿਐਨ ਵੱਲ ਲਾਇਆ ਅਤੇ ਮੌਜੂਦਾ ਸਮੇਂ ਵਿਚ ਉਹਨਾਂ ਦੁਆਰਾ ਤਿਆਰ ਕੀਤਾ ਗਿਆ 'ਦ ਇਨਸਾਈਕਲੋਪੀਡੀਆ ਆਫ਼ ਸਿੱਖਿਜ਼ਮ' ਸੰਸਾਰ ਭਰ ਵਿਚ ਪ੍ਰਸਿੱਧ ਹੈ। ਇਹ ਵਿਸ਼ਵਕੋਸ਼ ਨਾ ਕੇਵਲ ਪ੍ਰੋ. ਸਾਹਿਬ ਦੀ ਮਹਾਨ ਕਿਰਤ ਹੈ ਬਲਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਵਿਚੋਂ ਨਗੀਨਾ ਹੈ ਜਿਹੜਾ ਕਿ ਬਾਹਰੋਂ ਆਉਣ ਵਾਲੀਆਂ ਪ੍ਰਮੁਖ ਸ਼ਖ਼ਸੀਅਤਾਂ ਨੂੰ ਸਤਿਕਾਰ ਸਹਿਤ ਭੇਟ ਕੀਤਾ ਜਾਂਦਾ ਹੈ। ਚਾਰ ਭਾਗਾਂ ਵਿਚ 2400 ਤੋਂ ਵਧੇਰੇ ਪੰਨਿਆਂ 'ਤੇ ਫੈਲੇ ਹੋਏ ਇਸ ਵਿਸ਼ਵਕੋਸ਼ ਵਿਚ ਲਗਪਗ 3200 ਇੰਦਰਾਜ ਦਰਜ ਹਨ ਜਿਹੜੇ ਕਿ ਸਿੱਖ ਧਰਮ, ਸਿੱਖ ਦਰਸ਼ਨ, ਸਿੱਖ ਸੰਸਥਾਵਾਂ, ਸਿੱਖ ਸ਼ਖ਼ਸੀਅਤਾਂ, ਸਿੱਖ ਵਿਸ਼ਵਾਸਾਂ ਆਦਿ ਦੇ ਨਾਲ-ਨਾਲ ਸੰਸਾਰ ਭਰ ਵਿਚ ਸਿੱਖ ਇਤਿਹਾਸ ਦੀ ਸ਼ਾਹਦੀ ਭਰਦੇ ਪ੍ਰਮੁਖ ਇਤਿਹਾਸਕ ਪਿੰਡਾਂ, ਕਸਬਿਆਂ, ਨਗਰਾਂ, ਵਿਅਕਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ।

ਇਹ ਵਿਸ਼ਵਕੋਸ਼ ਪ੍ਰੋ. ਸਾਹਿਬ ਦੀ ਗੰਭੀਰ ਅਕਾਦਮਿਕ ਰੁਚੀ ਦਾ ਪ੍ਰਤੱਖ ਪ੍ਰਮਾਣ ਹੈ। ਸ. ਕਿਰਪਾਲ ਸਿੰਘ ਨਾਰੰਗ ਦੁਆਰਾ ਇਹਨਾਂ ਨੂੰ ਇਹ ਕਾਰਜ ਸੌਂਪਿਆ ਗਿਆ ਸੀ ਅਤੇ ਇਹਨਾਂ ਨੇ ਆਪਣੀਆਂ ਸਮੂਹ ਦੁਨਿਆਵੀ ਰੁਚੀਆਂ ਨੂੰ ਸੰਕੁਚਿਤ ਕਰ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਫ਼ਲ ਯਤਨ ਅਰੰਭ ਕਰ ਦਿੱਤੇ ਸਨ। ਆਪਣੇ ਜੀਵਨ ਦੇ ਆਖ਼ਰੀ ਸਮੇਂ ਤੱਕ ਇਹ ਇਸੇ ਕਾਰਜ ਵਿਚ ਜੁੱਟੇ ਰਹੇ। ਸੰਸਾਰ ਭਰ ਵਿਚੋਂ ਪੌਣੇ ਤਿੰਨ ਸੌ ਤੋਂ ਵਧੇਰੇ ਵਿਦਵਾਨਾਂ ਨੂੰ ਇਸ ਵੱਡੇ ਪ੍ਰੋਜੈਕਟ ਨਾਲ ਜੋੜਨਾ ਇਹਨਾਂ ਦੀ ਕਾਰਜ-ਕੁਸ਼ਲਤਾ ਦਾ ਪ੍ਰਮਾਣ ਹੈ।

ਧਰਮ ਅਧਿਐਨ ਨਾਲ ਜੁੜੇ ਹੋਏ ਵਿਦਵਾਨ ਇਹਨਾਂ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕਰਦੇ ਹਨ। ਇਹਨਾਂ ਦੇ ਸਾਥੀ ਇਹਨਾਂ ਦੇ ਸਿਰੜ, ਲਗਨ, ਪ੍ਰਬੰਧਕੀ ਕਾਰਜਸ਼ੀਲਤਾ ਅਤੇ ਕਾਰਜਕੁਸ਼ਲਤਾ ਸੰਬੰਧੀ ਅਨੇਕਾਂ ਗੱਲਾਂ ਦੱਸਦੇ ਹਨ। ਸਮੇਂ ਦੀ ਪਾਬੰਦੀ ਅਤੇ ਬੇਲੋੜੀਆਂ ਗੱਲਾਂ ਤੋਂ ਪ੍ਰਹੇਜ਼ ਇਹਨਾਂ ਦੇ ਜੀਵਨ ਦਾ ਅੰਗ ਬਣ ਗਏ ਸਨ। ਯੂਨੀਵਰਸਿਟੀ ਦਾ ਸਮੁੱਚਾ ਅਧਿਆਪਨ ਅਤੇ ਗ਼ੈਰ-ਅਧਿਆਪਨ ਵਰਗ ਇਹਨਾਂ ਦੀ ਵਿਦਵਤਾ ਅਤੇ ਯੂਨੀਵਰਸਿਟੀ ਪ੍ਰਤੀ ਨਿਸ਼ਠਾ ਦੀ ਹਾਮੀ ਭਰਦਾ ਹੈ। ਇਹਨਾਂ ਦੇ ਪਿੰਡ ਕੋਠਾ ਗੁਰੂ ਦਾ ਇਕ ਹੋਰ ਪ੍ਰਸਿੱਧ ਵਿਦਵਾਨ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਹੈ। ਉਹ ਇਹਨਾਂ ਦੀ ਸ਼ਖ਼ਸੀਅਤ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਕਹਿੰਦਾ ਹੈ, ਉਇਹ ਵਿਲੱਖਣ ਵਿਅਕਤੀਤਵ ਦਾ ਸਵਾਮੀ, ਨਾ ਧਨ ਦੀ ਕਾਮਨਾ, ਨਾ ਪਦਵੀਆਂ ਦੀ ਲਾਲਸਾ, ਨਾ ਪ੍ਰਸਿੱਧੀ ਦਾ ਲੋਭ, ਨਾ ਵਿੱਦਿਆ ਦੀ ਹਉਮੈ, ਸਰਵਸਵ ਤਿਆਗ ਕੇ ਚੜ੍ਹਦੀਕਲਾ ਵਿਚ ਰਹਿ ਕੇ ਨਿਰੰਤਰ ਕਲਮ ਚਲਾਉਂਦਾ ਰਿਹਾ।" ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਸ. ਤੀਰਥ ਸਿੰਘ ਉਹਨਾਂ ਦੀ ਸ਼ਖ਼ਸੀਅਤ ਅਤੇ ਉਹਨਾਂ ਨਾਲ ਬਿਤਾਏ ਪਲਾਂ ਸੰਬੰਧੀ ਟਿੱਪਣੀ ਕਰਦੇ ਹੋਏ ਕਹਿੰਦੇ ਹਨ, ਉਮੈਨੂੰ ਉਨ੍ਹਾਂ ਨਾਲ ਲੰਮੇ ਸਮੇਂ ਤੱਕ ਕੰਮ ਕਰਨ ਦਾ ਅਵਸਰ ਮਿਲਿਆ ਸੀ।

**ਬਾਕੀ ਸਫ਼ਾ 28 'ਤੇ**

**ਸਿੱਖ ਧਰਮ ਦੇ ਅਧਿਐਨ ਵਿਚ ਪਾਏ ਯੋਗਦਾਨ ਕਾਰਨ ਬਹੁਤ ਸਾਰੀਆਂ ਸੰਸਥਾਵਾਂ ਨੇ ਪ੍ਰੋ. ਹਰਬੰਸ ਸਿੰਘ ਦਾ ਸਨਮਾਨ ਕੀਤਾ। ਅਧਰੰਗ ਦੀ ਬੀਮਾਰੀ ਕਾਰਨ ਪ੍ਰੋ. ਸਾਹਿਬ ਕਿਤੇ ਜਾਣ ਦੀ ਸਥਿਤੀ ਵਿਚ ਨਹੀਂ ਸਨ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹਨਾਂ ਦਾ ਸਨਮਾਨ ਇਹਨਾਂ ਦੇ ਘਰ ਜਾ ਕੇ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਇਹ ਸਨਮਾਨ ਦੇਣ ਲਈ ਇਹਨਾਂ ਦੇ ਘਰ ਆਏ ਸਨ; ਸ. ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਉਹਨਾਂ ਦੇ ਨਾਲ ਸਨ।**

# ਇਕ ਤੋਂ ਵੱਧ ਮੈਡਲ ਜਿੱਤਣ ਵਾਲੇ ਭਾਰਤੀ ਖਿਡਾਰੀ

## *ਏਸ਼ੀਅਨ ਖੇਡਾਂ ਵਿਚ ਸੋਨੇ, ਚਾਂਦੀ ਤੇ ਤਾਂਬੇ ਦੇ ਤਗਮੇ ਜਿੱਤਣ ਦੀ ਦੌੜ ਵਿਚ ਜਾਪਾਨ ਤੇ ਚੀਨ ਦੇ ਮੁਕਾਬਲੇ ਭਾਰਤੀ ਖਿਡਾਰੀਆਂ ਦੀ ਕਾਰਗੁਜ਼ਾਰੀ ਬਹੁਤੀ ਵਧੀਆ ਨਹੀਂ ਰਹੀ ਹੈ।*



**ਮਿਲਖਾ ਸਿੰਘ** : ਮਿਲਖਾ ਸਿੰਘ ਨੇ ਜਿੱਥੇ ਟੋਕੀਓ ਏਸ਼ਿਆਈ ਖੇਡਾਂ-1958 ਵਿਚ 200 ਤੇ 400 ਮੀਟਰ ਫਰਾਟਾ ਦੌੜਾਂ ਵਿਚ ਸੋਨ ਤਗਮੇ ਹਾਸਲ ਕੀਤੇ ਉੱਥੇ ਜਕਾਰਤਾ (1962) ਏਸ਼ੀਅਨ ਖੇਡਾਂ ਵਿਚੋਂ 400 ਤੇ 4×400 ਮੀਟਰ ਰੀਲੇਅ ਰੇਸ ਵਿਚ ਦੋ ਹੋਰ ਸੋਨ ਤਗਮੇ ਜਿੱਤ ਕੇ ਆਪਣੇ ਸੁਨਹਿਰੀ ਤਗਮਿਆਂ ਦੀ ਗਿਣਤੀ ਚਾਰ ਕਰ ਕੇ ਸਾਹ ਲਿਆ।



**ਪ੍ਰਦੁੱਮਣ ਸਿੰਘ** : ਮਨੀਲਾ-1954 ਦੇ ਦੂਜੇ ਏਸ਼ਿਆਈ ਖੇਡ ਮੁਕਾਬਲੇ ਵਿਚ ਪੰਜਾਬ ਦੇ ਪ੍ਰਦੁੱਮਣ ਸਿੰਘ ਨੇ ਸ਼ਾਟਪੁੱਟ ਤੇ ਡਿਸਕਸ ਥਰੋਅ ਵਿਚ ਦੋ ਗੋਲਡ ਮੈਡਲ ਜਿੱਤੇ। ਟੋਕੀਓ 1958 ਵਿਚ ਪ੍ਰਦੁੱਮਣ ਸਿੰਘ ਨੇ ਗੋਲਾ ਸੁੱਟਣ ਵਿਚ ਸੋਨ ਤਗਮਾ ਤੇ ਡਿਸਕਸ ਵਿਚ ਤਾਂਬੇ ਦਾ ਮੈਡਲ ਜਿੱਤਿਆ। ਜਕਾਰਤਾ 1962 ਏਸ਼ਿਆਈ ਖੇਡਾਂ ਵਿਚ ਪ੍ਰਦੁੱਮਣ ਸਿੰਘ ਨੇ ਡਿਸਕਸ ਥਰੋਅ ਵਿਚ ਸਿਲਵਰ ਮੈਡਲ ਜਿੱਤ ਕੇ ਆਪਣੇ ਤਗਮਿਆਂ ਦੀ ਗਿਣਤੀ ਪੰਜ ਕੀਤੀ।

**ਜੋਗਿੰਦਰ ਸਿੰਘ ਜੋਗੀ** : ਰੋਪੜ ਜ਼ਿਲ੍ਹੇ ਦੇ ਪਿੰਡ ਕਿਸ਼ਨਪੁਰਾ ਦੇ ਥਰੋਅਰ ਜੋਗਿੰਦਰ ਸਿੰਘ ਜੋਗੀ ਨੇ ਜਕਾਰਤਾ-1962 ਦੇ ਏਸ਼ੀਅਨ ਖੇਡ ਮੇਲੇ ਵਿਚ ਸ਼ਾਟਪੁੱਟ ਵਿਚ ਤਾਂਬੇ ਦਾ ਤਗਮਾ ਹਾਸਲ ਕੀਤਾ ਤੇ ਇਸ ਤੋਂ ਬਾਅਦ ਬੈਂਕਾਕ-1966 ਤੇ ਬੈਂਕਾਕ-1970 ਏਸ਼ੀਅਨ ਖੇਡਾਂ ਵਿਚ ਗੋਲਾ ਸੁੱਟਣ ਵਿਚ ਲਗਾਤਾਰ ਦੋ ਗੋਲਡ ਮੈਡਲ ਜਿੱਤ ਕੇ ਆਪਣੀ ਬੱਲੇ-ਬੱਲੇ ਕਰਵਾਈ।



**ਅਜਮੇਰ ਸਿੰਘ ਔਲਖ** : ਬੈਂਕਾਕ-1966 ਦੇ ਏਸ਼ਿਆਈ ਖੇਡ ਮੁਕਾਬਲੇ ਵਿਚ ਅਜਮੇਰ ਸਿੰਘ ਔਲਖ ਨੇ ਫੱਰਾਟਾ ਦੌੜ 400 ਮੀਟਰ ਵਿਚ ਗੋਲਡ ਤੇ 200 ਮੀਟਰ ਚ ਸਿਲਵਰ ਮੈਡਲ ਹਾਸਲ ਕਰ ਕੇ ਆਪਣੀ ਸ਼ਕਤੀ ਦਾ ਲੋਹਾ ਮੰਨਵਾਇਆ।



**ਪ੍ਰਵੀਨ ਕੁਮਾਰ** : ਸੰਨ 1966 ਦੀਆਂ ਬੈਂਕਾਕ ਖੇਡਾਂ ਵਿਚ ਪੰਜਾਬ ਦੇ ਸਰਹਾਲੀ ਕਲਾਂ ਦੇ ਸੁਟਾਵੇ ਪ੍ਰਵੀਨ ਕੁਮਾਰ ਨੇ ਡਿਸਕਸ ਸੁੱਟਣ ਵਿਚ ਗੋਲਡ ਮੈਡਲ ਤੋਂ ਹੈਮਰ ਥਰੋਅ ਚ ਚਾਂਦੀ ਦਾ ਤਗਮਾ ਹਾਸਲ ਕੀਤਾ। ਪ੍ਰਵੀਨ ਨੇ ਬੈਂਕਾਕ-1970 ਤੇ ਤਹਿਰਾਨ-1974 ਦੀਆਂ ਏਸ਼ਿਆਈ ਖੇਡਾਂ ਵਿਚ ਲਗਾਤਾਰ ਡਿਸਕਸ ਸੁੱਟਣ ਚ ਕ੍ਰਮਵਾਰ ਸੋਨੇ ਤੇ ਚਾਂਦੀ ਦੇ ਤਗਮੇ ਹਾਸਲ ਕਰ ਕੇ ਆਪਣੇ ਮੈਡਲਾਂ ਦੀ ਗਿਣਤੀ ਚਾਰ ਕੀਤੀ।

**ਹਰੀ ਚੰਦ** : ਬੈਂਕਾਕ-1978 ਦੇ ਏਸ਼ੀਅਨ ਖੇਡਾਂ ਦੇ ਐਡੀਸ਼ਨ ਵਿਚ ਲੰਮੀਆਂ ਰੇਸਾਂ ਦੇ ਦੌੜਾਕ ਹਰੀ ਚੰਦ ਨੇ 5 ਹਜ਼ਾਰ ਤੇ 10 ਹਜ਼ਾਰ ਮੀਟਰ ਵਿਚ ਜਿੱਤਾਂ ਦਰਜ ਕਰ ਕੇ ਗੋਲਡ ਮੈਡਲ ਜਿੱਤ ਕੇ ਦੇਸ਼ ਦਾ ਨਾਂ ਰੋਸ਼ਨ ਕੀਤਾ।

**ਲਾਵੀ ਪਿੰਟੋ** : ਸੰਨ 1951 ਵਿਚ ਨਵੀਂ ਦਿੱਲੀ ਵਿਖੇ ਹੋਈਆਂ ਭਾਰਤ ਵਿਚ ਪਹਿਲੀਆਂ ਏਸ਼ੀਅਨ ਖੇਡਾਂ ਵਿਚ ਜਿੱਥੇ ਮੇਜ਼ਬਾਨ ਫੌਰਾਟਾ ਦੌੜਾਕ ਲਾਵੀ ਪਿੰਟੋ ਨੇ 100 ਤੇ 200 ਮੀਟਰ ਦੌੜਾਂ ਵਿਚ ਦੋ ਗੋਲਡ ਮੈਡਲ ਜਿੱਤੇ ਉੱਥੇ ਕੇਪੀ ਠਾਕੁਰ ਨੇ ਡਾਈਵਿੰਗ ਵਿਚ ਦੋ ਸੋਨ ਤਗਮੇ ਜਿੱਤਣ ਵਿਚ ਕਾਮਯਾਬੀ ਹਾਸਲ ਕੀਤੀ।

**ਸ੍ਰੀਰਾਮ ਸਿੰਘ** : ਬੈਂਕਾਕ-1970 ਵਿਚ 800 ਮੀਟਰ ਤੇਜ਼ ਦੌੜ ਵਿਚ ਸਿਲਵਰ ਮੈਡਲ ਹਾਸਲ ਕਰਨ ਵਾਲੇ ਤੂਫ਼ਾਨੀ ਦੌੜਾਕ ਸ੍ਰੀਰਾਮ ਸਿੰਘ ਨੇ ਜਿੱਥੇ ਹਿਰਾ-1974 ਵਿਚ 800 ਮੀਟਰ ਤੇ 4×400 ਰੀਲੇਅ ਦੌੜ ਵਿਚ ਦੋ ਸੋਨ ਤਗਮੇ ਜਿੱਤਣ ਦਾ ਕਮਾਲ ਕੀਤਾ ਉੱਥੇ ਬੈਂਕਾਕ-1978 ਵਿਚ ਵੀ 800 ਮੀਟਰ ਤੇ 4×400 ਮੀਟਰ ਰੀਲੇਅ ਵਿਚ ਕ੍ਰਮਵਾਰ ਸੋਨੇ ਤੇ ਚਾਂਦੀ ਦੇ ਤਗਮੇ ਹਾਸਲ ਕਰਕੇ ਆਪਣੇ ਤਗਮਿਆਂ ਦੀ ਗਿਣਤੀ ਪੰਜ ਕੀਤੀ।



**ਕੇਐੱਮ ਬੀਨਾਮੋਲ** : ਕੇਰਲਾ ਦੀ ਐਥਲੀਟ ਕੇਐੱਮ ਬੀਨਾਮੋਲ ਨੇ ਬੁਸਾਨ-2002 ਦੇ ਏਸ਼ੀਅਨ ਗੇਮਜ਼ ਵਿਚ ਫਰਾਟਾ ਦੌੜ 800 ਮੀਟਰ ਤੇ 4×400 ਮੀਟਰ ਰੀਲੇਅ ਚ ਦੋ ਗੋਲਡ ਮੈਡਲ ਤੇ 400 ਮੀਟਰ ਵਿਚ ਚਾਂਦੀ ਦਾ ਤਗਮਾ ਹਾਸਲ ਕਰ ਕੇ ਤਿੰਨ ਜਿੱਤਾਂ ਨਾਲ ਤਗਮਾ ਸੂਚੀ ਵਿਚ ਆਪਣਾ ਨਾਂ ਦਰਜ ਕਰਵਾਇਆ।

**ਸ਼ਿਨੀ ਵਿਲਸਨ** : ਪੀਟੀ ਊਸ਼ਾ ਦੀ ਸਾਥਣ ਅਥਲੀਟ ਸ਼ਿਨੀ ਇਬਰਾਹਿਮ ਨੇ ਸਿਓਲ-1986 ਦੀਆਂ ਏਸ਼ਿਆਈ ਖੇਡਾਂ ਦੇ 4×400 ਮੀਟਰ ਰੀਲੇਅ ਰੇਸ ਵਿਚ ਸੋਨੇ ਅਤੇ 400 ਮੀਟਰ ਫੌਰਾਟਾ ਦੌੜ ਵਿਚ ਚਾਂਦੀ ਦਾ ਤਗਮਾ ਜਿੱਤਣ ਵਿਚ ਸਫਲਤਾ ਹਾਸਲ ਕੀਤੀ। ਵਿਆਹ ਮਗਰੋਂ ਸ਼ਿਨੀ ਇਬਰਾਹਿਮ ਤੋਂ ਸ਼ਿਨੀ ਵਿਲਸਨ ਬਣੀ। ਇਸ ਐਥਲੀਟ ਨੇ ਹੀਰੋਸ਼ਿਮਾ-1994 ਦੀਆਂ ਏਸ਼ੀਅਨ ਖੇਡਾਂ ਵਿਚ 4×400 ਮੀਟਰ ਵਿਚ ਚਾਂਦੀ ਤੇ 800 ਮੀਟਰ ਵਿਚ ਤਾਂਬੇ ਦਾ ਤਗਮਾ ਹਾਸਲ ਕੀਤਾ।

**ਜਿਓਤਿਰਮੋਈ** : ਪੱਛਮੀ ਬੰਗਾਲ ਦੀ ਦੌੜਾਕ ਜਿਓਤਿਰਮੋਈ ਸਿਕਦਾਰ ਨੇ ਬੈਂਕਾਕ1998 ਵਿਚ 800 ਅਤੇ 1500 ਮੀਟਰ ਵਿਚ ਦੋ ਸੋਨ ਤਗਮੇ ਤੇ 4×400 ਮੀਟਰ ਰੀਲੇਅ ਰੇਸ ਵਿਚ ਸਿਲਵਰ ਮੈਡਲ ਜਿੱਤ ਕੇ ਆਪਣਾ ਨਾਂ ਏਸ਼ਿਆਈ ਖੇਡਾਂ ਦੇ ਇਤਿਹਾਸ ਵਿਚ ਦਰਜ ਕਰਵਾਇਆ।

**ਮਨਜੀਤ ਕੌਰ** : ਪੰਜਾਬ ਪੁਲਿਸ ਵਿਚ ਡੀਐੱਸਪੀ ਦੇ ਅਹੁਦੇ 'ਤੇ ਤਾਇਨਾਤ ਦੌੜਾਕ ਮਨਜੀਤ ਕੌਰ ਨੂੰ ਦੋਹਾ-2006 ਦੀਆਂ ਏਸ਼ੀਅਨ ਖੇਡਾਂ ਵਿਚ 4×400 ਮੀਟਰ ਰੀਲੇਅ ਰੇਸ ਵਿਚ ਗੋਲਡ ਮੈਡਲ ਤੇ 400 ਮੀਟਰ ਵਿਚ ਸਿਲਵਰ ਮੈਡਲ ਹਾਸਲ ਹੋਇਆ। ਗੁਆਂਗਜ਼ੂ-2010 ਵਿਚ ਮਨਜੀਤ ਕੌਰ ਨੇ ਆਪਣੀਆਂ ਸਾਥਣ ਐਥਲੀਟਾਂ ਨਾਲ 4×400 ਮੀਟਰ ਰੀਲੇਅ ਰੇਸ ਵਿਚ ਸੋਨ ਤਗਮਾ ਹਾਸਲ ਕੀਤਾ।





**ਪੀਟੀ ਊਸ਼ਾ** : ਨਵੀਂ ਦਿੱਲੀ-1982 ਏਸ਼ੀਅਨ ਖੇਡਾਂ ਵਿਚ 100 ਮੀਟਰ ਵਿਚ ਸਿਲਵਰ ਮੈਡਲ ਜਿੱਤਣ ਵਾਲੀ ਪੀਟੀ ਉਸ਼ਾ ਨੇ 1986 ਦੀਆਂ ਸਿਓਲ ਏਸ਼ਿਆਈ ਖੇਡਾਂ ਵਿਚ 200, 400, 400 ਮੀਟਰ ਹਰਡਲਜ਼ ਤੇ 4×400 ਰੀਲੇਅ ਦੌੜ ਵਿਚ ਚਾਰ ਸੋਨ ਤਗਮੇ ਤੇ 100 ਮੀਟਰ ਦੌੜ ਵਿਚ ਚਾਂਦੀ ਦਾ ਤਗਮਾ ਜਿੱਤ ਕੇ ਏਸ਼ਿਆਈ ਐਥਲੈਟਿਕਸ ਹਲਕਿਆਂ ਵਿਚ ਤਹਿਲਕਾ ਮਚਾ ਦਿੱਤਾ। ਪੀਟੀ ਉਸ਼ਾ ਨੇ ਬੀਜਿੰਗ-1990 ਏਸ਼ੀਅਨ ਖੇਡਾਂ ਵਿਚ 400, 4×400 ਤੇ 4×100 ਮੀਟਰ ਰੀਲੇਅ ਦੌੜਾਂ ਵਿਚ ਤਿੰਨ ਚਾਂਦੀ ਦੇ ਤਗਮੇ ਹਾਸਲ ਕੀਤੇ। ਚੌਥੀ ਵਾਰ ਏਸ਼ਿਆਈ ਖੇਡਾਂ ਵਿਚ ਹਿੱਸਾ ਲੈਣ ਵਾਲੀ ਪੀਟੀ ਉਸ਼ਾ ਨੇ ਆਪਣੇ ਕਰੀਅਰ ਦੀ ਅੰਤਿਮ ਏਸ਼ਿਆਡ ਹੀਰੋਸ਼ਿਮਾ-1994 ਵਿਚ 4×100 ਮੀਟਰ ਰੀਲੇਅ ਰੇਸ਼ ਵਿਚ ਸਿਲਵਰ ਮੈਡਲ ਜਿੱਤ ਕੇ ਟਰੈਕ ਨੂੰ ਅਲਵਿਦਾ ਆਖ ਦਿੱਤੀ।

# *86 ਸਾਲਾ ਅੰਮ੍ਰਿਤਧਾਰੀ ਇੰਦਰ ਸਿੰਘ ਸਿੱਧੂ ਨੇ ਲਾਈ ਸੋਨ-ਤਮਗਿਆਂ ਦੀ ਝੜੀ*

**ਸ੍ਰੀ ਮੁਕਤਸਰ ਸਾਹਿਬ/ਮਾਲਵਿੰਦਰ ਤਿਓਣਾ ਪੁਜਾਰੀਆਂ**

ਕੋਈ ਸਮਾਂ ਸੀ ਜਦੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਰੱਤਾ ਟਿੱਬਾ ਦੇ ਲੋਕ ਬਾਬਾ ਇੰਦਰ ਸਿੰਘ ਸਿੱਧੂ ਦੇ ਪਰਿਵਾਰ ਨੂੰ ਮਖੌਲਾਂ ਕਰਦੇ ਸਨ ਕਿ ਤੁਹਾਡੇ ਬੁੱਢੇ ਦਾ ਦਿਮਾਗ਼ ਖ਼ਰਾਬ ਹੋ ਗਿਆ ਹੈ, ਜਿਹੜਾ ਸਵੇਰੇ ਸੜਕਾਂ 'ਤੇ ਭੱਜਿਆ ਫਿਰਦਾ ਹੈ। ਅੱਜ ਉਸੇ ਬਾਬੇ ਨੂੰ ਸਾਰਾ ਪਿੰਡ ਸਤਿਕਾਰ ਨਾਲ 'ਬਾਪੂ ਜੀ' ਕਹਿ ਕੇ ਬੁਲਾਉਂਦਾ ਹੈ ਕਿਉਂਕਿ ਉਹੀ ਬਾਬਾ ਹੁਣ ਅੰਤਰ-ਰਾਸ਼ਟਰੀ ਮਾਸਟਰ ਅਥਲੈਟਿਕ ਵਿਚ ਸੋਨ ਤ਼ਗਮੇ ਢੂੰਡ ਰਿਹਾ ਹੈ। ਇਨ੍ਹਾਂ ਪ੍ਰਾਪਤੀਆਂ ਕਾਰਨ ਜ਼ਿਲ੍ਹੇ ਦੇ ਉੱਚ- ਅਧਿਕਾਰੀ ਉਸ ਦਾ ਲਗਾਤਾਰ ਸਨਮਾਨ ਕਰ ਰਹੇ ਹਨ।

ਬਾਬਾ ਇੰਦਰ ਸਿੰਘ ਸਿੱਧੂ ਦੱਸਦਾ ਹੈ ਕਿ ਉਸ ਦਾ ਜਨਮ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਚੂਨੀ (ਹੁਣ ਪਾਕਿਸਤਾਨ) ਅਧੀਨ ਪੈਂਦੇ ਪਿੰਡ ਬੀਰਾ ਸਿੰਘ ਵਾਲਾ ਵਿਚ ਪਹਿਲੀ ਅਪਰੈਲ, 1932 ਨੂੰ ਮਾਤਾ ਜੁਆਲ ਕੌਰ ਤੇ ਪਿਤਾ ਜੰਗਾ ਸਿੰਘ ਦੇ ਘਰ ਹੋਇਆ ਸੀ। ਦੇਸ਼ ਦੀ ਵੰਡ ਸਮੇਂ ਉਹ ਡੀਏਵੀ ਹਾਈ ਸਕੂਲ ਕੋਟ ਰਾਧਾ ਕ੍ਰਿਸ਼ਨ ਉਪਰ ਕੱਚੀ ਕੋਠੀ ਵਿਖੇ ਅੱਠਵੀਂ ਕਲਾਸ ਵਿਚ ਪੜ੍ਹਦਾ ਸੀ। ਵੰਡ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਜ਼ਿਲ੍ਹਾ ਫ਼ਾਜ਼ਿਲਕਾ ਅਧੀਨ ਆਉਂਦੇ ਪਿੰਡ ਚੱਕ ਪੱਖ਼ੀ ਵਿਖੇ ਆਰਜ਼ੀ ਜ਼ਮੀਨ ਅਲਾਟ ਕੀਤੀ ਗਈ ਸੀ। ਸੰਨ 1950 ਵਿਚ ਉਨ੍ਹਾਂ ਨੂੰ ਰੱਤੇ ਖ਼ੇੜੇ ਜ਼ਮੀਨ ਦਿੱਤੀ ਗਈ। ਉਸ ਨੇ ਦਸਵੀਂ ਕਲਾਸ 1952 ਵਿਚ ਪਾਸ ਕੀਤੀ। ਉਨ੍ਹਾਂ ਸਕੂਲ ਪੱਧਰ ਤਕ ਹਾਕੀ ਵੀ ਖੇਡੀ। ਸੰਨ 2014 ਵਿਚ ਉਸ ਦੀ ਜ਼ਿੰਦਗੀ ਨੇ ਫਿਰ ਕਰਵਟ ਲਈ। ਉਸ ਨੂੰ ਮਲੋਟ ਵਸਦੇ ਮੁਖਤਿਆਰ ਸਿੰਘ ਨੇ ਪ੍ਰੇਰਿਤ ਕਰਕੇ ਜ਼ਿਲ੍ਹਾ ਸੰਗਰੂਰ ਦੇ ਮਸਤੂਆਣਾ ਸਾਹਿਬ ਵਿਖੇ ਹੋਣ ਵਾਲੀਆਂ ਮਾਸਟਰ ਅਥਲੈਟਿਕਸ ਖੇਡਾਂ ਵਿਚ ਭਾਗ ਲੈਣ ਲਈ ਕਿਹਾ। ਪਹਿਲੀ ਵਾਰ ਅੱਸੀ ਸਾਲਾ ਬਾਬੇ ਨੇ ਬਿਨਾਂ ਤਿਆਰੀ ਤੋਂ 100, 200 ਅਤੇ 400 ਮੀਟਰ ਦੌੜ ਵਿਚ ਸੋਨ ਤ਼ਗਮੇ ਜਿੱਤ ਲਏ। ਇਸ ਤੋਂ ਉਤਸ਼ਾਹਤ ਹੋ ਕੇ ਬਾਬਾ ਇੰਦਰ ਸਿੰਘ ਨੇ ਲਗਾਤਾਰ ਅਭਿਆਸ ਸ਼ੁਰੂ ਕੀਤਾ। ਸੰਨ 2015 ਦੌਰਾਨ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਵਿਚ 200 ਮੀਟਰ ਦੌੜ ਵਿੱਚੋਂ ਗੋਲਡ ਮੈਡਲ ਲੈ ਕੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ। ਇਸੇ ਤਰ੍ਹਾਂ ਇਲਾਹਾਬਾਦ ਵਿਚ 24 ਮਾਰਚ 2017 ਨੂੰ ਹੋਈ 38ਵੀ ਨੈਸ਼ਨਲ ਮਾਸਟਰਜ਼ ਅਥਲੈਟਿਕ ਚੈਂਪੀਅਨਸ਼ਿਪ ਦੀ 200 ਮੀਟਰ ਦੌੜ ਵਿਚ ਸੋਨੇ ਦਾ ਤ਼ਗਮਾ ਜਿੱਤਿਆ। ਬੀਤੇ ਸਾਲ ਮਸਤੂਆਣਾ ਸਾਹਿਬ ਦੇ ਸਟੇਡੀਅਮ ਵਿਚ ਬਾਬਾ ਇੰਦਰ ਸਿੰਘ ਸਿੱਧੂ ਨੇ ਲੰਬੀ ਛਾਲ ਅਤੇ 200 ਮੀਟਰ ਦੌੜ ਵਿਚ ਵੀ ਗੋਲਡ ਮੈਡਲ ਹੀ ਹਾਸਲ ਕੀਤਾ। ਇਸੇ ਤਰ੍ਹਾਂ ਹੀ ਇਸ ਸਾਲ 14 ਫਰਵਰੀ ਨੂੰ ਨਵੀਂ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਹੋਈ ਇੰਡੋ-ਬੰਗਲਾਦੇਸ਼ ਮਾਸਟਰਜ਼ ਅਥਲੈਟਿਕ ਮੀਟ ਵਿਚ ਵੀ ਬਾਬਾ ਇੰਦਰ ਸਿੰਘ ਨੇ ਜਿੱਤ ਦੇ ਝੰਡੇ ਗੱਡੇ ਅਤੇ 100, 400 ਮੀਟਰ ਰਿਲੇਅ ਦੌੜ ਵਿਚੋਂ 85 ਸਾਲ ਦੇ ਉਮਰ ਵਰਗ ਵਿਚ ਪਹਿਲਾ ਸਥਾਨ ਪ੍ਰਾਪਤ ਕਰਦਿਆਂ ਦੇਸ਼ ਦੀ ਝੋਲੀ ਗੋਲਡ ਮੈਡਲ ਪਾਇਆ। ਖ਼ੁਰਾਕ ਦੇ ਮਾਮਲੇ ਸਬੰਧੀ ਉਹ ਕਹਿੰਦਾ ਹੈ ਕਿ ਉਹ ਪੰਜ ਸੱਤ ਗਿਰੀਆਂ ਬਾਦਾਮ, ਕਾਲੇ ਛੋਲੇ ਭਿਉਂਕੇ ਖ਼ਾਂਦਾ ਹੈ ਅਤੇ ਦੁੱਧ-ਦਹੀਂ-ਲੱਸੀ ਵੱਧ ਮਾਤਰਾ ਵਿਚ ਲੈਂਦਾ ਹੈ। ਸਵੇਰੇ-ਸ਼ਾਮ ਦੋ-ਦੋ ਘੰਟੇ ਕਸਰਤ ਕਰਦਾ ਹੈ। ਉਹ ਸੁਨੇਹਾ ਦਿੰਦਾ ਹੈ ਕਿ ਪੰਜਾਬ ਸਰਕਾਰ ਸਕੂਲੀ ਪੱਧਰ 'ਤੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਪਾਵੇ ਅਤੇ ਉਨ੍ਹਾਂ ਲਈ ਵਧੀਆ ਖ਼ੁਰਾਕ ਦਾ ਪ੍ਰਬੰਧ ਕਰੇ। ਡੂੰਘਾ ਹਉਕਾ ਭਰ ਕੇ ਉਹ ਕਹਿੰਦਾ ਹੈ ਕਿ ਕਦੇ ਕੋਈ ਸਮਾਂ ਹੁੰਦਾ ਸੀ, ਜਦੋਂ ਪੰਜਾਬ ਦੀ ਖੇਡਾਂ ਵਿਚ ਝੰਡੀ ਹੁੰਦੀ ਸੀ, ਪਰ ਹੁਣ ਨਸ਼ਿਆਂ ਵਿਚ ਝੰਡੀ ਹੈ। ਹਰਿਆਣਾ ਭਾਵੇਂ ਪੰਜਾਬ ਨਾਲੋਂ ਕਿਤੇ ਛੋਟਾ ਹੈ, ਪਰ ਖੇਡਾਂ ਵਿਚ ਸਾਨੂੰ ਪਿੱਛੇ ਛੱਡ ਗਿਆ ਹੈ। ਬਾਬੇ ਨੂੰ ਆਪਣੇ ਪੋਤਰੇ ਧਰਮਿੰਦਰ ਸਿੰਘ 'ਤੇ ਵੀ ਬਹੁਤ ਮਾਣ ਹੈ, ਜੋ ਖੇਡਾਂ ਵਿਚ ਭਾਗ ਵੱਧ-ਚੜ੍ਹ ਕੇ ਭਾਗ ਲੈ ਰਿਹਾ ਹੈ।



# ਸਿੱਖ ਨੌਜਵਾਨ ਨੇ ਕੌਮਾਂਤਰੀ ਕੁਸ਼ਤੀ ਮੁਕਾਬਲਾ ਛੱਡਿਆ ਪਰ ਸਿਦਕ ਨਾ ਛੱਡਿਆ

**ਚੰਡੀਗੜ੍ਹ/ਬਿਊਰੋ ਨਿਊਜ਼** : ਪੰਜਾਬ ਦੇ ਸਿੱਖ ਗੱਭਰੂ ਨੂੰ ਅਪਣਾ 'ਪਟਕਾ' ਏਨਾ ਪਿਆਰਾ ਰਿਹਾ ਕਿ ਉਸ ਨੇ ਅੰਤਰਰਾਸ਼ਟਰੀ ਖੇਡ ਮੁਕਾਬਲੇ ਵਿਚ ਹਿਸਾ ਲੈਣ ਤੋਂ ਹੀ ਇਨਕਾਰ ਕਰ ਦਿੱਤਾ ਕਿਉਂਕਿ ਉਸ ਨੂੰ 'ਪਟਕਾ' ਲਾਹ ਕੇ ਕੁਸ਼ਤੀ ਕਰਨ ਲਈ ਕਿਹਾ ਗਿਆ ਸੀ। ਤਰਨਤਾਰਨ ਦੇ ਪਹਿਲਵਾਨ ਜਸਕੰਵਰਬੀਰ ਸਿੰਘ ਗਿੱਲ ਨੂੰ ਪਹਿਲੀ ਵਾਰ ਅੰਤਰਰਾਸ਼ਟਰੀ ਕੁਸ਼ਤੀ ਮੁਕਾਬਲੇ ਵਿਚ ਹਿਸਾ ਲੈਣ ਦਾ ਮੌਕਾ ਮਿਲਿਆ ਸੀ ਪਰ 'ਪਟਕਾ' ਉਸ ਦੇ ਰਾਹ ਦਾ ਅੜਿੱਕਾ ਬਣਾ ਦਿੱਤਾ ਗਿਆ। ਉਂਜ ਉਸ ਨੂੰ ਅਪਣੇ ਫ਼ੈਸਲੇ 'ਤੇ ਉੱਕਾ ਹੀ ਅਫ਼ਸੋਸ ਨਹੀਂ। ਇਹ ਮੁਕਾਬਲਾ ਪਿਛਲੀ 27 ਜੁਲਾਈ ਤੋਂ 29 ਜੁਲਾਈ ਵਿਚਕਾਰ ਇਸਤਾਂਬੁਲ, ਤੁਰਕੀ ਵਿਚ ਹੋਇਆ ਤੇ ਜਸਕੰਵਰਬੀਰ ਯਾਸਰ ਦੋਗੂ ਮੈਮੋਰੀਅਲ ਟੂਰਨਾਮੈਂਟ ਲਈ ਭਾਰਤੀ ਟੀਮ ਦਾ ਹਿਸਾ ਸੀ। ਮੁਕਾਬਲਾ ਯੂਨਾਈਟਿਡ ਵਰਲਡ ਰੈਸਲਿੰਗ (ਯੂਡਬਲਿਊਡਬਲਿਊ) ਨੇ ਕਰਵਾਇਆ ਸੀ। ਵਿਦੇਸ਼ ਮੰਤਰਾਲੇ ਨੇ ਇਸ ਘਟਨਾ ਦਾ ਨੋਟਿਸ ਲੈਂਦਿਆਂ ਤੁਰਕੀ ਦੇ ਭਾਰਤੀ ਸਫ਼ੀਰ ਕੋਲੋਂ ਰਿਪੋਰਟ ਮੰਗ ਲਈ ਹੈ। ਅੰਤਰਰਾਸ਼ਟਰੀ ਕੁਸ਼ਤੀ ਨਿਯਮਾਂ ਮੁਤਾਬਕ ਖਿਡਾਰੀਆਂ ਨੂੰ ਸਿਰ ਉਪਰ ਉਹੀ ਪਟਕਾ ਜਾਂ ਕੱਪੜਾ ਬੰਨ੍ਹਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਜਿਸ ਨਾਲ ਵਿਰੋਧੀ ਖਿਡਾਰੀ ਨੂੰ ਕੋਈ ਨੁਕਸਾਨ ਨਾ ਪੁੱਜੇ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਲੰਮੀ ਤੇ ਭਰਵੀਂ ਦਾਹੜੀ ਵਾਲਾ ਸਿੱਖ ਪਹਿਲਵਾਨ ਅੰਤਰਰਾਸ਼ਟਰੀ ਕੁਸ਼ਤੀ ਟੂਰਨਾਮੈਂਟ ਵਿਚ ਹਿਸਾ ਲੈ ਰਿਹਾ ਸੀ। ਜਸਕੰਵਰਬੀਰ ਨੂੰ ਕੌਮੀ ਖੇਡਾਂ ਵਿਚ ਸੋਨੇ ਅਤੇ ਚਾਂਦੀ ਦੇ ਤਮਗ਼ੇ ਮਿਲੇ ਹੋਏ ਹਨ। ਗਿੱਲ ਪੰਜਾਬ ਆਰਮਡ ਪੁਲਿਸ ਵਿਚ ਹੈ ਅਤੇ ਕੁਸ਼ਤੀ ਵਿਚ ਏਸ਼ੀਆਈ ਗੋਲਡ ਮੈਡਲਿਸਟ ਸਲਵਿੰਦਰ ਸਿੰਘ ਉਰਫ਼ ਸ਼ਿਦਾ ਪਹਿਲਵਾਨ ਦਾ ਪੁੱਤਰ ਹੈ। 15 ਜੁਲਾਈ 1993 ਨੂੰ ਜਨਮੇ ਗਿੱਲ ਨੇ 125 ਭਾਰ ਵਰਗ ਵਿਚ ਯੂਕਰੇਨ ਦੇ ਪਹਿਲਵਾਨ ਨਾਲ ਭਿੜਨਾ ਸੀ ਜਦੋਂ ਪ੍ਰਬੰਧਕਾਂ ਨੇ ਉਸ ਦੇ 'ਪਟਕੇ' ਉਤੇ ਇਤਰਾਜ਼ ਕਰ ਦਿਤਾ। ਗਿੱਲ ਤੋਂ ਇਲਾਵਾ ਭਾਰਤੀ ਟੀਮ ਦੇ ਵਫ਼ਦ ਨੇ ਪ੍ਰਬੰਧਕਾਂ ਨੂੰ ਬਹੁਤ ਬੇਨਤੀਆਂ ਕੀਤੀਆਂ ਕਿ ਉਸ ਨੂੰ ਘੁਲਣ ਦਿਤਾ ਜਾਵੇ ਪਰ ਪ੍ਰਬੰਧਕਾਂ 'ਤੇ ਕੋਈ ਅਸਰ ਨਾ ਹੋਇਆ। ਪ੍ਰਬੰਧਕਾਂ ਨੂੰ ਸਿੱਖ ਧਰਮ ਵਿਚ ਪੱਗ ਤੇ ਪਟਕੇ ਦੀ ਅਹਿਮੀਅਤ ਤੋਂ ਜਾਣੂੰ ਵੀ ਕਰਵਾਇਆ ਗਿਆ ਪਰ ਪ੍ਰਬੰਧਕ ਨਾ ਮੰਨੇ। ਗਿੱਲ ਦਾ ਕਹਿਣਾ ਹੈ, 'ਮੈਨੂੰ ਪਟਕਾ ਲਾਹੁਣ ਅਤੇ ਕੇਸ ਪਿੱਛੇ ਬੰਨ੍ਹਣ ਲਈ ਕਿਹਾ ਗਿਆ ਜਿਵੇਂ ਖਿਡਾਰਣਾਂ ਕਰਦੀਆਂ ਹਨ ਪਰ ਮੈਂ ਕਿਹਾ ਕਿ "ਮੈਨੂੰ ਟੂਰਨਾਮੈਂਟ ਵਿਚ ਨਾ ਖੇਡਣਾ ਮਨਜ਼ੂਰ ਹੈ, ਪਟਕਾ ਲਾਹੁਣਾ ਨਹੀਂ। ਮੈਨੂੰ ਅਪਣੇ ਫ਼ੈਸਲੇ 'ਤੇ ਕੋਈ ਅਫ਼ਸੋਸ ਨਹੀਂ ਹੈ"।



### ਅਣ-ਐਲਾਨੀ ਐਮਰਜੈਂਸੀ

# ਹਿਟਲਰ ਦਾ ਨਾਜ਼ੀਵਾਦ-ਮੁਸੋਲਿਨੀ ਦਾ ਫਾਸ਼ੀਵਾਦੀ-ਭਾਜਪਾ ਦਾ ਭਗਵਾਂਕਰਨ

**ਰਾਮ ਪੁਨਿਆਨੀ**

ਭਾਰਤ ਵਿਚ ਸੰਨ 1975 ਵਿਚ ਐਮਰਜੈਂਸੀ ਲਾਈ ਗਈ ਸੀ। ਲੰਘੇ ਜੂਨ ਮਹੀਨੇ ਵਿਚ ਇਸ ਦੀ 43ਵੀਂ ਵਰ੍ਹੇਗੰਢ ਲੰਘ ਕੇ ਗਈ



ਹੈ। ਭਾਜਪਾ ਵਲੋਂ ਇਸ ਮੌਕੇ ਇਸ ਦੀ ਸਖ਼ਤੀ ਨਾਲ ਨਿੰਦਾ ਕਰਦਿਆਂ ਅੱਧੇ-ਅੱਧੇ ਸਫ਼ੇ ਦੇ ਇਸ਼ਤਿਹਾਰ ਛਪਵਾਏ ਗਏ ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਐਮਰਜੈਂਸੀ ਇਕ ਪਰਿਵਾਰ ਦੀ ਸੱਤਾ ਨੂੰ ਬਚਾਉਣ ਲਈ ਲਾਈ ਗਈ ਸੀ। ਇਹ ਵੀ ਦਾਅਵੇ ਕੀਤੇ ਗਏ ਕਿ ਭਾਜਪਾ ਦੇ ਪਿਤਰੀ ਸੰਗਠਨ ਆਰਐਸਐਸ. ਨੇ ਐਮਰਜੈਂਸੀ ਖਿਲਾਫ਼ ਬਹਾਦਰੀ ਨਾਲ ਲੜਾਈ ਲੜੀ ਸੀ। ਹੈਰਾਨੀ ਵਾਲੀ ਗੱਲ ਇਹ ਰਹੀ ਕਿ ਭਾਰਤੀ ਰਾਜਨੀਤੀ ਵਿਚਲੇ ਹੋਰ ਵਰਗ ਜਿਵੇਂ ਕਿ ਅਕਾਲੀ ਦਲ, ਸੀਪੀਆਈ.(ਐਮ), ਸਮਾਜਵਾਦੀ ਤੇ ਬਾਗੀ ਕਾਂਗਰਸੀ ਧੜੇ (ਜਿਨ੍ਹਾਂ ਨੇ ਐਮਰਜੈਂਸੀ ਖਿਲਾਫ਼ ਲੜਾਈ ਲੜੀ ਸੀ) ਆਪਣੀ ਭੂਮਿਕਾ ਬਾਰੇ ਚੁੱਪ ਰਹੇ। ਜੇਤਲੀ ਤੇ ਹੋਰ ਭਾਜਪਾ ਆਗੂਆਂ ਤੋਂ ਇਲਾਵਾ ਬਹੁਤ ਸਾਰੇ ਹੋਰ ਲੋਕ ਵੀ ਐਮਰਜੈਂਸੀ ਤੇ ਇਸ ਦੌਰਾਨ ਹੋਈਆਂ ਵਧੀਕੀਆਂ ਦੀ ਤੁਲਨਾ ਹਿਟਲਰ ਦੇ ਨਾਜ਼ੀਵਾਦੀ ਨਿਜ਼ਾਮ ਦੌਰਾਨ ਹੋਈਆਂ ਵਧੀਕੀਆਂ ਨਾਲ ਕਰਦੇ ਰਹੇ ਹਨ।

ਇਹ ਸਹੀ ਹੈ ਕਿ ਐਮਰਜੈਂਸੀ ਦੇ ਸਮੇਂ ਦੌਰਾਨ ਲੋਕਤੰਤਰੀ ਆਜ਼ਾਦੀਆਂ ਦੀ ਗੰਭੀਰ ਉਲੰਘਣਾ ਹੋਈ ਸੀ ਪਰ ਜਰਮਨੀ ਦੇ ਹਿਟਲਰ ਤੇ ਇਟਲੀ ਦੇ ਮੁਸੋਲਿਨੀ ਦੇ ਫਾਸ਼ੀਵਾਦੀ ਨਿਜ਼ਾਮ ਨਾਲ ਇਸ ਦੀ ਸਮਾਨਤਾ ਇਥੇ ਹੀ ਖ਼ਤਮ ਹੋ ਜਾਂਦੀ ਹੈ। ਹਿਟਲਰ ਦੇ ਨਿਜ਼ਾਮ ਦਾ ਮੁੱਖ ਕਾਰਜ-ਢੰਗ ਭਾਵਨਾਵਾਂ ਨੂੰ ਭੜਕਾਉਣ ਦਾ ਤੇ ਨਸਲੀ ਘੱਟ-ਗਿਣਤੀ ਯਹੂਦੀਆਂ ਨੂੰ ਨਿਸ਼ਾਨਾ ਬਣਾ ਕੇ ਆਪਸੀ ਵੰਡ ਨੂੰ ਤਿੱਖਾ ਕਰਨ ਦਾ ਸੀ। ਉਸ ਦੇ ਨਿਜ਼ਾਮ ਦੇ ਹੋਰ ਮੁੱਖ ਲੱਛਣ ਇਹ ਸਨ ਕਿ ਵੱਡੇ ਵਪਾਰਕ ਘਰਾਣਿਆਂ ਦੇ ਹਿੱਤਾਂ ਨੂੰ ਅੱਗੇ ਵਧਾਇਆ ਜਾਂਦਾ ਸੀ ਤੇ ਕਿਰਤੀ ਵਰਗ ਦੇ ਹੱਕਾਂ ਨੂੰ ਦਬਾਇਆ ਜਾਂਦਾ ਸੀ। ਨਸਲੀ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣਾ ਉਸ ਨਿਜ਼ਾਮ ਦੀ ਨੀਤੀ ਕੇਂਦਰੀ ਸੀ ਤੇ ਉਸ ਦੀ ਰਣਨੀਤੀ ਦਾ ਸਭ ਤੋਂ ਸਾਜਿਸ਼ਪੂਰਨ ਹਿੱਸਾ ਸੀ। ਐਮਰਜੈਂਸੀ ਦੌਰਾਨ ਜੋ ਵਧੀਕੀਆਂ ਹੋਈਆਂ, ਉਹ ਕਿਸੇ ਘੱਟ-ਗਿਣਤੀ ਖਿਲਾਫ਼ ਸੇਧਿਤ ਨਹੀਂ ਸਨ। ਇਹ ਠੀਕ ਹੈ ਕਿ ਗ਼ਰੀਬ ਵਰਗ ਦੇ ਲੋਕਾਂ ਦੀ ਜਬਰੀ ਨਸਬੰਦੀ ਤੇ ਹੋਰ ਸਖ਼ਤੀਆਂ ਆਦਿ ਨੇ ਮੁਸਲਮਾਨਾਂ ਨੂੰ ਵੀ ਪ੍ਰਭਾਵਿਤ ਕੀਤਾ ਸੀ ਪਰ ਇਹ ਕਿਸੇ ਤਰ੍ਹਾਂ ਇਕੱਲੇ ਮੁਸਲਿਮ ਭਾਈਚਾਰੇ ਖਿਲਾਫ਼ ਸੇਧਿਤ ਨਹੀਂ ਸਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇੰਦਰਾ ਗਾਂਧੀ ਨੇ ਖ਼ੁਦ ਐਮਰਜੈਂਸੀ ਵਾਪਸ ਲਈ ਸੀ ਅਤੇ ਲੋਕਤੰਤਰੀ ਢੰਗ-ਤਰੀਕੇ ਨਾਲ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਸੀ। ਇਨ੍ਹਾਂ ਚੋਣਾਂ ਵਿਚ ਉਸ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਜਰਮਨੀ ਵਿਚ ਤਾਂ ਨਾਜ਼ੀਵਾਦ-ਫਾਸ਼ੀਵਾਦ ਨੇ ਜਰਮਨੀ ਨੂੰ ਹੀ ਤਬਾਹ ਕਰ ਦਿੱਤਾ ਸੀ।

ਐਮਰਜੈਂਸੀ ਬਾਰੇ ਬਹੁਤ ਕੁਝ ਕਿਹਾ ਜਾ ਚੁੱਕਾ ਹੈ ਪਰ ਐਮਰਜੈਂਸੀ ਦੇ ਸਮੇਂ ਦੌਰਾਨ ਆਰਐਸਐਸ. ਦੀ ਕੀ ਭੂਮਿਕਾ ਸੀ? ਇਹ ਦਾਅਵੇ ਕਲਪਿਤ ਹੀ ਹਨ ਕਿ ਆਰਐਸਐਸ. ਐਮਰਜੈਂਸੀ ਖਿਲਾਫ਼ ਲੜਨ ਵਾਲੀ ਕੇਂਦਰੀ ਤਾਕਤ ਸੀ। ਉੱਤਰ ਪ੍ਰਦੇਸ਼ ਅਤੇ ਸਿੱਕਮ ਦੇ ਰਾਜਪਾਲ ਰਹੇ ਟੀਵੀ. ਰਾਜੇਸ਼ਵਰ ਨੇ ਸੇਵਾ-ਮੁਕਤੀ ਤੋਂ ਬਾਅਦ 'ਇੰਡੀਆ : ਦ ਕਰੂਸ਼ੀਅਲ ਯੀਅਰਜ਼' ਨਾਂਅ ਦੀ ਕਿਤਾਬ ਲਿਖੀ ਸੀ। ਇਸ ਵਿਚ ਉਹ ਦੱਸਦੇ ਹਨ ਕਿ 'ਨਾ ਸਿਰਫ ਉਹ (ਆਰਐਸਐਸ. ਵਾਲੇ) ਐਮਰਜੈਂਸੀ ਦੇ ਸਮਰਥਕ ਸਨ ਸਗੋਂ ਉਹ ਇੰਦਰਾ ਗਾਂਧੀ ਤੋਂ ਇਲਾਵਾ ਸੰਜੇ ਗਾਂਧੀ ਨਾਲ ਵੀ ਸੰਪਰਕ ਸਥਾਪਿਤ ਕਰਨਾ ਚਾਹੁੰਦੇ ਸਨ।' ਰਾਜੇਸ਼ਵਰ ਨੇ ਕਰਨ ਥਾਪਰ ਨਾਲ ਇਕ ਇੰਟਰਵਿਊ ਵਿਚ ਇਹ ਵੀ ਖ਼ੁਲਾਸਾ ਕੀਤਾ ਕਿ 'ਦਿਉਰਸ ਨੇ ਚੁੱਪ-ਚੁਪੀਤੇ ਪ੍ਰਧਾਨ ਮੰਤਰੀ ਹਾਊਸ ਨਾਲ ਸੰਪਰਕ ਬਣਾਇਆ ਅਤੇ ਦੇਸ਼ ਵਿਚ ਕਾਨੂੰਨ ਵਿਵਸਥਾ ਲਾਗੂ ਕਰਨ ਲਈ ਚੁੱਕੇ ਗਏ ਕਈ ਕਦਮਾਂ ਪ੍ਰਤੀ ਮਜ਼ਬੂਤ ਹਮਾਇਤ ਜ਼ਾਹਰ ਕੀਤੀ ਸੀ। ਦਿਉਰਸ ਇੰਦਰਾ ਗਾਂਧੀ ਅਤੇ ਸੰਜੇ ਗਾਂਧੀ ਨੂੰ ਮਿਲਣਾ ਚਾਹੁੰਦੇ ਸਨ ਪਰ ਸ੍ਰੀਮਤੀ ਗਾਂਧੀ ਨੇ ਇਨਕਾਰ ਕਰ ਦਿੱਤਾ।' ਤੱਥ ਅਸਲ ਵਿਚ ਇਹ ਹੈ ਕਿ ਐਮਰਜੈਂਸੀ ਦੀਆਂ ਵਧੀਕੀਆਂ ਕਰਨ ਵਾਲਿਆਂ ਨੂੰ ਭਾਜਪਾ ਵਿਚੋਂ ਵਾਹਵਾ ਹਮਾਇਤ ਮਿਲੀ ਸੀ, ਕਿਉਂਕਿ ਭਾਜਪਾ ਜਨਤਾ ਪਾਰਟੀ ਨੂੰ ਛੱਡਣ ਵਾਲੇ ਜਨਸੰਘ ਵਿਚੋਂ ਹੀ ਹੋਂਦ ਵਿਚ ਆਈ ਸੀ। ਐਮਰਜੈਂਸੀ ਦੇ ਵਿਰੋਧ ਵਿਚ ਇਕ ਨਾਅਰਾ ਲਗਦਾ ਹੁੰਦਾ ਸੀ। 'ਆਪਾਤਕਾਲ ਕੇ ਤੀਨ ਦਲਾਲ-ਸੰਜੇ, ਵਿਦਿਆ, ਬੰਸੀ ਲਾਲ'। ਭਾਜਪਾ ਵਲੋਂ ਬਾਅਦ ਵਿਚ ਵਿਦਿਆ ਚਰਨ ਸ਼ੁਕਲਾ ਨੂੰ ਟਿਕਟ ਦਿੱਤੀ ਗਈ, ਬੰਸੀ ਲਾਲ ਨਾਲ ਮਿਲ ਕੇ ਹਰਿਆਣਾ ਵਿਚ ਸਰਕਾਰ ਬਣਾਈ ਗਈ ਤੇ ਸੰਜੇ ਦੀ ਪਤਨੀ ਮੇਨਕਾ ਗਾਂਧੀ ਨੂੰ ਕੇਂਦਰੀ ਵਜ਼ੀਰ ਬਣਾਇਆ ਗਿਆ, ਹਾਲਾਂ ਕਿ ਮੇਨਕਾ ਵਲੋਂ ਐਮਰਜੈਂਸੀ ਦੌਰਾਨ ਹੋਈਆਂ ਵਧੀਕੀਆਂ ਦੀ ਨਿੰਦਾ ਵੀ ਨਹੀਂ ਸੀ ਕੀਤੀ ਗਈ। ਅਸਲ ਵਿਚ ਜੋ ਕੁਝ ਮੋਦੀ ਰਾਜ ਦੌਰਾਨ ਅੱਜ ਹੋ ਰਿਹਾ ਹੈ, ਉਹ ਕਿਤੇ ਵਧੇਰੇ ਦਬਾਅ ਵਾਲਾ ਹੈ ਭਾਵੇਂ ਕਿ ਅੱਜ ਕੋਈ ਸਰਕਾਰੀ ਐਮਰਜੈਂਸੀ ਨਹੀਂ ਹੈ। ਬਹੁਤ ਸਾਰੇ ਲੋਕ ਇਸ ਨੂੰ ਅਣ-ਐਲਾਨੀ ਐਮਰਜੈਂਸੀ ਕਰਾਰ ਦਿੰਦੇ ਹਨ। ਐਮਰਜੈਂਸੀ ਦੀ ਸਖ਼ਤ ਆਲੋਚਕ ਰਹੀ ਨਯਨਤਾਰਾ ਸਹਿਗਲ ਦਾ ਕਹਿਣਾ ਹੈ ਕਿ '......... ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਅੱਜ ਇਕ ਅਣ-ਐਲਾਨੀ ਐਮਰਜੈਂਸੀ ਲੱਗੀ ਹੋਈ ਹੈ। ਪ੍ਰਗਟਾਵੇ ਦੀ ਆਜ਼ਾਦੀ 'ਤੇ ਵੱਡਾ ਅਤੇ ਵਿਆਪਕ ਹਮਲਾ ਵੇਖਣ ਨੂੰ ਮਿਲ ਰਿਹਾ ਹੈ। ਨਿਰਦੋਸ਼, ਬੇਵੱਸ ਭਾਰਤੀਆਂ ਦੇ ਕਤਲ ਹੋ ਰਹੇ ਹਨ, ਕਿਉਂਕਿ ਉਹ ਆਰਐਸਐਸ. ਦੇ ਭਾਰਤ ਬਾਰੇ ਦ੍ਰਿਸ਼ਟੀਕੋਣ ਵਿਚ ਸਹੀ ਨਹੀਂ ਬੈਠਦੇ।' ਉਹ ਅੱਗੇ ਲਿਖਦੇ ਹਨ ਕਿ 'ਗੌਰੀ ਲੰਕੇਸ਼ ਵਰਗੇ ਲੇਖਕਾਂ ਨੂੰ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਇਨਸਾਫ਼ ਨਹੀਂ ਮਿਲਿਆ। ਇਹ ਸਥਿਤੀ ਐਮਰਜੈਂਸੀ ਨਾਲੋਂ ਵੀ ਕਿਤੇ ਵਧੇਰੇ ਮਾੜੀ ਹੈ।' ਇਸੇ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਨਾਗਰਿਕ ਆਜ਼ਾਦੀਆਂ ਅਤੇ ਲੋਕਤੰਤਰੀ ਹੱਕਾਂ ਨੂੰ ਇਕ ਖ਼ਾਸ ਵਿਚਾਰਧਾਰਾ ਤੋਂ ਪ੍ਰੇਰਿਤ ਦੱਸਦਿਆਂ ਤੋਂ ਗੰਭੀਰ ਖ਼ਤਰਾ ਹੈ, ਜੋ ਹਿੰਦੂ ਰਾਸ਼ਟਰ ਲਈ ਕੰਮ ਕਰ ਰਹੇ ਹਨ। ਧਾਰਮਿਕ ਘੱਟ-ਗਿਣਤੀਆਂ ਖਿਲਾਫ਼ ਹਿੰਸਾ, ਡਰਾਉਣਾ-ਧਮਕਾਉਣਾ, ਗਊ ਮਾਸ, ਲਵ ਜੇਹਾਦ, ਘਰ ਵਾਪਸੀ ਆਦਿ ਦੇ ਨਾਂਅ 'ਤੇ ਕੁੱਟ-ਕੁੱਟ ਮਾਰਿਆ ਜਾਣਾ ਆਦਿ ਅਜੋਕੇ ਨਿਜ਼ਾਮ ਵਿਚ ਇਕ ਨਵੀਂ ਰਵਾਇਤ ਬਣ ਚੁੱਕਾ ਹੈ। ਇਹ ਸਿਲਸਿਲਾ ਨਾ ਸਿਰਫ ਨਿਰੰਕੁਸ਼ਵਾਦ ਤੋਂ ਅੱਗੇ ਲੰਘ ਚੁੱਕਾ ਹੈ, ਸਗੋਂ ਅਜਿਹੀ ਵੰਡ-ਪਾਊ ਰਾਜਨੀਤੀ ਤੱਕ ਪਹੁੰਚ ਗਿਆ ਹੈ ਜੋ ਘੱਟ-ਗਿਣਤੀਆਂ ਨੂੰ ਦੇਸ਼ ਵਿਚ ਦੂਜੇ ਦਰਜੇ ਦੇ ਨਾਗਰਿਕ ਬਣਾ ਕੇ ਰੱਖਣਾ ਚਾਹੁੰਦੀ ਹੈ। ਜਿਥੇ ਸਿਖ਼ਰਲੇ ਹਾਕਮ ਚੁੱਪ ਰਹਿੰਦੇ ਹਨ, ਉਥੇ ਜ਼ਮੀਨੀ ਪੱਧਰ ਦੇ ਦਸਤੇ ਆਪਣੇ ਏਜੰਡੇ ਨੂੰ ਲਗਾਤਾਰ ਅੱਗੇ ਵਧਾਉਣ ਲਈ ਯਤਨਸ਼ੀਲ ਹਨ।

# ਚੋਣਾਂ ਨੇੜੇ ਆਉਣ 'ਤੇ ਨੇਤਾ ਮੰਦਿਰਾਂ ਦੀ ਪਰਿਕਰਮਾ ਕਰਨ ਲੱਗੇ

## ਕਾਂਗਰਸੀ ਆਗੂ ਰਾਹੁਲ ਗਾਂਧੀ, ਕਮਲਨਾਥ, ਜਯੋਤਿਰਾਦਿੱਤਿਆ ਸਿੰਧੀਆ ਤੇ ਭਾਜਪਾ ਦੇ ਵਸੁੰਧਰਾ ਰਾਜੇ ਅਤੇ ਸ਼ਿਵਰਾਜ ਸਿੰਘ ਚੌਹਾਨ ਨੇ ਮੰਦਰ ਯਾਤਰਾਵਾਂ ਅਰੰਭੀਆਂ



**ਨਵੀਂ ਦਿੱਲੀ/ਬਿਊਰੋ ਨਿਊਜ਼** :ਭਾਰਤ ਵਿਚ ਇਸੇ ਸਾਲ ਦੇ ਅਖੀਰ ਵਿਚ ਹੋਣ ਵਾਲੀਆਂ 4 ਸੂਬਿਆਂ ਦੀਆਂ ਚੋਣਾਂ ਨੂੰ ਦੇਖਦਿਆਂ ਜਿੱਥੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਆਪਸੀ ਗੱਠਜੋੜਾਂ ਆਦਿ ਦੇ ਯਤਨ ਸ਼ੁਰੂ ਕਰ ਦਿੱਤੇ ਹਨ, ਉਥੇ ਹੀ ਮੰਦਰਾਂ ਆਦਿ ਵਿਚ ਉਹ ਦਰਸ਼ਨਾਂ ਲਈ ਵੀ ਜਾ ਰਹੇ ਹਨ। ਇਨ੍ਹਾਂ ਵਿਚ ਭਾਜਪਾ ਦੇ ਸ਼ਾਸਨ ਵਾਲੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀਆਂ ਚੋਣਾਂ ਸਭ ਤੋਂ ਅਹਿਮ ਹਨ, ਜਿਥੇ ਵਸੁੰਧਰਾ ਰਾਜੇ ਅਤੇ ਸ਼ਿਵਰਾਜ ਸਿੰਘ ਚੌਹਾਨ ਦੀ ਸਾਖ ਦਾਅ 'ਤੇ ਲੱਗੀ ਹੋਈ ਹੈ। ਦੋਹਾਂ ਹੀ ਸੂਬਿਆਂ ਵਿਚ ਭਾਜਪਾ ਨੇ ਆਪਣੀਆਂ ਸਰਕਾਰਾਂ ਬਚਾਉਣ ਲਈ ਅਤੇ ਕਾਂਗਰਸ ਨੇ ਭਾਜਪਾ ਤੋਂ ਸੱਤਾ ਖੋਹਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਦੋਹਾਂ ਹੀ ਪਾਰਟੀਆਂ ਦੇ ਚੋਟੀ ਦੇ ਨੇਤਾ ਧਾਰਮਿਕ ਅਸਥਾਨਾਂ ਦੀ ਯਾਤਰਾ ਕਰ ਕੇ ਲੋਕਾਂ ਵਿਚ ਆਪਣੀ ਪੈਠ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਆਪਣੀ 'ਜਨ ਸੰਵਾਦ



ਯਾਤਰਾ' ਦੇ ਸਿਲਸਿਲੇ ਵਿਚ 16 ਜੁਲਾਈ ਨੂੰ ਡੂੰਗਰਗੜ੍ਹ ਦੇ ਪ੍ਰਸਿੱਧ ਸ਼੍ਰੀਨਾਥ ਮੰਦਰ ਵਿਚ ਗਈ, ਜਿੱਥੇ ਉਨ੍ਹਾਂ ਨੇ 50 ਸੰਤਾਂ ਨੂੰ ਸ਼ਾਲ ਅਤੇ ਸ਼੍ਰੀਫਲ ਭੇਟ ਕਰ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ 'ਮਹਾਰੇ ਊਪਰ ਪੂਰੋ ਆਸ਼ੀਰਵਾਦ ਰਕਜੂ' ਕਹਿੰਦਿਆਂ ਉਨ੍ਹਾਂ ਤੋਂ ਆਸ਼ੀਰਵਾਦ ਮੰਗਿਆ। ਵਸੁੰਧਰਾ ਨੇ ਸੂਬੇ ਦੇ 16 ਜ਼ਿਲਿਆਂ ਵਿਚ 50 ਤੋਂ ਜ਼ਿਆਦਾ ਜਨ ਸੰਵਾਦ ਸਭਾਵਾਂ ਕੀਤੀਆਂ ਹਨ। ਇਸ ਦੌਰਾਨ ਉਹ ਹਰ ਜਗ੍ਹਾ ਘੱਟੋ-ਘੱਟ ਇਕ ਮੰਦਰ ਵਿਚ ਜ਼ਰੂਰ ਗਈ ਅਤੇ ਹੁਣ 4 ਅਗਸਤ ਨੂੰ ਉਨ੍ਹਾਂ ਨੇ ਚੋਣਾਂ ਵਿਚ ਪਿਛਲੀ ਸਫਲਤਾ ਦੁਹਰਾਉਣ ਲਈ ਰਾਜਸਮੰਦ ਵਿਖੇ ਭਗਵਾਨ ਵਿਸ਼ਨੂੰ ਨੂੰ ਸਮਰਪਿਤ ਚਾਰਭੁਜਾ ਮੰਦਰ ਤੋਂ 'ਰਾਜਸਥਾਨ ਗੌਰਵ ਯਾਤਰਾ' ਸ਼ੁਰੂ ਕੀਤੀ ਹੈ, ਜਿਸ ਦਾ ਉਦਘਾਟਨ ਅਮਿਤ ਸ਼ਾਹ ਨੇ ਕੀਤਾ।

ਰਾਜਸਥਾਨ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸਚਿਨ ਪਾਇਲਟ ਤੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਵੀ ਕੁਝ ਮਹੀਨਿਆਂ ਦੌਰਾਨ ਕਈ ਮੰਦਰਾਂ ਦੀ ਯਾਤਰਾ ਕੀਤੀ ਹੈ ਤੇ ਰਾਹੁਲ ਗਾਂਧੀ ਵੀ ਰਾਜਸਥਾਨ ਦੇ ਮੰਦਰਾਂ ਦੀ ਯਾਤਰਾ ਦੀ ਯੋਜਨਾ ਬਣਾ ਰਹੇ ਹਨ। ਢਾਈ ਮਹੀਨਿਆਂ ਦੀ ਪ੍ਰਚਾਰ ਮੁਹਿੰਮ ਦੌਰਾਨ ਰਾਹੁਲ ਗਾਂਧੀ 27 ਮੰਦਰਾਂ ਵਿਚ ਗਏ ਸਨ। ਅਸਲ ਵਿਚ ਰਾਹੁਲ ਗਾਂਧੀ ਤੋਂ ਲੈ ਕੇ ਅਮਿਤ ਸ਼ਾਹ, ਵਸੁੰਧਰਾ ਰਾਜੇ ਅਤੇ ਸ਼ਿਵਰਾਜ ਸਿੰਘ ਚੌਹਾਨ ਤਕ ਸਾਰਿਆਂ ਨੇ ਮੰਦਰਾਂ ਵਿਚ ਦਰਸ਼ਨਾਂ ਨੂੰ ਆਪਣੀਆਂ ਪ੍ਰਚਾਰ ਯਾਤਰਾਵਾਂ ਦਾ ਅਟੁੱਟ ਹਿੱਸਾ ਬਣਾ ਲਿਆ ਹੈ। ਇਨ੍ਹੀਂ ਦਿਨੀ ਚੌਹਾਨ ਦੀ 'ਜਨ ਆਸ਼ੀਰਵਾਦ ਯਾਤਰਾ' ਜਾਰੀ ਹੈ। ਆਪਣੀ ਇਸ ਪ੍ਰਚਾਰ ਮੁਹਿੰਮ ਦੌਰਾਨ ਉਹ ਉਸ ਖੇਤਰ ਦੇ ਸਭ ਤੋਂ ਅਹਿਮ ਮੰਦਰ ਵਿਚ ਜ਼ਰੂਰ ਜਾਂਦੇ ਹਨ ਤੇ ਉੱਜੈਨ ਦੇ ਮਹਾਕਾਲੇਸ਼ਵਰ ਮੰਦਰ ਵਿਚ ਬਹੁਤ ਆਸਥਾ ਰੱਖਦੇ ਹਨ।

ਰਾਹੁਲ ਗਾਂਧੀ ਇਸੇ ਮਹੀਨੇ ਸੀਕਰ ਵਿਚ ਸਥਿਤ ਖਾਟੂ ਸ਼ਿਆਮ ਜੀ ਮੰਦਰ ਤੋਂ ਆਪਣੀ ਪਾਰਟੀ ਦੀ ਰਾਜਸਥਾਨ ਚੋਣ ਮੁਹਿੰਮ ਸ਼ੁਰੂ ਕਰਨ ਵਾਲੇ ਹਨ, ਜਦ ਕਿ ਸਤੰਬਰ ਦੇ ਪਹਿਲੇ ਹਫਤੇ ਉਹ ਖੰਡਵਾ ਜ਼ਿਲੇ ਵਿਚ ਪੈਂਦੇ ਓਂਕਾਰੇਸ਼ਵਰ ਮੰਦਰ ਤੋਂ ਮੱਧ ਪ੍ਰਦੇਸ਼ ਵਿਚ ਚੋਣ ਮੁਹਿੰਮ ਦਾ ਸ਼੍ਰੀਗਣੇਸ਼ ਕਰਨਗੇ। ਕਾਂਗਰਸੀ ਨੇਤਾਵਾਂ ਵਿਚ ਵੀ ਮੱਧ ਪ੍ਰਦੇਸ਼ ਦੇ ਮੰਦਰ ਕਾਫੀ ਹਰਮਨਪਿਆਰੇ ਹਨ। ਹੁਣੇ ਜਿਹੇ ਕਾਂਗਰਸ ਦੇ ਸੂਬਾਈ ਪ੍ਰਧਾਨ ਕਮਲਨਾਥ ਤੇ ਚੋਣ ਪ੍ਰਚਾਰ ਕਮੇਟੀ ਦੇ ਮੁਖੀ ਜਯੋਤਿਰਾਦਿੱਤਿਆ ਸਿੰਧੀਆ ਸਮੇਤ ਕਈ ਨੇਤਾ ਇਥੇ ਦਰਸ਼ਨਾਂ ਲਈ ਆ ਚੁੱਕੇ ਹਨ। 1 ਮਈ ਨੂੰ ਕਾਂਗਰਸ ਦੇ ਸੂਬਾਈ ਪ੍ਰਧਾਨ ਦਾ ਅਹੁਦਾ ਸੰਭਾਲਣ ਤੋਂ ਅਗਲੇ ਹੀ ਦਿਨ ਕਮਲਨਾਥ ਮਹਾਕਾਲੇਸ਼ਵਰ ਮੰਦਰ ਵਿਚ ਗਏ ਅਤੇ ਵਾਪਸੀ ਮੌਕੇ ਦਤੀਆ ਦੇ ਪਿਤਾਂਬਰਾ ਸ਼ਕਤੀਪੀਠ ਵਿਚ ਵੀ ਉਨ੍ਹਾਂ ਨੇ ਮੱਥਾ ਟੇਕਿਆ। ਪਹਿਲੀ ਅਗਸਤ ਨੂੰ ਉਨ੍ਹਾਂ ਨੇ ਵਿੰਧ ਖੇਤਰ ਦਾ ਦੌਰਾ 'ਮਲਹਾਰ' ਵਿਚ ਸਥਿਤ ਮਾਂ ਸ਼ਾਰਦਾ ਮੰਦਰ ਤੋਂ ਸ਼ੁਰੂ ਕੀਤਾ। ਇਸੇ ਤਰ੍ਹਾਂ ਜਯੋਤਿਰਾਦਿੱਤਿਆ ਸਿੰਧੀਆ ਨੇ ਵੀ 11 ਮਈ ਨੂੰ ਆਪਣੀ ਇਕ ਹਫਤੇ ਤਕ ਚੱਲਣ ਵਾਲੀ 'ਪਰਿਵਰਤਨ ਯਾਤਰਾ' ਮਹਾਕਾਲ ਮੰਦਰ ਵਿਚ 2 ਘੰਟੇ ਚੱਲੀ ਪੂਜਾ ਤੋਂ ਬਾਅਦ ਸ਼ੁਰੂ ਕੀਤੀ ਅਤੇ ਧਾਰ, ਇੰਦੌਰ ਅਤੇ ਸੀਹੋਰ ਜ਼ਿਲਿਆਂ ਦੀ ਯਾਤਰਾ ਦੌਰਾਨ ਉਥੇ ਸਥਿਤ ਮੰਦਰਾਂ ਵਿਚ ਵੀ ਗਏ।

ਮੱਧ ਪ੍ਰਦੇਸ਼ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਜੈ ਸਿੰਘ ਨੇ ਕਾਂਗਰਸ ਦੇ ਸੂਬਾਈ ਪ੍ਰਧਾਨ ਅਰੁਣ ਯਾਦਵ ਨਾਲ ਆਪਣੀ 'ਨਿਆਏ ਯਾਤਰਾ' ਦਾ ਦੂਜਾ ਪੜਾਅ ਚਿੱਤਰਕੂਟ ਵਿਚ ਭਗਵਾਨ ਰਾਮ ਨੂੰ ਸਮਰਪਿਤ ਕਾਮਤਾਨਾਥ ਮੰਦਰ ਵਿਚ ਦਰਸ਼ਨਾਂ ਤੋਂ ਬਾਅਦ ਸ਼ੁਰੂ ਕੀਤਾ ਸੀ। ਉਕਤ ਦ੍ਰਿਸ਼ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ ਜਦੋਂ ਵੀ ਕੋਈ ਮੁਸ਼ਕਲ ਜਾਂ ਇਮਤਿਹਾਨ ਦੀ ਘੜੀ ਆਉਂਦੀ ਹੈ ਤਾਂ ਨੇਤਾ ਵੀ ਆਮ ਲੋਕਾਂ ਵਾਂਗ ਭਗਵਾਨ ਦੀ ਪਨਾਹ ਵਿਚ ਜਾਣਾ ਹੀ ਬਿਹਤਰ ਮੰਨਦੇ ਹਨ।

# ਗਊ ਕਰ ਵਸੂਲਣ 'ਤੇ ਵੀ ਆਵਾਰਾ ਪਸ਼ੂ ਪੰਜਾਬੀਆਂ ਲਈ ਸਿਰਦਰਦੀ ਬਣੇ

## *ਕਿਸਾਨਾਂ ਦੀਆਂ ਫਸਲਾਂ ਉਜਾੜ ਰਹੀਆਂ ਨੇ ਆਵਾਰਾ ਗਊਆਂ ਤੇ ਸਾਨ੍ਹ*

**ਜਲੰਧਰ/ਨਿਊਜ਼** : ਪਸ਼ੂਆਂ ਦੀ ਸੰਭਾਲ ਦੇ ਨਾਂਅ 'ਤੇ ਬਿਜਲੀ ਤੋਂ ਇਲਾਵਾ ਹੋਰ ਵੀ ਵਸਤਾਂ 'ਤੇ ਕਰੋੜਾਂ ਰੁਪਏ ਦਾ ਗਊ ਕਰ ਵਸੂਲਣ ਦੇ ਬਾਵਜੂਦ ਰਾਜ ਵਿਚ ਪਸ਼ੂਆਂ ਦੀ ਸੰਭਾਲ ਨਹੀਂ ਹੋ ਰਹੀ ਹੈ ਤੇ ਅਜੇ ਵੀ 1 ਲੱਖ ਤੋਂ ਜ਼ਿਆਦਾ ਆਵਾਰਾ ਪਸ਼ੂ ਸੜਕਾਂ 'ਤੇ ਹਨ ਜਿਸ ਨਾਲ ਨਾ ਸਿਰਫ਼ ਕਿਸਾਨਾਂ ਦੀਆਂ ਹਰ ਸਾਲ 200 ਤੋਂ ਲੈ ਕੇ 300 ਕਰੋੜ ਰੁਪਏ ਮੁੱਲ ਦੀਆਂ ਫ਼ਸਲਾਂ ਖ਼ਰਾਬ ਹੋ ਜਾਂਦੀਆਂ ਹਨ ਸਗੋਂ ਸੈਂਕੜੇ ਲੋਕ ਹੀ ਹਰ ਸਾਲ ਇਨ੍ਹਾਂ ਪਸ਼ੂਆਂ ਕਰਕੇ ਜਾਨਾਂ ਗੁਆ ਲੈਂਦੇ ਸਨ।



ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਵਿਚ ਹੀ ਆਵਾਰਾ ਗਊਆਂ ਦੀ ਸੰਭਾਲ ਲਈ ਅਲੱਗ ਕਰ ਲਾਗੂ ਕੀਤਾ ਗਿਆ ਸੀ ਜਿਸ ਵਿਚ ਬਿਜਲੀ ਦੇ ਬਿੱਲਾਂ ਵਿਚ ਖਪਤਕਾਰਾਂ ਤੋਂ 2 ਪੈਸੇ ਪ੍ਰਤੀ ਯੂਨਿਟ, ਸੀਮੈਂਟ ਦੀ ਇਕ ਬੋਰੀ ਤੋਂ ਇਕ ਰੁਪਏ, ਅੰਗਰੇਜ਼ੀ ਸ਼ਰਾਬ ਦੀ ਬੋਤਲ 'ਤੇ 10 ਰੁਪਏ ਤੇ ਦੇਸੀ ਸ਼ਰਾਬ ਦੀ ਬੋਤਲ ਦੀ ਵਿੱਕਰੀ 'ਤੇ 5 ਰੁਪਏ, ਕਾਰ ਦੀ ਵਿੱਕਰੀ 'ਤੇ 1000 ਰੁਪਏ ਸਕੂਟਰ ਦੀ ਵਿੱਕਰੀ 'ਤੇ 500 ਰੁਪਏ, ਏ. ਸੀ. ਮੈਰਿਜ ਪੈਲੇਸ ਵਿਚ ਸਮਾਗਮ 'ਤੇ 1000 ਰੁਪਏ ਗਊ ਕਰ, ਬਿਨਾਂ ਏ.ਸੀ. ਵਾਲੇ ਮੈਰਿਜ ਪੈਲੇਸ ਵਿਚ ਤੋਂ 500 ਰੁਪਏ ਅਤੇ ਇਕ ਤੇਲ ਟੈਂਕਰ ਤੋਂ 100 ਰੁਪਏ ਗਊ ਕਰ ਲਾਗੂ ਕੀਤਾ ਗਿਆ। ਲੋਕਾਂ ਵਲੋਂ ਇਸ ਕਰ ਦੀ ਅਦਾਇਗੀ ਕਰਨ ਦੇ ਬਾਵਜੂਦ ਗਊਸ਼ਾਲਾ ਨੂੰ ਸਮੇਂ ਸਿਰ ਫ਼ੰਡ ਨਹੀਂ ਦਿੱਤਾ ਜਾਂਦਾ ਜਦਕਿ ਕੁਝ ਸਮੇਂ ਪਹਿਲਾਂ ਵੀ ਇਸ ਦਾ ਖ਼ੁਲਾਸਾ ਹੋਇਆ ਸੀ ਕਿ ਇਸ ਫ਼ੰਡ ਦੀ ਵਸੂਲੀ ਲਈ ਵਿਭਾਗ ਗੰਭੀਰਤਾ ਨਹੀਂ ਦਿਖਾ ਰਹੇ ਹਨ ਤੇ ਪਾਵਰਕਾਮ ਵਰਗੇ ਹੋਰ ਵਿਭਾਗਾਂ ਨੇ ਜੇਕਰ ਗਊ ਕਰ ਲੋਕਾਂ ਤੋਂ ਵਸੂਲ ਕਰ ਲਿਆ ਹੈ ਤਾਂ ਉਹ ਆਵਾਰਾ ਪਸ਼ੂਆਂ ਦੀ ਸੰਭਾਲ ਲਈ ਗਊਸ਼ਾਲਾ ਨੂੰ ਫ਼ੰਡ ਕਿਉਂ ਨਹੀਂ ਭੇਜਦੇ ਹਨ। ਰਾਜ ਵਿਚ 772 ਦੇ ਕਰੀਬ ਗਊਸ਼ਾਲਾ ਹਨ, ਜਿਨ੍ਹਾਂ ਵਿਚ ਪਸ਼ੂਆਂ ਦੀ ਸੰਭਾਲ ਲਈ ਫ਼ੰਡਾਂ ਦੀ ਘਾਟ ਹੋ ਰਹੀ ਹੈ। ਗਊ ਸੇਵਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਕੀਮਤੀ ਲਾਲ ਭਗਤ ਨੇ ਦੱਸਿਆ ਇਹ ਸਚਾਈ ਹੈ ਕਿ ਚਾਹੇ ਸਰਕਾਰੀ ਵਿਭਾਗ ਕਰੋੜਾਂ ਰੁਪਏ ਦੀ ਵਸੂਲੀ ਗਊ ਕਰ ਦੇ ਰੂਪ ਵਿਚ ਲੋਕਾਂ ਤੋਂ ਵਸੂਲ ਕਰ ਲੈਂਦੇ ਹਨ ਪਰ ਸਮੇਂ ਸਿਰ ਗਊਸ਼ਾਲਾ ਨੂੰ ਇਹ ਵਸੂਲ ਕੀਤਾ ਗਿਆ ਫ਼ੰਡ ਨਹੀਂ ਭੇਜਦੇ ਹਨ ਜਿਸ ਕਰਕੇ ਕਈ ਗਊਸ਼ਾਲਾਵਾਂ ਵਿਚ ਤਾਂ ਚਾਰੇ ਦੀ ਘਾਟ ਪੈਦਾ ਹੋ ਗਈ ਹੈ।

# ਬਾਬਾ ਨਾਨਕ ਅਤੇ ਰਾਇ ਬੁਲਾਰ ਖ਼ਾਨ ਸਾਹਿਬ ...!

**ਗੁਰਜੰਟ ਕਲਸੀ**

ਰਾਏ ਬੁਲਾਰ ਦੇ ਵਾਰਿਸਾਂ ਨੇ ਜ਼ਮੀਨ ਦੇ ਲਾਲਚ ਵਿਚ ਅਦਾਲਤ ਵਿਚ ਮੁਕੱਦਮਾ ਕਰ ਦਿੱਤਾ ਕਿ ਸਾਡੇ ਬਜ਼ੁਰਗ ਰਾਏ ਬੁਲਾਰ ਦਾ ਦਿਮਾਗ ਉਦੋਂ ਸਹੀ ਨਹੀ ਸੀ ਜਦ ਉਸ ਨੇ ਆਪਣੀ ਅੱਧੀ ਜ਼ਮੀਨ ਗੁਰੂ ਨਾਨਕ ਸਾਹਿਬ ਦੇ ਨਾਂ ਲਗਵਾਈ ਸੀ ਤੇ ਹੁਣ ਉਹ ਪੈਲੀ ਸਾਨੂੰ ਮਿਲਣੀ ਚਾਹੀਦੀ ਹੈ। ਇਸ ਮਗਰੋਂ ਜੋ ਕੁਝ ਹੋਇਆ, ਉਹ ਜਾਨਣ ਲਈ ਇਹ ਲੇਖ ਪੜ੍ਹੋ।



ਰਾਇ ਬੁਲਾਰ ਖ਼ਾਨ ਸਾਹਿਬ ਨਾਲ ਗੁਰੂ ਨਾਨਕ ਦੇਵ ਜੀ ਦੀ ਇੱਕ ਸਾਂਝ ਦਾ ਜ਼ਿਕਰ ਸਾਡੀਆਂ ਸਾਖੀਆਂ ਵਿਚ ਨਹੀਂ ਆਉਂਦਾ। ਵੱਡੀ ਘਟਨਾ ਵਾਪਰੀ ਪਰ ਸਾਖੀਆਂ ਵਿਚ ਦਰਜ ਨਹੀਂ ਕੀਤੀ ਗਈ। ਇਹ ਸਾਖੀ ਮੈਨੂੰ ਗੁਰੂ ਨਾਨਕ ਗੌਰਮਿੰਟ ਡਿਗਰੀ ਕਾਲਜ ਨਨਕਾਣਾ ਸਾਹਿਬ ਦੇ ਠੇਕੇਦਾਰ ਨੇ ਸੁਣਾਈ।

ਹੋਇਆ ਇੰਜ ਕਿ 10 ਅਪਰੈਲ 1993 ਨੂੰ ਨਨਕਾਣਾ ਸਾਹਿਬ ਮੱਥਾ ਟੇਕਿਆ, ਕੀਰਤਨ ਸੁਣਿਆ ਤੇ ਲੰਗਰ ਛਕਿਆ। ਸੋਚਿਆ ਕਿ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਮਿਲਾਂ, ਗੱਲਾਂ ਕਰਾਂ।

ਕਾਲਜ ਤਾਂ ਹੋਣਾ ਨਹੀਂ ਇੱਥੇ, ਸਕੂਲ ਹੋਏਗਾ। ਕਿਸੇ ਮਾਸਟਰ ਨੂੰ ਮਿਲੀਏ। ਪੁਲੀਸ ਅਫ਼ਸਰ ਨੂੰ ਦੱਸਿਆ ਕਿ ਮੈਂ ਪ੍ਰੋਫੈਸਰ ਹਾਂ। ਕਿਸੇ ਪ੍ਰੋਫ਼ੈਸਰ ਜਾਂ ਮਾਸਟਰ ਨੂੰ ਮਿਲਣਾ ਚਾਹੁੰਦਾ ਹਾਂ। ਡੀਐੱਸਪੀ. ਨੇ ਦੱਸਿਆ,ਕਿ "ਅਹਿ ਇਧਰ ਦੋ ਕੁ ਫਰਲਾਂਗ 'ਤੇ ਕਾਲਜ ਹੈ, ਚਲੇ ਜਾਓ।" ਤੁਰਦਾ ਗਿਆ। ਅੱਗੇ ਗੇਟ ਆ ਗਿਆ। ਅੰਗਰੇਜ਼ੀ ਅਤੇ ਉਰਦੂ ਅੱਖਰਾਂ ਵਿਚ ਲਿਖਿਆ ਹੋਇਆ ਸੀ, "ਗੁਰੂ ਨਾਨਕ ਗੌਰਮਿੰਟ ਡਿਗਰੀ ਕਾਲਜ ਨਨਕਾਣਾ ਸਾਹਿਬ"। ਅੰਦਰ ਲੰਘਿਆ, ਕੋਈ ਦਿਸਿਆ ਨਹੀਂ। ਚੌਕੀਦਾਰ ਨੇ ਸਲਾਮਾਲੇਕਮ ਆਖਿਆ ਤੇ ਕਿਹਾ, "ਜੀ ਖਿਦਮਤ?"

ਮੈਂਕਿਹਾ, "ਕੋਈ ਪ੍ਰੋਫ਼ੈਸਰ ਹੈ?"

ਉਸ ਨੇ ਕਿਹਾ, "ਹਨ, ਇਮਤਿਹਾਨ ਹੋ ਰਹੇ ਹਨ। ਡਿਊਟੀਆਂ 'ਤੇ ਹਨ। ਕੰਮ ਹੈ ਤਾਂ ਜਿਸ ਨੂੰ ਕਹੋ ਬੁਲਾ ਲਿਆਉਂਦਾ ਹਾਂ।"

ਮੈਂ ਕਿਹਾ,"ਕੰਮ ਤਾਂ ਕੋਈ ਨਹੀਂ। ਘੰਟੇ ਨੂੰ ਫੇਰ ਆ ਜਾਵਾਂਗਾ ਪੰਜ ਵਜੇ।" ਵਾਪਸ ਤੁਰ ਪਿਆ।

ਸਾਢੇ ਛੇ ਫੁੱਟ ਲੰਮਾ 65-70 ਸਾਲ ਦਾ ਬਜ਼ੁਰਗ ਸਲਵਾਰ ਕਮੀਜ਼ ਦਸਤਾਰ ਪਹਿਨੀ ਮੇਰੇ ਵੱਲ ਤੇਜ਼ੀ ਨਾਲ ਆਇਆ, "ਸਰਦਾਰ ਜੀ ਸਤਿ ਸ੍ਰੀ ਅਕਾਲ। ਪਰਤ ਕਿਉਂ ਚਲੇ? ਮੈਂ ਤੁਹਾਨੂੰ ਦੇਖਿਆ ਤਾਂ ਲੇਬਰ ਨੂੰ ਛੁੱਟੀ ਦੇ ਦਿੱਤੀ। ਮੈਂ ਠੇਕੇਦਾਰ ਹਾਂ। ਮੁੰਡਿਆਂ ਲਈ ਹੋਸਟਲ ਬਣਾ ਰਿਹਾ ਹਾਂ। ਆਉ ਇਧਰ ਬੈਠੀਏ। ਗੱਲਾਂ ਕਰਾਂਗੇ।" ਦੋ-ਤਿੰਨ ਕੁਰਸੀਆਂ ਮੰਗਵਾ ਲਈਆਂ। ਕੋਈ ਮਜ਼ਦੂਰ ਛੁੱਟੀ ਕਰਕੇ ਘਰ ਨਹੀਂ ਗਿਆ, ਸਾਰੇ ਸਾਡੇ ਇਰਦ-ਗਿਰਦ ਜ਼ਮੀਨ ਉਪਰ ਬੈਠ ਗਏ। ਗੱਲਾਂ ਦੌਰਾਨ ਮੈਂ ਪੁੱਛਿਆ, "ਗੁਰਦੁਆਰਾ ਸਾਹਿਬ ਦੇ ਨਾਮ ਕਿੰਨੀ ਜ਼ਮੀਨ ਹੈ ਇੱਥੇ?"

ਉਸ ਨੇ ਕਿਹਾ, "ਜੀ ਕਿਉਂ ਪੁੱਛੀ ਇਹ ਗੱਲ? ਰਹਿਣ-ਸਹਿਣ ਖਾਣ-ਪੀਣ ਵਿਚ ਕੋਈ ਦਿੱਕਤ ਆਈ?"

ਮੈਂ ਕਿਹਾ, "ਨਹੀਂ। ਕੋਈ ਕਮੀ ਨਹੀਂ ਰਹੀ। ਇਹ ਮੇਰੇ ਬਾਬੇ ਦਾ ਜਨਮ ਅਸਥਾਨ ਹੈ ਨਾ। ਇਸ ਵਾਸਤੇ ਕੀ ਮੇਰਾ ਫ਼ਿਕਰਮੰਦ ਹੋਣ ਦਾ ਹੱਕ ਨਹੀਂ?"

ਉਸ ਨੇ ਕਿਹਾ,"ਬਿਲਕੁਲ ਨਹੀਂ। ਫ਼ਿਕਰ ਕਰਨ ਦਾ ਹੱਕ ਵੱਡਿਆਂ ਦਾ ਹੈ। ਸਾਡਾ ਤੁਹਾਡਾ ਹੱਕ ਬੰਦਗੀ ਕਰਨ ਦਾ ਹੈ। ਹਜ਼ਰਤ ਬਾਬਾ ਨਾਨਕ ਅਲਹਿ ਸਲਾਮ ਸਾਡਾ ਫ਼ਿਕਰ ਕਰਦਾ ਹੈ।"

ਮੈਂ ਕਿਹਾ, "ਦਰੁੱਸਤ। ਅੱਛਾ ਇਹ ਦੱਸੋ ਕਿ ਜਾਣਨ ਦਾ ਹੱਕ ਤਾਂ ਹੈ?"

ਉਸ ਨੇ ਕਿਹਾ,"ਹਾਂ, ਜਾਣਨ ਦਾ ਹੱਕ ਹੈ। ਸਾਢੇ ਸੱਤ ਸੌ ਮੁਰੱਬਾ ਜ਼ਮੀਨ ਗੁਰਦੁਆਰੇ ਦੇ ਨਾਮ ਹੈ।"

ਮੈਂ ਫਿਰ ਪੁੱਛਿਆ, "ਕੀ ਮਹਾਰਾਜਾ ਰਣਜੀਤ ਸਿੰਘ ਨੇ ਲੁਆਈ ਸੀ ਇਹ ਜ਼ਮੀਨ?"

ਠੇਕੇਦਾਰ ਨੇ ਕਿਹਾ, "ਬਿਲਕੁਲ ਨਹੀਂ। ਇੰਨੀ ਜ਼ਮੀਨ ਕਿਸੇ ਗੁਰਦੁਆਰੇ ਦੇ ਨਾਮ ਮਹਾਰਾਜੇ ਨੇ ਨਹੀਂ ਲੁਆਈ। ਇਹ ਸਾਡੇ ਭੱਟੀਆਂ ਦੇ ਸਰਦਾਰ ਨੇ ਲੁਆਈ ਸੀ।"

ਮੈਂ ਫਿਰ ਪੁੱਛਿਆ, "ਭੱਟੀਆਂ ਦਾ ਸਰਦਾਰ ਕੌਣ?"

ਉਸ ਨੇ ਕਿਹਾ, "ਭੱਟੀਆਂ ਦੇ ਸਰਦਾਰ ਨੂੰ ਨਹੀਂ ਜਾਣਦੇ? ਇੱਥੇ ਪੰਜਾਹ ਪਿੰਡਾਂ ਵਿਚ ਬੱਚੇ-ਬੱਚੇ ਨੂੰ ਉਸ ਦਾ ਤੇ ਬਾਬੇ ਦੇ ਨਾਮ ਦਾ ਪਤਾ ਹੈ। ਉਸ ਦਾ ਨਾਮ ਸੀ ਰਾਇ ਬੁਲਾਰ ਖ਼ਾਨ ਸਾਹਿਬ। ਇੱਥੇ ਬੜੇ ਪਿੰਡ ਹਨ ਜੀ ਭੱਟੀਆਂ ਦੇ। ਤੁਸਾਂ ਨਹੀਂ ਸਰਦਾਰ ਦਾ ਨਾਮ ਸੁਣਿਆ?"

ਮੈਂ ਕਿਹਾ, "ਇਸ ਸਰਦਾਰ ਦਾ ਨਾਮ ਤਾਂ ਸਾਡੇ ਕਣ-ਕਣ ਵਿਚ ਰਸਿਆ ਹੋਇਆ ਹੈ ਭਰਾ ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਰਾਇ ਸਾਹਿਬ ਭੱਟੀ ਸਨ।"

ਠੇਕੇਦਾਰ ਨੇ ਕਿਹਾ, "ਜੀ ਅਸੀਂ ਭੱਟੀ, ਆਮ ਨਹੀਂ ਹਾਂ। ਮੈਂ ਵੀ ਭੱਟੀ ਹਾਂ। ਸਾਰਿਆਂ ਜਹਾਨਾਂ ਦੇ ਮਾਲਕ ਗੁਰੂ ਬਾਬੇ ਨੂੰ ਸਭ ਤੋਂ ਪਹਿਲਾਂ ਸਾਡੇ ਸਰਦਾਰ ਨੇ ਪਛਾਣਿਆ ਸੀ।

ਇਕ ਕੋਹਿਨੂਰ ਦੀ ਸ਼ਨਾਖਤ ਕਰ ਲਈ ਸੀ....! ਭੱਟੀ ਸਰਦਾਰ ਨੇ ਉਦੋਂ ਹੀ, ਜਦੋਂ ਉਹ ਬਚਪਨ ਵਿਚ ਸੀ। ਹੁਣ ਸੁਣੋ ਜ਼ਮੀਨ ਦੇਣ ਦੀ ਗੱਲ।

ਰਾਇ ਬੁਲਾਰ ਖ਼ਾਨ ਪੰਦਰਾਂ ਸੌ ਮੁਰੱਬਿਆਂ ਦਾ ਤਕੜਾ ਰਈਸ ਅਤੇ ਖ਼ੁਦਦਾਰ ਇਨਸਾਨ ਸੀ ਪਰ ਸੀ ਨੇਕੀ ਦਾ ਮੁਜੱਸਮਾ। ਬਾਬਾ ਜੀ ਦਾ ਕਦਰਦਾਨ ਸੀ ਪੂਰਾ। ਉਸ ਦੀ ਉਮਰ ਚਾਲੀਆਂ ਤੋਂ ਟੱਪ ਚੱਲੀ ਪਰ ਔਲਾਦ ਨਹੀਂ ਸੀ। ਘੋੜੇ 'ਤੇ ਸਵਾਰ ਹੋ ਕੇ ਮੁਰੱਬਿਆਂ ਦਾ ਦੌਰਾ ਕਰਨ ਗਿਆ।

ਗੁਰੂ ਬਾਬੇ ਦੀ ਉਮਰ 12-13 ਸਾਲ ਸੀ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਸਾਹਿਬ ਘੋੜੇ ਤੋਂ ਉਤਰੇ। ਜੋੜੇ ਉਤਾਰੇ। ਬਾਬਾ ਜੀ ਦੇ ਨਜ਼ਦੀਕ ਹੱਥ ਜੋੜ ਕੇ ਖਲੋ ਗਏ ਤੇ ਕਿਹਾ- "ਬਾਬਾ ਮੇਰੀ ਮੁਰਾਦ ਪੂਰੀ ਕਰ।"

ਜੀ ਕਦੀ ਬਾਲ ਘਰ ਵਿਚ ਖੇਡੇ, ਇਹ ਮੁਰਾਦ ਮਨ ਵਿਚ ਲੈ ਕੇ ਅਰਜ਼ ਗੁਜ਼ਾਰਨ ਗਏ ਸਨ। ਬਾਬਾ ਜੀ ਨੇ ਅਸੀਸਾਂ ਦਿੱਤੀਆਂ ਅਤੇ ਕਿਹਾ- "ਰਾਇ ਤੁਸਾਂ ਦੀ ਮੁਰਾਦ ਪੂਰੀ ਹੋਈ, ਸ਼ੱਕ ਨਾ ਕਰਨਾ।"

ਸਾਲ ਬਾਅਦ ਰਾਇ ਸਾਹਿਬ ਦੇ ਘਰ ਬੇਟੇ ਦਾ ਜਨਮ ਹੋਇਆ। ਸਰਦਾਰ ਏਨਾ ਖ਼ੁਸ਼ ਕਿ ਬੜੀ ਵੱਡੀ ਦਾਅਵਤ ਦਿੱਤੀ। ਜੀ ਨਵਾਬ ਦੌਲਤ ਖ਼ਾਨ ਸਾਹਿਬ ਖ਼ੁਦ ਆਏ ਸਨ ਇਸ ਜਸ਼ਨ ਵਿਚ ਸ਼ਿਰਕਤ ਕਰਨ। ਪਿੰਡਾਂ ਦੇ ਪਿੰਡ ਆਣ ਉਤਰੇ ਸਨ। ਇਸ ਭਾਰੀ ਇਕੱਠ ਵਿੱਚ ਸ਼ੁਕਰਾਨਾ ਕਰਨ ਮਗਰੋਂ ਰਾਇ ਸਾਹਿਬ ਨੇ ਆਪਣੀ ਅੱਧੀ ਜ਼ਮੀਨ ਹਜ਼ਰਤ ਬਾਬਾ ਨਾਨਕ ਦੇ ਨਾਮ ਇੰਤਕਾਲ ਤਬਦੀਲ ਕਰ ਦੇਣ ਦਾ ਐਲਾਨ ਕੀਤਾ। ਸੋ ਉਦੋਂ ਸਾਢੇ ਸੱਤ ਸੌ ਮੁਰੱਬੇ ਬਾਬਾ ਜੀ ਦੇ ਨਾਮ ਹੋਏ ਜੋ ਹੁਣ ਤਕ ਤੁਰੇ ਆਂਵਦੇ ਹਨ। ਸਾਡੇ ਖਿਆਲ ਵਿਚ ਇਹ ਗੱਲ ਆਈ, ਪਈ ਮਾਲਕ ਅਸੀਂ, ਕਾਬਜ਼ ਅਸੀਂ, ਕਾਸ਼ਤਕਾਰ ਅਸੀਂ ਪਰ ਨਾਮ ਸਾਡਾ ਮਾਲ ਰਿਕਾਰਡ ਵਿਚ ਬੋਲਦਾ ਨਹੀਂ। ਅਸੀਂ ਇਸ ਜ਼ਮੀਨ ਉਪਰ ਕਬਜ਼ੇ ਪੁਸ਼ਤਾਂ ਤੋਂ ਕੀਤੇ ਹੋਏ ਹਨ। ਸੌ ਕੁ ਕਿੱਲੇ ਜ਼ਮੀਨ ਬਚੀ ਹੋਈ ਹੈ ਗੁਰਦਵਾਰੇ ਦੇ ਕਬਜ਼ੇ ਵਿਚ। ਬਾਕੀ ਦੀ ਭੱਟੀ ਵਾਹੁੰਦੇ ਬੀਜਦੇ ਹਨ। ਅਸੀਂ ਸ਼ੇਖੁਪੁਰੇ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ ਕਿ ਪਿਛਲੀ ਉਮਰੇ ਸਾਡੇ ਬਜ਼ੁਰਗਾਂ ਦੇ ਬਜ਼ੁਰਗ ਰਾਇ ਬੁਲਾਰ ਸਾਹਿਬ ਦਾ ਦਿਮਾਗ਼ ਹਿੱਲ ਗਿਆ ਸੀ। ਉਸ ਨੇ ਅੱਧੀ ਜ਼ਮੀਨ ਇਕ ਫ਼ਕੀਰ ਨਾਨਕ ਦੇ ਨਾਮ ਕਰਵਾ ਦਿੱਤੀ ਪਰ ਉਸ ਦੇ ਹੱਕਦਾਰ ਅਸੀਂ ਹਾਂ। ਕਾਬਜ਼ ਕਾਸ਼ਤਕਾਰ ਵੀ ਖ਼ੁਦ ਹਾਂ। ਸਾਡੇ ਨਾਮ ਇੰਤਕਾਲ ਤਬਦੀਲ ਹੋਵੇ। ਲਉ ਜੀ ਤਲਬੀਆਂ, ਇਤਲਾਹਾਂ, ਰਿਕਾਰਡ, ਬਹਿਸਾਂ ਸਭ ਹੋ ਗਈਆਂ। ਚਾਰ ਸਾਲ ਮੁਕੱਦਮੇ ਦੀ ਕਾਰਵਾਈ ਚੱਲੀ। ਫ਼ੈਸਲੇ ਦੀ ਤਰੀਕ ਆਈ ਤਾਂ ਫ਼ੈਸਲਾ ਸਾਡੇ ਖ਼ਿਲਾਫ਼। ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਸੀਂ ਲਾਹੌਰ ਹਾਈਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ।

ਤਿੰਨ ਚਾਰ ਸਾਲ ਉਥੇ ਸੁਣਵਾਈ ਹੁੰਦੀ ਰਹੀ। ਜਜਮੈਂਟ ਹੋਈ, ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਪੀਲ ਖਾਰਜ ਦਾਖ਼ਲ ਦਫ਼ਤਰ। ਅਸੀਂ ਜੀ ਸੁਪਰੀਮ ਕੋਰਟ ਇਸਲਾਮਾਬਾਦ ਅਪੀਲ ਦਾਇਰ ਕੀਤੀ। ਤਿੰਨ ਸਾਲ ਸੁਣਵਾਈ ਹੋਈ। ਅਖ਼ੀਰ ਜਦੋਂ ਫ਼ੈਸਲਾ ਸੁਣਾਉਣ ਦਾ ਵਕਤ ਆਇਆ ਤਾਂ ਬੈਂਚ ਨੇ ਕਿਹਾ- "ਆਪਣੇ ਪੰਜ ਚਾਰ ਮੁਹਤਬਰ ਬੰਦੇ ਲੈ ਕੇ ਆਉਣਾ। ਵਕੀਲਾਂ ਨੂੰ ਨਹੀਂ ਲਿਆਉਣਾ। ਕੋਈ ਜ਼ਰੂਰੀ ਗੱਲ ਕਰਨੀ ਹੈ।" ਅਸੀਂ ਪੁੱਛਿਆ, "ਜੀ ਕੀ ਗੱਲ ਕਰਨੀ ਹੈ, ਰਤਾ ਦੱਸੋ ਤਾਂ ਕਿ ਤਿਆਰੀ ਕਰਕੇ ਆਈਏ। ਆਪਸ ਵਿਚ ਸਲਾਹ ਜੋ ਕਰਨੀ ਹੋਈ। ਸਾਂਝਾ ਕੰਮ ਹੈ।" ਜੱਜਾਂ ਨੇ ਕਿਹਾ- "ਤੁਸੀਂ ਇਹ ਮੁਕੱਦਮਾ ਕਰਕੇ ਚੰਗਾ ਕੰਮ ਨਹੀਂ ਕੀਤਾ। ਇਹ ਦੱਸਣਾ ਹੈ।" ਮਹੀਨਾ ਤਾਰੀਕ ਪਾ ਦਿੱਤੀ।

ਪਿੰਡਾਂ ਦੇ ਆਪਣੇ-ਆਪਣੇ ਇਕੱਠ ਹੋਏ। ਫਿਰ ਸਾਂਝੇ ਇਕੱਠ ਹੋਏ। ਅੱਠ ਬੰਦੇ ਚੁਣੇ ਗਏ ਜਿਹੜੇ ਬੈਂਚ ਨਾਲ ਗੱਲ ਕਰਨ ਅਦਾਲਤ ਜਾਣਗੇ। ਤਰੀਕ ਆ ਗਈ। ਸੈਂਕੜੇ ਬੰਦੇ ਅਦਾਲਤ ਦੇ ਬਾਹਰ ਪੁੱਜ ਗਏ। ਸਾਡੀ ਵਾਰੀ ਆਈ ਤਾਂ ਅੰਦਰ ਦਾਖ਼ਲ ਹੋਏ। ਇੱਕ ਮੈਂ ਵੀ ਸਾਂ। ਜੱਜਾਂ ਨੇ ਇੱਕ ਘੰਟੇ ਲਈ ਅਦਾਲਤ ਮੁਲਤਵੀ ਕਰ ਦਿੱਤੀ। ਸਾਨੂੰ ਪਿਛਲੇ ਕਮਰੇ ਵਿਚ ਲੈ ਗਏ। ਚਾਹ ਪਾਣੀ ਮੰਗਵਾ ਲਿਆ। ਫਿਰ ਗੱਲ ਤੋਰੀ। ਜੱਜ ਸਾਹਿਬਾਨ ਨੇ ਕਿਹਾ- "ਅਸੀਂ ਬੜੀ ਬਾਰੀਕੀ ਨਾਲ ਕੇਸ ਦੇਖਿਆ ਹੈ। ਤੁਸੀਂ ਗਲਤ ਕੰਮ ਛੇੜ ਬੈਠੇ। ਜਿਨ੍ਹਾਂ ਫ਼ਕੀਰਾਂ ਉਪਰ ਮੁਕੱਦਮੇ ਦਾਇਰ ਕੀਤੇ ਉਨ੍ਹਾਂ ਤੋਂ ਮੁਰਾਦਾਂ ਮੰਗਦੇ ਤਾਂ ਠੀਕ ਸੀ। ਉਹ ਨੇਕਬਖ਼ਤ ਇਨਸਾਨ ਜਿਨ੍ਹਾਂ ਦੀ ਬਦੌਲਤ ਤੁਸੀਂ ਦੁਨੀਆ ਦੀ ਰੌਸ਼ਨੀ ਦੇਖੀ, ਤੁਸੀਂ ਉਨ੍ਹਾਂ ਉਪਰ ਮੁਕੱਦਮੇ ਕੀਤੇ, ਦਿਮਾਗ਼ ਹੱਲ ਜਾਣ ਵਰਗੇ ਬਦ ਇਲਜ਼ਾਮ ਲਾਏ। ਸਰਦਾਰ ਰਾਇ ਬੁਲਾਰ ਖ਼ਾਨ ਸਾਹਿਬ ਦਾ ਦਿਮਾਗ਼ ਅੱਧਾ ਤਾਂ ਕਾਇਮ ਰਿਹਾ ਜੋ ਅੱਧੀ ਜ਼ਮੀਨ ਬਚਾ ਲਈ। ਜਿਸ ਫ਼ਕੀਰ ਦੇ ਨਾਮ ਅੱਧੀ ਜ਼ਮੀਨ ਦਾ ਇੰਤਕਾਲ ਕਰਵਾਇਆ, ਉਸ ਨੇ ਕਦੇ ਇਸ ਜ਼ਮੀਨ ਵੱਲ ਦੇਖਿਆ ਭੀ ਨਹੀਂ। ਉਸ ਦੀ ਔਲਾਦ ਨੇ ਇਸ ਉਪਰ ਹੱਕ ਨਹੀਂ ਜਮਾਇਆ। ਸਿੱਖਾਂ ਨੇ ਕਦੀ ਨਾ ਇਹ ਜ਼ਮੀਨ ਰੋਕੀ, ਨਾ ਦਾਅਵੇ ਅਦਾਲਤਾਂ ਵਿਚ ਕੀਤੇ।

ਤੁਸੀਂ ਇਸ ਉਪਰ ਪੁਸ਼ਤਾਂ ਤੋਂ ਕਬਜ਼ੇ ਕੀਤੇ ਹੋਏ ਹਨ, ਹੁਣ ਅਦਾਲਤਾਂ ਵਿਚ ਦਾਅਵੇ ਕੀਤੇ।

ਦਸ ਬਾਰਾਂ ਸਾਲਾਂ ਤੋਂ ਤੁਸੀਂ ਵੱਡਿਆਂ ਦੀ ਬੇਅਦਬੀ ਕਰਦੇ ਆਏ ਹੋ, ਕਿਸੇ ਨੇ ਅਕਲ ਨਹੀਂ ਦਿੱਤੀ ਕਿ ਗੁਨਾਹ ਨਾ ਕਰੋ? ਜ਼ਮੀਨ ਤੋਂ ਵਧੀਕ ਉਹ ਤੁਹਾਨੂੰ ਪਿਆਰ ਕਰਦੇ ਸਨ। ਤੁਸੀਂ ਉਨ੍ਹਾਂ ਦਰਵੇਸ਼ਾਂ ਨੂੰ ਨਫ਼ਰਤ ਕਰਦੇ ਹੋ ਤੇ ਜ਼ਮੀਨ ਨਾਲ ਪਿਆਰ ਪਾ ਲਿਆ। ਤੁਹਾਡੇ ਕੋਲ ਹੀ ਰਹੇਗੀ ਜ਼ਮੀਨ। ਮੁਕੱਦਮਾ ਨਾ ਕਰਦੇ ਤਾਂ ਠੀਕ ਹੁੰਦਾ।

ਅਸੀਂ ਕਿਹਾ, "ਜੀ ਜ਼ਮੀਨ ਸਾਡੇ ਈ ਕਬਜ਼ੇ ਵਿਚ ਹੈ ਪਰ ਰਿਕਾਰਡ ਮਾਲ ਵਿਚ ਸਾਡਾ ਨਾਮ ਨਹੀਂ।"

ਜੱਜਾਂ ਨੇ ਕਿਹਾ- "ਨਾਮ ਨਹੀਂ ਰਹੇਗਾ। ਨਾ ਤੁਹਾਡਾ ਨਾ ਸਾਡਾ। ਨਾਮ ਰਹੇਗਾ ਅੱਲਾਹ ਪਰਵਰਦਗਾਰ ਦਾ। ਨਾਮ ਰਹੇਗਾ ਉਸ ਦੀ ਬੰਦਗੀ

ਬਾਕੀ ਸਫ਼ਾ 28 'ਤੇ

# ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ

**ਅਰਮਿੰਦਰ ਸਿੰਘ**

ਸ਼ਹੀਦ ਭਾਈ ਤਾਰਾ ਸਿੰਘ ਜੀ ਡੱਲ-ਵਾਂ ਦਾ ਜਨਮ 1694 ਈਸਵੀਂ ਵਿਚ ਪਿਤਾ ਭਾਈ ਗੁਰਦਾਸ ਸਿੰਘ ਜੀ ਦੇ ਘਰ ਪਿੰਡ 'ਵਾਂ', ਜਿਲ੍ਹਾ ਲਾਹੌਰ (ਹੁਣ ਅੰਮ੍ਰਿਤਸਰ) ਵਿਖੇ ਹੋਇਆ। ਆਪ ਆਪਣੇ ਚਾਰਾਂ ਭਾਈਆਂ - ਭਾਈ ਭਾਗ ਸਿੰਘ ਜੀ, ਭਾਈ ਸੰਗਤ ਸਿੰਘ ਜੀ, ਭਾਈ ਨਥੂ ਸਿੰਘ ਜੀ ਤੇ ਭਾਈ ਕਥੂ ਸਿੰਘ ਜੀ ਨਾਲੋਂ ਵੱਡੇ ਸੀ। ਆਪ ਦੇ ਦਾਦਾ ਜੀ ਦਾ ਨਾਂਅ 'ਚਘਾਂ' ਜੀ ਸੀ ਤੇ 'ਚਘਾਂ' ਜੀ ਦੇ ਵਡੇਰੇ ਪਿੰਡ ਈਚੋਗਿਲ ਉਤਾੜ ਦੇ ਰਹਿਣ ਵਾਲੇ ਸਨ, ਪਰ ਇਹ ਆਪਣਾ ਪਿੰਡ ਛੱਡ ਕੇ ਪਿੰਡ 'ਵਾਂ' ਆ ਕੇ ਵੱਸ ਗਏ ਸਨ। 'ਚਘਾਂ' ਜੀ ਸਾਹਿਬ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਅਨਿੰਨ ਸੇਵਕ ਸ਼ਰਧਾਲੂ ਸਨ। 'ਚਘਾਂ' ਜੀ ਦੇ ਘਰ ਮਾਹੀ, ਜੈਤਾ ਤੇ ਗੁਰਦਾਸ ਤਿੰਨ ਪੁੱਤਰ ਪੈਦਾ ਹੋਏ ਸਨ। ਭਾਈ ਗੁਰਦਾਸ ਸਿੰਘ ਜੀ ਸਬ ਤੋਂ ਛੋਟੇ ਸਨ। ਭਾਈ ਗੁਰਦਾਸ ਸਿੰਘ ਜੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤ ਪਾਨ ਕਰ ਸਿੰਘ ਸਜ ਗਏ ਸਨ। ਜਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਾਲੇ ਪਾਸੇ ਚਲੇ ਗਏ ਸਨ ਤਾਂ ਆਪ ਜੀ ਦੇ ਪਿਤਾ ਜੀ ਆਪਣੇ ਪਿੰਡ ਆ ਕੇ ਜੱਟਾਂ ਦਾ ਕੰਮ ਵਾਹੀ ਖੇਤੀ ਕਰਨ ਲੱਗ ਪਏ ਸਨ। ਫ਼ਿਰ ਜਦ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਪੰਜਾਬ ਵੱਲ ਕੂਚ ਕੀਤਾ ਤਾਂ ਪਤਾ ਲੱਗਣ ਤੇ ਭਾਈ ਗੁਰਦਾਸ ਸਿੰਘ ਜੀ ਨੇ ਵੀ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਯੁੱਧਾਂ ਵਿੱਚ ਹਿੱਸਾ ਲਿਆ ਸੀ।

ਸੰਨ 1697 ਵਿੱਚ ਹਰਜੀ ਸੋਢੀ ਦੀ ਮੌਤ ਮਗਰੋਂ ਉਸ ਦੇ ਪੁੱਤਰ ਗੁਰੂ ਕਾ ਚੱਕ (ਅੰਮ੍ਰਿਤਸਰ) ਛੱਡ ਕੇ ਚਲੇ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੰਘਾਂ ਨਾਲ ਅੰਮ੍ਰਿਤਸਰ ਦਾ ਇੰਚਾਰਜ ਬਣਾ ਕੇ ਭੇਜਿਆ। ਭਾਈ ਮਨੀ ਸਿੰਘ ਜੀ 2 ਮਈ, 1698 ਦੇ ਦਿਨ ਅੰਮ੍ਰਿਤਸਰ ਪੁੱਜੇ ਤੇ 3 ਮਈ ਨੂੰ ਦਰਬਾਰ ਸਾਹਿਬ ਚ ਨੀਲਾ ਨਿਸ਼ਾਨ ਸਾਹਿਬ ਝੁਲਾ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਇਸ ਤੋਂ ਬਾਅਦ ਭਾਈ ਮਨੀ ਸਿੰਘ ਜੀ, ਅੰਮ੍ਰਿਤਸਰ ਹੀ ਰਹਿਣ ਲੱਗ ਪਏ ਸੀ। ਹੁਣ ਅੰਮ੍ਰਿਤਸਰ ਵਿਖੇ ਸੰਗਤਾਂ ਮੁੜ ਆਉਣ ਲੱਗ ਪਈਆਂ ਸਨ ਅਤੇ ਕੁਝ ਸਮੇਂ ਬਾਅਦ ਹੀ ਭਾਈ ਤਾਰਾ ਸਿੰਘ ਜੀ ਡੱਲ-ਵਾਂ ਵੀਂ ਭਾਈ ਮਨੀ ਸਿੰਘ ਜੀ ਦੇ ਜੱਥੇ ਤੋਂ ਅੰਮ੍ਰਿਤ ਪਾਨ ਕਰ ਸਿੰਘ ਸਜ ਗਏ। ਆਪ ਆਪਣੇ ਵਡੇਰਿਆਂ ਦੀ ਤਰ੍ਹਾਂ ਹੀ ਚੜ੍ਹਦੀ ਕਲਾ ਵਾਲ਼ੇ, ਪੂਰਨ ਰਹਿਤਵਾਨ ਤੇ ਤਿਆਰ-ਬਰ-ਤਿਆਰ ਸਿੰਘ ਸਨ। ਆਪ ਹਰ ਵੇਲ਼ੇ ਪਾਠ ਕਰਦੇ ਰਹਿੰਦੇ, ਗੁਰਬਾਣੀ ਨਾਲ਼ ਆਪ ਨੂੰ ਇਸ਼ਕ ਸੀ ਅਤੇ ਚਿਹਰੇ 'ਤੇ ਨਾਮ ਦਾ ਨੂਰ ਝਲਕਦਾ ਸੀ। ਨਿੱਕੀ ਉਮਰੇ ਹੀ ਆਪ ਨੂੰ ਮੌਤ ਦਾ ਜ਼ਰਾ ਖ਼ੌਫ਼ ਨਹੀਂ ਸੀ ਅਤੇ ਹਰ ਵੇਲ਼ੇ ਮੈਦਾਨ-ਏ-ਜੰਗ ਵਿਚ ਆਪਣੇ ਜੌਹਰ ਵਿਖਾਉਣ ਲਈ ਤਿਆਰ ਰਹਿੰਦੇ ਸਨ।

ਸੰਨ 1697 ਚ ਭਾਵੇਂ ਮੀਣੇ ਅੰਮ੍ਰਿਤਸਰ ਚੋਂ ਜਾ ਚੁੱਕੇ ਸਨ ਪਰ ਉਹਨਾਂ ਦਾ ਇੱਕ ਮੁਖਤਿਆਰ ਚੂਹੜ ਮੱਲ ਅਜੇ ਵੀਂ ਉੱਥੇ ਹੀ ਸੀ। 29 ਮਾਰਚ 1709 ਈਸਵੀ, ਵਿਸਾਖੀ ਦੇ ਦਿਨਾਂ ਵਿਚ ਇਸ ਚੂਹੜ ਮੱਲ ਨੇ ਗੁਰੂਦਵਾਰੇ ਦੀ ਜਮੀਨ ਵਿੱਚੋਂ ਕੁਝ ਤੂਤਾਂ ਦੇ ਦਰੱਖਤ ਕਟਵਾ ਲਏ। ਸਿੰਘਾਂ ਨੇ ਉਸ ਨੂੰ ਇਸ ਦਾ ਮੁੱਲ ਤਾਰਨ ਵਾਸਤੇ ਆਖਿਆ ਪਰ ਉਹ ਆਕੜ ਗਿਆ ਤੇ ਧਮਕੀਆਂ ਦੇਣ ਲੱਗ ਪਿਆ। ਇਸ 'ਤੇ ਸਿੰਘਾਂ ਨੇ ਉਸ ਦੀ ਸੇਵਾ ਕਰ ਦਿੱਤੀ। ਉਹ ਸੜਿਆ-ਬਲਿਆ ਲਾਹੌਰ ਦਰਬਾਰ ਜਾ ਹਾਜ਼ਰ ਹੋਇਆ। ਪਹਿਲਾਂ ਤਾਂ ਲਾਹੌਰ ਦਰਬਾਰ ਨੇ ਉਸ ਦੀ ਪ੍ਰਵਾਹ ਨਾ ਕੀਤੀ ਪਰ ਅਖੀਰ ਉਸ ਵਲ਼ੋਂ ਵਾਰ-ਵਾਰ ਅਰਜ਼ੋਈਆਂ ਕਰਨ 'ਤੇ ਲਾਹੌਰ ਦੇ ਨਾਇਬ ਸੂਬੇਦਾਰ ਨੇ ਪੱਟੀ ਦੇ ਚੌਧਰੀ ਹਰ ਸਹਾਇ ਨੂੰ ਗੁਰੂ ਕਾ ਚੱਕ 'ਤੇ ਹਮਲਾ ਕਰਨ ਲਈ ਆਖ ਦਿੱਤਾ।ਹਰ ਸਹਾਇ ਨੇ 6 ਅਪ੍ਰੈਲ ਨੂੰ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਸਿੰਘਾਂ ਨੇ ਵੀਂ ਭਾਈ ਮਨੀ ਸਿੰਘ ਜੀ ਅਤੇ ਭਾਈ ਤਾਰਾ ਸਿੰਘ ਜੀ ਡੱਲ-ਵਾਂ ਦੀ ਅਗਵਾਈ ਵਿਚ ਪੱਟੀ ਦੀ ਫ਼ੌਜ ਦੇ



ਖ਼ੂਬ ਆਹੂ ਲਾਹੇ। ਅੰਤ ਨੂੰ ਭਾਈ ਤਾਰਾ ਸਿੰਘ ਜੀ ਡੱਲ-ਵਾਂ ਨੇ ਹਰ ਸਹਾਇ ਨੂੰ ਪਾਰ ਬੁਲਾ ਦਿੱਤਾ। ਇਸ ਮਗਰੋਂ ਚੂਹੜ ਮੱਲ 12 ਅਪ੍ਰੈਲ ਨੂੰ ਦੇਵਾ ਨਾਂ ਦੇ ਚੌਧਰੀ ਦੀ ਕਮਾਨ ਹੇਠ ਫ਼ੌਜ ਲੈ ਆਇਆ। ਸਿੰਘਾਂ ਨੇ ਇਸ ਫ਼ੌਜ ਨੂੰ ਵੀ ਬੁਰੀ ਤਰ੍ਹਾਂ ਪਛਾੜਿਆ।

ਆਪ ਘਰ ਵਾਹੀ-ਖੇਤੀ ਦਾ ਕੰਮ ਕਰਦੇ ਸਨ। ਪਿੰਡ 'ਵਾਂ' ਵਿਖੇ ਆਪ ਨੇ ਇੱਕ ਬੁੰਗਾ ਕਾਇਮ ਕੀਤਾ, ਜਿੱਥੇ ਆਪ ਆਉਂਦੇ ਜਾਂਦੇ ਮੁਸਾਫ਼ਰਾਂ ਅਤੇ ਸਿੰਘਾਂ ਨੂੰ ਪਨਾਹ ਦਿੰਦੇ ਤੇ ਉਹਨਾਂ ਲਈ ਲੰਗਰ ਇਤਿਆਦਿ ਦਾ ਇੰਤਜ਼ਾਮ ਕਰਕੇ ਉਹਨਾਂ ਦੀ ਸੇਵਾ ਕਰਦੇ। ਆਪ ਦੇ ਸਾਥੀ ਸਿੰਘ ਖੇਤੀ ਵਿਚ ਹੱਥ ਆਪ ਦਾ ਹੱਥ ਵਟਾਉਂਦੇ, ਪਾਠ ਕਰਦੇ 'ਤੇ ਸ਼ਸਤਰ ਅਭਿਆਸ ਵੀ ਕਰਦੇ। ਹਰ ਵੇਲ਼ੇ 10-12 ਸਿੰਘ ਆਪ ਦੇ ਨਾਲ਼ ਰਹਿੰਦੇ ਸਨ। ਆਪ ਆਪਣੀ ਕਿਰਤ ਕਮਾਈ ਵਿੱਚੋਂ ਵੰਡ ਕੇ ਛਕਣ ਨੂੰ ਤਰਜੀਹ ਦਿੰਦੇ ਸਨ। ਸੰਨ 1716 ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਬੜੀਆਂ ਕਠਿਨਾਈਆਂ ਵਿਚ ਸਮਾਂ ਕੱਟਦੇ ਆ ਰਹੇ ਸਨ। ਸੰਨ 1726 ਈਸਵੀ ਵਿਚ ਅਬਦੁਲ ਸਮਦ ਖਾਨ ਦੇ ਪੁੱਤਰ ਖਾਨ ਬਹਾਦੁਰ ਜ਼ਕਰੀਆ ਖਾਂ ਨੇ ਪੰਜਾਬ ਪ੍ਰਾਂਤ ਦੇ ਰਾਜਪਾਲ ਦਾ ਪਦ ਸੰਭਾਲਿਆ ਅਤੇ ਉਸ ਨੇ ਲਾਹੌਰ ਵਿਚ ਸਿੱਖਾਂ ਦੇ ਵਿਰੁੱਧ ਦਮਨ ਚੱਕਰ ਦੀ ਕਾਰਵਾਈ ਕਰਨ ਦੀ ਘੋਸ਼ਣਾ ਕਰ ਦਿੱਤੀ। ਸਿੱਖਾਂ 'ਤੇ ਹਕੂਮਤ ਦਾ ਕਹਿਰ ਟੁੱਟ ਪਿਆ ਸੀ। ਹਜ਼ਾਰਾਂ ਹੀ ਨਿਰਦੋਸ਼ ਸਿੱਖਾਂ ਨੂੰ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਜਾ ਰਿਹਾ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾ ਕੇ ਉਨ੍ਹਾਂ ਦਾ ਖੁਰਾ-ਖੋਜ ਮਿਟਾਉਣ ਲਈ ਢੰਡੋਰੇ ਪਿੱਟੇ ਜਾ ਰਹੇ ਸਨ। ਉਧਰ ਭਾਈ ਤਾਰਾ ਸਿੰਘ ਦੇ ਬੁੰਗੇ ਵਿਚ ਸਿੱਖਾਂ ਦਾ ਆਉਣਾ-ਜਾਣਾ ਹਮੇਸ਼ਾ ਬਣਿਆ ਰਹਿੰਦਾ ਸੀ। ਆਪ ਸਾਰੇ ਪ੍ਰਾਣੀ-ਮਾਤਰ ਦੀ ਨਿਸ਼ਕਾਮ ਸੇਵਾ ਵਿਚ ਵਿਸ਼ਵਾਸ ਰੱਖਦੇ ਸਨ। ਬਦਲੇ ਹੋਏ ਰਾਜਨੀਤਕ ਹਾਲਾਤ ਵਿਚ ਆਪ ਦੇ ਪਿੰਡ ਦੇ ਬਿਲਕੁਲ ਨਾਲ਼ ਦੇ ਪਿੰਡ ਨੌਸ਼ਹਿਰਾ ਪੰਨੂਆਂ ਦੇ ਇਕ ਹੰਕਾਰੀ ਚੌਧਰੀ, ਸਾਹਿਬ ਰਾਏ ਨੇ ਆਪਣੇ ਖੇਤਰ ਵਿਚ ਸਿੱਖਾਂ ਦੇ ਇਸ ਅੱਡੇ ਨੂੰ ਆਪਣੇ ਲਈ ਇੱਕ ਚੁਣੌਤੀ ਮੰਨਿਆ। ਸਿੱਟੇ ਵਜੋਂ ਉਹ ਬਿਨਾਂ ਕਾਰਨ ਸਿੱਖਾਂ ਨਾਲ ਈਰਖਾ ਕਰਨ ਲੱਗ ਪਿਆ ਸੀ।

ਇਸ ਦਵੈਸ਼ ਭਾਵਨਾ ਵਿਚ ਉਸ ਨੇ ਸਿੱਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਆਪਣੇ ਡੰਗਰ ਤੇ ਘੋੜੇ ਸਿੱਖਾਂ ਦੇ ਖੇਤਾਂ ਵਿਚ ਛੱਡ ਦੇਣੇ ਤਾਂ ਕਿ ਉਨ੍ਹਾਂ ਦੀ ਫਸਲ ਦੀ ਬਰਬਾਦੀ ਹੋਵੇ। ਸਿੱਖਾਂ ਨੇ ਰਲ ਕੇ ਬੇਨਤੀ ਕੀਤੀ ਕਿ ਜਿੰਨੇ ਪਸ਼ੂਆਂ ਲਈ ਪੱਠਿਆਂ ਦੀ ਲੋੜ ਹੈ, ਉਹ ਪਹੁੰਚਾ ਦਿੱਤੇ ਜਾਣਗੇ ਤੇ ਇਸ ਤਰ੍ਹਾਂ ਖੇਤਾਂ ਵਿਚ ਫਸਲਾਂ ਦਾ ਉਜਾੜਾ ਨਾ ਕੀਤਾ ਜਾਵੇ। ਪਰ ਚੌਧਰੀ ਸਾਹਿਬ ਰਾਏ ਦਾ ਮੰਤਵ ਤਾਂ ਸਿੱਖਾਂ ਨੂੰ ਨੀਵਾਂ ਦਿਖਾਉਣਾ ਸੀ ਤੇ ਉਸ ਨੇ ਸਿੱਖਾਂ ਦੀ ਇੱਕ ਨਾ ਸੁਣੀ। ਅੰਤ ਸਿੱਖਾਂ ਨੇ ਇਕੱਠਿਆਂ ਹੋ ਕੇ ਸਾਰੀ ਗੱਲ ਸਰਦਾਰ ਬਘੇਲ ਸਿੰਘ ਜੀ ਨੂੰ ਜਾ ਸੁਣਾਈ ਤੇ ਉਹਨਾਂ ਨੇ ਢਿੱਲੋਂ ਭਰਾਵਾਂ ਜਰੀਏ ਸਿੰਘਾਂ ਦੇ ਖੇਤਾਂ ਵਿਚ ਚਰ ਰਹੀ ਚੌਧਰੀ ਦੀ ਘੋੜੀ ਫੜ, ਘਰਿਆਲਾ ਪਿੰਡ ਦੇ ਭਾਈ ਲਖਮੀਰ ਸਿੰਘ ਜੀ ਕੋਲ ਪਹੁੰਚਾ ਦਿੱਤੀ ਅਤੇ ਨਾਲ ਹੀ ਉਸ ਨੂੰ ਇਸ ਦੀ ਹਕੀਕਤ ਵੀਂ ਦੱਸ ਦਿੱਤੀ। ਭਾਈ ਲਖਮੀਰ ਸਿੰਘ ਜੀ ਨੇ ਅੱਗੋਂ ਇਹ ਘੋੜੀ ਦੂਰ ਕੀਤੇ ਵੇਚ ਪੈਸੇ ਲਿਆ ਭਾਈ ਤਾਰਾ ਸਿੰਘ ਜੀ ਡੱਲ-ਵਾਂ ਨੂੰ ਸੰਭਾਲ ਦਿੱਤੇ। ਜਦ ਇਸ ਦੀ ਖ਼ਬਰ ਚੌਧਰੀ ਸਾਹਿਬ ਰਾਏ ਨੂੰ ਲੱਗੀ ਤਾਂ ਉਸ ਨੇ ਇਸ ਨੂੰ ਇੱਕ ਵੰਗਾਰ ਦੀ ਤਰ੍ਹਾਂ ਲਿਆ ਤੇ ਆਪਣੇ ਖੋਜੀਆਂ ਦੀ ਮਦਦ ਨਾਲ ਘੋੜੀ ਦੀ ਪੈੜ ਲੱਭ ਲਈ।

ਜਦ ਇਸ ਦੀ ਖ਼ਬਰ ਭਾਈ ਬਘੇਲ ਸਿੰਘ ਜੀ, ਭਾਈ ਅਮਰ ਸਿੰਘ ਜੀ, ਭਾਈ ਲਖਮੀਰ ਸਿੰਘ ਜੀ ਹੁਰਾਂ ਨੂੰ ਲੱਗੀ ਤਾਂ ਉਹ ਭਾਈ ਤਾਰਾ ਸਿੰਘ ਜੀ ਡੱਲ-ਵਾਂ ਕੋਲ ਆ ਗਏ। ਉਧਰੋਂ ਅਗਲੀ ਸਵੇਰ ਹੁੰਦਿਆਂ ਹੀ ਗੁੱਸੇ ਵਿਚ ਤੜਫ਼ਦੇ ਹੋਏ ਚੌਧਰੀ ਨੇ ਪੱਟੀ ਦੇ ਫੌਜਦਾਰ ਜਾਫਰ ਬੇਗ ਦੇ ਭਤੀਜੇ ਤੇ ਸੌ ਸੈਨਿਕਾਂ ਨਾਲ ਭਾਈ ਤਾਰਾ ਸਿੰਘ ਜੀ ਦੇ ਪਿੰਡ

ਬਾਕੀ ਸਫ਼ਾ 28 'ਤੇ

# ਸ਼ਹੀਦ ਬੋਤਾ ਸਿੰਘ ਤੇ ਗਰਜਾ ਸਿੰਘ

**ਗੁਰਜੀਵਨ ਸਿੰਘ ਸਿੱਧੂ**
(ਸੰਪਰਕ: 9417079435)

ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਇਕ ਕਿਸਾਨੀ ਪਰਿਵਾਰ ਨਾਲ ਸਬੰਧਤ ਸਨ। ਉਸ ਸਮੇਂ ਮੁਗਲਾਂ ਨੇ ਸਿੱਖ ਕੌਮ ਨੂੰ ਖਤਮ ਕਰਨ ਲਈ ਜ਼ੁਲਮ ਦੀ ਅੱਤ ਚੁੱਕੀ ਹੋਈ ਸੀ। ਜਦੋਂ ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਹਿੰਦੁਸਤਾਨੀਆਂ ਨੂੰ ਲੁੱਟ ਕੇ ਵਾਪਸ ਜਾਂਦੇ ਤਾਂ ਉਨ੍ਹਾਂ ਨੂੰ ਪੰਜਾਬ ਵਿਚ ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਕਈ ਵਾਰ ਤਾਂ ਸਿੰਘਾਂ ਨੇ ਇਨ੍ਹਾਂ ਤੋਂ ਲੁੱਟਿਆ ਹੋਇਆ ਮਾਲ ਵੀ ਖੋਹਿਆ ਸੀ। ਇਸ ਤੋਂ ਤੰਗ ਪ੍ਰੇਸ਼ਾਨ ਹੋ ਜ਼ਕਰੀਆਂ ਖਾਂ ਨੇ ਖਾਲਸੇ ਦਾ ਖੁਰਾ ਖੋਜ ਮਿਟਾਉਣ ਲਈ ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ ਅਤੇ ਐਲਾਨ ਕਰਵਾ ਦਿੱਤਾ ਕਿ ਸਿੱਖ ਖਤਮ ਕਰ ਦਿੱਤੇ ਗਏ ਹਨ। ਉਨ੍ਹਾਂ ਅੰਮ੍ਰਿਤਸਰ ਵਿਚ ਸਿੱਖਾਂ ਦੇ ਜਾਣ 'ਤੇ ਪਾਬੰਦੀ ਲਗਾ ਦਿੱਤੀ। ਇਹੋ ਜਿਹੇ ਸਮੇਂ ਵਿਚ ਬਾਬਾ ਬੋਤਾ ਸਿੰਘ ਨੇ ਸਿੱਖ ਕੌਮ ਉਤੇ ਹੋ ਰਹੇ ਅੱਤਿਆਚਾਰ ਨੂੰ ਆਪਣੇ ਅੱਖੀਂ ਵੇਖਿਆ। ਇਸ ਦੌਰਾਨ ਇਕ ਹੋਰ ਗਰਜਾ ਸਿੰਘ ਨਾਂ ਦਾ ਸਿੱਖ ਬਾਬਾ ਬੋਤਾ ਸਿੰਘ ਨਾਲ ਆ ਮਿਲਿਆ। ਉਸ ਸਮੇਂ ਸਿੱਖ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਰਾਤ ਨੂੰ ਜਾਂਦੇ ਤੇ ਦਿਨ ਵੇਲੇ ਜੰਗਲਾਂ ਵਿਚ ਸਮਾਂ ਬਤੀਤ ਕਰਦੇ ਸਨ। ਇਸ ਤਰ੍ਹਾਂ ਹੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਵੀ ਰਾਜਪੂਤਾਨੇ ਤੋਂ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਝਾੜੀਆਂ ਓਹਲਿਆਂ ਵਿਚ ਦੀ ਰਵਾਨਾ ਹੋਏ। ਜਦ ਉਹ ਤਰਨਤਾਰਨ ਕੋਲ ਝਾੜੀਆਂ-ਬੇਲੇ ਵਿਚ ਜਾ ਰਹੇ ਸਨ ਤਾਂ ਉਥੋਂ ਗੁਜ਼ਰ ਰਹੇ ਦੋ ਮੁਸਲਮਾਨਾਂ ਨੂੰ ਝਾੜੀਆਂ ਵਿਚ ਪਰਛਾਵੇਂ ਵਿਖਾਈ ਦਿੱਤੇ ਤਾਂ ਇਕ ਮੁਸਲਮਾਨ ਨੇ ਕਿਹਾ "ਇਨ੍ਹਾਂ ਝਾੜੀਆਂ ਪਿੱਛੇ ਸਿੱਖ ਲਗਦੇ ਹਨ।"

ਦੂਜਾ ਮੁਸਲਮਾਨ ਬੋਲਿਆ "ਨਹੀਂ, ਉਹ ਤਾਂ ਲੁਕਣ ਵਾਲੇ ਨਹੀਂ ਹੁੰਦੇ, ਸਾਹਮਣੇ ਮੁਕਾਬਲਾ ਕਰਕੇ ਮਾਰਦੇ ਜਾਂ ਮਰਦੇ ਹਨ।"

ਪਹਿਲਾ : "ਪਹਿਰਾਵੇ ਤੇ ਸਰੀਰ ਦੀ ਡੀਲ-ਡੌਲ ਤੋਂ ਸਿੱਖ ਹੀ ਦਿਸਦੇ ਨੇ।"

ਦੂਜਾ: "ਸੂਬਾ ਲਹੌਰ ਨੇ ਢੰਡੋਰਾ ਪਿਟਵਾਇਆ ਹੈ ਕਿ ਸਿੱਖ ਮਾਰ ਦਿੱਤੇ ਗਏ ਹਨ, ਇਹ ਕੋਈ ਚੋਰ-ਉਚੱਕਾ ਜਾਂ ਕਾਇਰ ਹੋਏਗਾ, ਚੱਲ ਦੇਖੀਏ ਕੌਣ ਹੈ।"

ਪਹਿਲਾ : "ਜੇ ਸਿੱਖ ਹੋਏ ਬਚਣਾ ਮੁਸ਼ਕਲ ਹੋਏਗਾ, ਛੱਡ ਆਪਾਂ ਕੀ ਲੈਣਾ।"

ਦੋਨੋਂ ਮੁਸਲਮਾਨ ਉੱਥੋਂ ਚਲੇ ਗਏ ਪਰ ਉਨ੍ਹਾਂ ਦੀਆਂ ਆਪਸ ਵਿਚ ਹੋਈਆਂ ਗੱਲਾਂ, ਦੋਵਾਂ ਸਿੰਘਾਂ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਦੇ ਕੰਨਾਂ ਵਿਚ ਵਾਰ-ਵਾਰ ਗੂੰਜ ਰਹੀਆਂ ਸਨ ਕਿ ਇਹ ਚੋਰ ਉਚੱਕੇ ਜਾਂ ਕਾਇਰ ਹੋਣਗੇ, ਸਿੱਖ ਨਹੀਂ ਹੋ ਸਕਦੇ। ਉਨ੍ਹਾਂ ਬੈਠ ਕੇ ਵਿਚਾਰ ਕੀਤਾ ਕਿ ਇਹ ਪ੍ਰਚਾਰ ਕਿ ਸਿੰਘ ਖਤਮ ਕੀਤੇ ਜਾ ਚੁੱਕੇ ਹਨ, ਇਸ ਨਾਲ ਪੰਥ ਨੂੰ ਬਹੁਤ ਨੁਕਸਾਨ ਪੁੱਜੇਗਾ। ਉਨ੍ਹਾਂ ਤਰਨਤਾਰਨ ਸਾਹਿਬ ਦੇ ਨਜ਼ਦੀਕ ਸ਼ਾਹੀ ਸੜਕ 'ਤੇ ਨੂਰਦੀਨ ਦੀ ਚੁੰਗੀ 'ਤੇ ਕਬਜ਼ਾ ਕਰਕੇ ਇਸ ਸੜਕ ਤੋਂ ਲੰਘਣ ਵਾਲੇ ਗੱਡੇ ਪਾਸੋਂ ਇੱਕ ਆਨਾ, ਖੋਤੇ ਪਾਸੋਂ ਇੱਕ ਪੈਸਾ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ। ਇਹ ਟੈਕਸ ਨਾਕਾ ਲਗਾ ਕੇ ਦੋਨਾਂ ਸਿੰਘਾਂ ਨੇ ਇਹ ਆਵਾਜ਼ ਫੈਲਾਅ ਦਿੱਤੀ ਕਿ ਇਥੇ ਖਾਲਸੇ ਦਾ ਰਾਜ ਸਥਾਪਿਤ ਹੋ ਗਿਆ ਹੈ। ਜਦ ਉਨ੍ਹਾਂ ਕੋਲ ਕੋਈ ਮੁਗਲਾਂ ਦੀ ਟੋਲੀ ਨਾ ਪਹੁੰਚੀ ਤਾਂ ਉਨ੍ਹਾਂ ਨੇ ਇਕ ਮੁਸਾਫਿਰ ਹੱਥ ਲਾਹੌਰ ਦੇ ਸੂਬੇ ਨੂੰ ਚਿੱਠੀ ਲਿਖ ਭੇਜੀ:

"ਚਿੱਠੀ ਲਿਖੇ ਸਿੰਘ ਬੋਤਾ,
ਹੱਥ ਹੈ ਸੋਟਾ, ਵਿਚ ਰਾਹ ਖੜੋਤਾ।
ਆਨਾ ਲਾਇਆ ਗੱਡੇ ਨੂੰ,
ਪੈਸਾ ਲਾਇਆ ਖੋਤਾ,
ਆਖੋ ਭਾਬੀ ਖਾਨੋ ਨੂੰ,
ਯੋ ਆਖੇ ਸਿੰਘ ਬੋਤਾ।"



ਜਦ ਜ਼ਕਰੀਆਂ ਖਾਂ ਨੂੰ ਇਹ ਸੂਚਨਾ ਪਹੁੰਚੀ ਤਾਂ ਉਸ ਨੇ 200 ਸੈਨਿਕਾਂ ਦਾ ਇਕ ਦਸਤਾ ਭੇਜਿਆ ਤੇ ਇਨ੍ਹਾਂ ਸੈਨਿਕਾਂ ਨੇ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨੂੰ ਘੇਰਾ ਪਾ ਲਿਆ। ਬਾਬਾ ਬੋਤਾ ਸਿੰਘ ਨੇ ਸੈਨਿਕਾਂ ਨੂੰ ਵੰਗਾਰਿਆ ਕਿ ਜੇ ਉਹ ਆਪਣੇ ਆਪ ਨੂੰ ਬਹਾਦਰ ਕਹਾਉਂਦੇ ਹਨ ਤਾਂ ਇੱਕ ਇੱਕ ਆ ਕੇ ਸਾਡੇ ਨਾਲ ਲੜਾਈ ਕਰਨ। ਇਸ ਤਰ੍ਹਾਂ ਸਿੰਘਾਂ ਨੇ ਦਰਜਨ ਸੈਨਿਕਾਂ ਨੂੰ ਮਾਰ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਉਹ ਦੋ-ਦੋ ਸੈਨਿਕ ਸਾਡੇ ਨਾਲ ਲੜਾਈ ਕਰਨ ਆ ਜਾਣ। ਇਸ ਤਰ੍ਹਾਂ ਜਦ ਮੁਗਲ ਸੈਨਿਕ ਮਾਰੇ ਜਾ ਰਹੇ ਸਨ ਤਾਂ ਗੁੱਸੇ ਵਿਚ ਸੈਨਿਕਾਂ ਨੇ ਇਕੱਠੇ ਹੋ ਕੇ ਹੱਲਾ ਬੋਲ ਦਿੱਤਾ, ਦੋ ਦਰਜਨ ਤੋਂ ਵੱਧ ਮੁਗਲਾਂ ਸੈਨਿਕਾਂ ਨੂੰ ਸੋਟਿਆਂ ਨਾਲ ਮੌਤ ਦੇ ਘਾਟ ਉਤਾਰਦਿਆਂ 27 ਜੁਲਾਈ 1739 ਈ. ਨੂੰ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਸ਼ਹੀਦੀ ਪਾ ਗਏ।

# ਭਾਰਤ ਨੂੰ ਕਨਫ਼ੈਡਰੇਸ਼ਨ ਬਣਾਉਣ ਦੀ ਲੋੜ

**ਭਾਈ ਹਰਿਸਿਮਰਨ ਸਿੰਘ**
(ਮੋ. 9872591713)

ਸਿੱਖ ਵੱਖ-ਵੱਖ ਸੱਭਿਆਚਾਰਾਂ ਵਾਲੇ ਭਾਰਤੀ ਉਪ-ਮਹਾਂਦੀਪ ਦੀ ਇਕ ਮਹੱਤਵਪੂਰਨ ਕੌਮ ਹਨ, ਜਿਸ ਦੀ ਆਪਣੀ ਮੌਲਿਕ ਵਿਚਾਰਧਾਰਕ ਪਹਿਚਾਣ ਤੇ ਭਵਿੱਖਮੁਖੀ ਵਿਸ਼ਵ ਦ੍ਰਿਸ਼ਟੀਕੋਣ ਹਨ। ਭਾਰਤ ਦੇ ਉੱਤਰੀ ਖਿੱਤੇ ਵਿਚ ਸਥਿਤ ਪੰਜਾਬ ਦਾ ਭੂਗੋਲਿਕ ਖੇਤਰ ਉਨ੍ਹਾਂ ਦੇ ਕੌਮੀ ਘਰ ਵਜੋਂ ਸਥਾਪਿਤ ਹੋ ਚੁੱਕਾ ਹੈ। ਭਾਰਤੀ ਉਪ-ਮਹਾਂਦੀਪ ਦੀਆਂ ਭੂਗੋਲਿਕ ਹੱਦਾਂ ਦੇ ਅੰਦਰ ਹੋਰ ਵੀ ਕਈ ਸਭਿਆਚਾਰਕ-ਸੂਬਾਈ ਸ਼ਕਤੀਆਂ, ਘੱਟ-ਗਿਣਤੀਆਂ ਤੇ ਸਾਮਾਜਿਕ ਸਮੂਹ ਵੱਸਦੇ ਹਨ। ਇਨ੍ਹਾਂ ਦੀਆਂ ਆਪਣੀਆਂ-ਆਪਣੀਆਂ ਖੇਤਰੀ ਤੇ ਰਾਜਨੀਤਕ ਇਛਾਵਾਂ ਹਨ। ਹਿੰਦੂ ਧਰਮ ਸਮੇਤ ਵੱਖ-ਵੱਖ ਧਰਮਾਂ ਨਾਲ ਸਬੰਧਿਤ ਇਹ ਸਮੂਹ, ਦਲਿਤ ਤੇ ਆਦਿਵਾਸੀ ਆਦਿ ਵਰਗ ਆਪਣੀ ਸੰਸਕ੍ਰਿਤੀ, ਇਲਾਕਾਈ ਪਹਿਚਾਣ ਤੇ ਰਾਜਨੀਤਿਕ ਹੋਂਦ ਨੂੰ ਬਰਕਰਾਰ ਰੱਖਣ ਲਈ ਕੇਂਦਰਵਾਦੀ ਸ਼ਕਤੀਆਂ, ਆਰਥਿਕ ਏਜਾਰੇਦਾਰਾਂ, ਭ੍ਰਿਸ਼ਟ ਸੱਤਾਧਾਰੀ ਧਿਰਾਂ ਅਤੇ ਨਾਪਾਕ ਗੱਠਜੋੜਾਂ ਆਦਿ ਵਿਰੁੱਧ ਨਿਰੰਤਰ ਸੰਘਰਸ਼ ਵਿਚ ਹਨ।

ਏਸ਼ੀਆ ਅਤੇ ਯੂਰਪ ਸਮੇਤ ਵਿਸ਼ਵ ਦੇ ਸਾਰੇ ਮਹਾਂਦੀਪਾਂ ਵਿਚ ਵੱਸਦੀਆਂ ਛੋਟੀਆਂ ਤੇ ਵੱਡੀਆਂ ਕੌਮਾਂ ਤੇ ਦੇਸ਼ ਬਦਲਦੇ ਵਿਸ਼ਵ ਹਾਲਾਤ ਅਤੇ ਨਵੇਂ ਸੱਤਾ ਸਮੀਕਰਨਾਂ ਦੇ ਵਾਤਾਵਰਣ ਵਿਚ ਆਪਣੀ ਤਕਦੀਰ ਦੇ ਆਪ ਫੈਸਲੇ ਕਰਨ ਲਈ ਬੇਤਾਬ ਹਨ। ਉਹ ਹੁਣ ਵਿਸ਼ਵ ਏਕਾਧਿਕਾਰ ਵਾਲੀਆਂ ਸ਼ਕਤੀਆਂ ਤੇ ਗੁੱਟਾਂ ਦੇ ਹੱਥਾਂ ਵਿਚ ਖੇਡਣ ਤੋਂ ਇਨਕਾਰੀ ਹੋ ਰਹੇ ਹਨ। ਉਹ ਆਪਣੀ ਸੰਸਕ੍ਰਿਤੀ, ਕਦਰਾਂ-ਕੀਮਤਾਂ ਤੇ ਰਾਜਨੀਤਿਕ ਸਵੈ-ਹੋਂਦ ਦੀ ਸੰਭਾਲ ਕਰਨ ਲਈ ਨਵੇਂ ਵਿਚਾਰਧਾਰਕ ਮਾਡਲ ਦੀ ਤਲਾਸ਼ ਵਿਚ ਵੀ ਹਨ। ਇਸੇ ਕਾਰਨ ਵੀ ਹੁਣ ਵਿਸ਼ਵ ਬਹੁ-ਧਰੁਵੀ ਬਣਦਾ ਜਾ ਰਿਹਾ ਹੈ।

ਇਨ੍ਹਾਂ ਹਾਲਾਤ ਵਿਚ ਵਿਸ਼ਵ ਕੌਮਾਂ, ਧਰਤੀ-ਰਹਿਤ ਕੌਮਾਂ ਸਮੇਤ, ਆਪਣੀ ਵਿਚਾਰਧਾਰਕ ਤੇ ਰਾਜਨੀਤਿਕ ਪਛਾਣ ਅਤੇ ਵਿਰਾਸਤ ਨੂੰ ਹੋਰ ਸ਼ਕਤੀਸ਼ਾਲੀ ਕਰਨਾ ਲੋਚਦੀਆਂ ਹਨ। ਉਹ ਸਥਾਨਕ ਤੋਂ ਵਿਸ਼ਵ ਪੱਧਰ ਤੱਕ ਇਕ ਜਾਂ ਦੂਜੇ ਕਾਰਨ ਸਹਿਜ ਸੰਤੁਸ਼ਟ ਜੀਵਨ, ਵਿਸ਼ਵ ਆਰਥਿਕਤਾ, ਧਰਤੀ ਨੂੰ ਦਰਪੇਸ਼ ਕਠਿਨ ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨ/ਕਰਵਾਉਣ ਵਿਚ ਆਪਣਾ ਬਣਦਾ ਯੋਗਦਾਨ ਨਿਸ਼ਚਿਤ ਕਰਨਾ ਚਾਹੁੰਦੀਆਂ ਹਨ। ਸ਼ਕਤੀਆਂ ਦੇ ਵਿਕੇਂਦਰੀਕਰਨ ਅਤੇ ਉਭਰ ਰਹੇ ਬਹੁ-ਧਰੁਵੀ ਸੰਸਾਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ ਬ੍ਰਹਿਮੰਡੀ ਏਕਤਾ, ਮਨੁੱਖੀ ਸਹਿਹੋਂਦ, ਭਰਾਤਰੀਭਾਵ ਤੇ ਵੰਨ-ਸੁਵੰਨਤਾ ਦੀ ਇਕਸੁਰਤਾ ਵਾਲਾ ਇਕ ਨਵਾਂ ਵਿਸ਼ਵ ਹੋਂਦ ਵਿਚ ਲਿਆ ਸਕਦੇ ਹਨ ਜਿਸ ਲਈ ਸਿੱਖ ਪੰਥ ਦਾ ਹਰ ਪਹਿਲੂ ਤੋਂ ਹੋਰ ਸ਼ਕਤੀਸ਼ਾਲੀ ਹੋਣਾ ਜ਼ਰੂਰੀ ਹੋ ਗਿਆ ਹੈ।

ਸੰਨ 1947 ਤੋਂ ਬਾਅਦ ਭਾਰਤ ਦੇ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਵਿਚ ਕੌਮੀ, ਖੇਤਰੀ, ਭਾਸ਼ਾਈ ਘੱਟ-ਗਿਣਤੀਆਂ ਦੇ ਧਰਮ ਤੇ ਸੱਭਿਆਚਾਰ, ਆਦੀਵਾਸੀਆਂ ਦੇ ਆਰਥਿਕ/ਸਮਾਜਿਕ ਸ਼ੋਸ਼ਣ, ਦਲਿਤਾਂ ਅਤੇ ਫੈਡਰਲ ਢਾਂਚੇ ਨਾਲ ਸਬੰਧਿਤ ਜਿਤਨੀਆਂ ਵੀ ਸਮੱਸਿਆਵਾਂ ਪੈਦਾ ਹੋਈਆਂ ਹਨ, ਉਨ੍ਹਾਂ ਦੇ ਸਨਮਾਨਜਨਕ ਹੱਲ ਕੇਂਦਰ ਵਿਚ ਰਾਜ ਕਰਨ ਵਾਲੀ ਕੋਈ ਵੀ ਸਰਕਾਰ ਨਹੀਂ ਕਰ ਸਕੀ। ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਅਜਿਹੀਆਂ ਸਮੱਸਿਆਵਾਂ ਪੈਦਾ ਹੋਣੀਆਂ ਕੁਦਰਤੀ ਹਨ, ਪਰ ਸਰਕਾਰਾਂ ਨੇ ਲੋਕਾਂ ਦੀਆਂ ਸੁੱਚੀਆਂ ਭਾਵਨਾਵਾਂ ਅਨੁਸਾਰ ਇਨ੍ਹਾਂ ਦੇ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਅੱਗੇ ਹੀ ਅੱਗੇ ਲਮਕਾਉਣ ਦੀ ਨੀਤੀ ਅਪਣਾਈ ਰੱਖੀ ਹੈ। ਇਨ੍ਹਾਂ ਸਭ ਘਟਨਾਕ੍ਰਮਾਂ ਦੇ ਮਿਲਵੇਂ ਨਤੀਜਿਆਂ ਅਨੁਸਾਰ ਭਾਰਤ ਦੀਆਂ ਸਾਰੀਆਂ ਸੂਬਾਈ ਤੇ ਕੇਂਦਰੀ ਸਰਕਾਰਾਂ ਅੱਗੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਤੇ ਆਰਥਿਕ ਅਤੇ ਖੇਤਰੀ ਸੰਕਟਾਂ ਦੇ ਅੰਬਾਰ ਲੱਗ ਚੁੱਕੇ ਹਨ। ਭਾਜਪਾ ਦੇ ਲੋੜ ਤੋਂ ਵਧੇਰੇ ਸ਼ਕਤੀਸ਼ਾਲੀ ਹੋਣ ਕਾਰਨ ਹੁਣ ਖੇਤਰੀ ਸ਼ਕਤੀਆਂ ਤੇ ਘੱਟ-ਗਿਣਤੀਆਂ ਆਪਣੇ ਅਧਿਕਾਰਾਂ ਪ੍ਰਤੀ ਵਧੇਰੇ ਸੁਚੇਤ ਹੋ ਰਹੀਆਂ ਹਨ। ਵਿਸ਼ਵ ਦੇ ਸੁੰਗੜਨ ਅਤੇ ਹੋਰ ਕੋਈ ਅੰਦਰੂਨੀ ਤੇ ਬਾਹਰੀ ਕਾਰਨਾਂ ਅਤੇ ਦਬਾਵਾਂ ਕਰਕੇ ਹੁਣ ਭਾਰਤ ਦੇ ਕੌਮੀ-ਭਾਸ਼ਾਈ-ਸਭਿਆਚਾਰਕ ਸਮੂਹ, ਪੱਛੜੇ ਅਤੇ ਸ਼ੋਸ਼ਿਤ ਵਰਗ ਅਤੇ ਰਾਜ ਵਧੇਰੇ ਸ਼ਕਤੀਸ਼ਾਲੀ ਹੋ ਕੇ ਭਾਰਤ ਦੀ ਤਰੱਕੀ ਵਿਚ ਪਹਿਲਾਂ ਦੀ ਤਰ੍ਹਾਂ ਯੋਗਦਾਨ ਪਾਉਣ ਦੇ ਨਾਲ-ਨਾਲ ਵਿਸ਼ਵ ਦੀ ਰਾਜਨੀਤੀ ਅਤੇ ਉੱਭਰ ਰਹੇ ਨਵੇਂ ਸੱਤਾ ਸਮੀਕਰਣਾਂ ਵਿਚ ਆਪਣਾ ਸਿੱਧਾ ਯੋਗਦਾਨ ਪਾਉਣਾ ਚਾਹੁੰਦੇ ਹਨ।

ਇਸ ਸਬੰਧੀ ਭਾਰਤ ਦੇ ਲਗਭਗ ਸਾਰੇ ਸੂਬਿਆਂ ਅਤੇ ਭਵਿੱਖ ਵਿਚ ਬਣਨ ਵਾਲੇ ਨਵੇਂ ਭਾਰਤੀ ਸੂਬਿਆਂ ਦੇ ਵਾਸੀਆਂ ਦੀਆਂ ਸਮੂੱਚੀਆਂ ਇਛਾਵਾਂ ਨੂੰ ਭਾਰਤ ਦੇ ਵਰਤਮਾਨ ਫ਼ੈਡਰਲ ਢਾਂਚੇ ਦੀ ਥਾਂ 'ਤੇ ਕਨਫ਼ੈਡਰੇਸ਼ਨ ਦੇ ਨਵੇਂ ਰਾਜ ਸਿਸਟਮ ਨੂੰ ਅਪਣਾ ਕੇ ਸ਼ਾਂਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਨਵ-ਗਠਿਤ ਭਾਰਤੀ ਉਪ-ਮਹਾਂਦੀਪ ਨੂੰ ਸੰਯੁਕਤ ਰਾਜ ਭਾਰਤ ਦੇ ਰੂਪ ਦੇ ਕੇ ਇਹ ਖਿੱਤਾ ਇੱਕੀਵੀਂ ਸਦੀ ਵਿਚ ਨਵੀਆਂ ਉੱਭਰ ਰਹੀਆਂ ਨਵੀਆਂ ਏਸ਼ੀਆਈ ਤੇ ਵਿਸ਼ਵ ਸ਼ਕਤੀਆਂ ਦੇ ਪਰਿਵਾਰ ਵਿਚ ਇਕ ਵੱਡੀ ਸ਼ਕਤੀ ਬਣ ਸਕੇਗਾ ਤੇ ਵਿਸ਼ਵ ਮਨੁੱਖ ਦੀ ਨਵੀਂ ਤਕਦੀਰ ਘੜਨ ਵਿਚ ਆਪਣਾ ਯੋਗਦਾਨ ਪਾਉਣ ਦੇ ਸਮਰੱਥ ਹੋ ਸਕੇਗਾ। ਕਨਫ਼ੈਡਰਲ ਲੀਹਾਂ ਉੱਤੇ ਉਸਾਰੇ ਜਾਣ ਵਾਲੇ ਸੰਯੁਕਤ ਰਾਜ ਭਾਰਤ ਨਾਲ ਵਰਤਮਾਨ ਦੀਆਂ ਸਮੱਸਿਆਵਾਂ ਦੇ ਹੱਲ ਨਿਕਲ ਸਕਦੇ ਹਨ। ਕਨਫ਼ੈਡਰੇਸ਼ਨ ਦੀਆਂ ਸਿਧਾਂਤਕ ਲੀਹਾਂ ਉੱਤੇ ਦੱਖਣ ਪੂਰਬੀ ਏਸ਼ੀਆ, ਸਮੁੱਚੇ ਏਸ਼ੀਆ ਤੇ ਵਿਸ਼ਵ ਵਿਚ ਆਪਸੀ ਸਾਂਝੇ ਹਿੱਤਾਂ ਅਤੇ ਖਿੱਤੇ ਦੀ ਸ਼ਾਂਤੀ ਦਾ ਨਵਾਂ ਅਧਿਆਇ ਲਿਖਿਆ ਜਾ ਸਕਦਾ ਹੈ।

**ਕੀ ਹੈ ਫ਼ੈਡਰੇਸ਼ਨ ਤੇ ਕਨਫ਼ੈਡਰੇਸ਼ਨ** : ਇਕ ਰਾਜ ਦੀਆਂ ਇਨ੍ਹਾਂ ਦੋ ਉਪਰੋਕਤ ਰਾਜ-ਪ੍ਰਣਾਲੀਆਂ ਜਾਂ ਢਾਂਚਿਆਂ ਵਿਚਕਾਰ ਅੰਤਰ ਬੁਨਿਆਦੀ ਹੈ। ਕਨਫ਼ੈਡਰੇਸ਼ਨ ਦੋ ਜਾਂ ਦੋ ਤੋਂ ਵਧੇਰੇ ਰਾਜਾਂ ਦੇ ਆਪਸੀ ਇਕਰਾਰ ਅਨੁਸਾਰ ਸਿਰਜੀ ਜਾਂਦੀ ਹੈ, ਜੋ ਕਾਨੂੰਨੀ ਤੌਰ 'ਤੇ ਅੰਤਰਰਾਸ਼ਟਰੀ ਸੰਧੀ ਅਨੁਸਾਰ ਵੀ ਹੁੰਦੀ ਹੈ। ਇਹ ਰਾਜ ਸਿਸਟਮ ਮੈਂਬਰ ਰਾਜਾਂ ਦੀਆਂ ਆਪਸੀ ਪੂਰਕ ਲੋੜਾਂ ਕਾਰਨ ਹੋਂਦ ਵਿਚ ਆਉਂਦਾ ਹੈ ਜਦੋਂ ਕਿ ਫ਼ੈਡਰੇਸ਼ਨ ਇਕ ਦੇਸ਼ ਦੇ ਸੰਵਿਧਾਨ ਰਾਹੀਂ ਪ੍ਰਵਾਨਿਤ ਕਾਨੂੰਨੀ ਤੌਰ 'ਤੇ ਆਪਣੇ ਆਪ ਵਿਚ ਇਕ ਸੰਯੁਕਤ ਪ੍ਰਬੰਧ ਹੈ। ਦੂਜਾ, ਇਕ ਕਨਫ਼ੈਡਰੇਸ਼ਨ ਵਿਚ ਜਿੰਨੇ ਵੀ ਇਸ ਦੇ ਮੈਂਬਰ ਰਾਜ ਹੁੰਦੇ ਹਨ, ਉਨੇ ਹੀ ਪ੍ਰਭੂਸੱਤਾ ਸੰਪੰਨ ਦੇਸ਼ ਜਾਂ ਅਰਧ-ਆਜ਼ਾਦ ਦੇਸ਼ ਹੁੰਦੇ ਹਨ ਜਦੋਂਕਿ ਇਕ ਫ਼ੈਡਰੇਸ਼ਨ ਆਪਣੇ ਆਪ ਵਿਚ ਇਕ ਸੰਯੁਕਤ ਸੁਤੰਤਰ ਰਾਜ ਦੇ ਅੰਦਰ ਸੂਬਾਈ ਸਰਕਾਰਾਂ ਕੇਂਦਰ ਸਰਕਾਰ ਦੇ ਅਧੀਨ ਰਾਜਨੀਤਿਕ ਪ੍ਰਬੰਧ ਚਲਾਉਂਦੀਆਂ ਹਨ। ਤੀਸਰਾ, ਕਨਫ਼ੈਡਰੇਸ਼ਨ ਵਿਚ ਲੋੜ ਪੈਣ ਉੱਤੇ ਜਾਂ ਮੈਂਬਰ ਦੇਸ਼ ਦੀ ਮਰਜ਼ੀ ਉੱਤੇ ਉਸ ਦਾ ਇਸ ਵਿਚੋਂ ਬਾਹਰ ਆ ਜਾਣਾ ਸੰਵਿਧਾਨਿਕ ਤੇ ਜਾਇਜ਼ ਹੁੰਦਾ ਹੈ ਜਦੋਂਕਿ ਇਕ ਫ਼ੈਡਰੇਸ਼ਨ ਵਿਚੋਂ ਮੈਂਬਰ ਰਾਜ ਦਾ ਉਸ ਦੇਸ਼ ਤੋਂ ਵੱਖ ਹੋ ਜਾਣਾ ਜਾਂ ਵੱਖ ਹੋ ਜਾਣ ਦੀ ਇੱਛਾ ਰੱਖਣਾ ਹੀ ਗੈਰ-ਕਾਨੂੰਨੀ ਤੇ ਵਿਰੋਧ ਹੁੰਦਾ ਹੈ। ਚੌਥਾ, ਇਕ ਕਨਫ਼ੈਡਰੇਸ਼ਨ ਦੇ ਮੈਂਬਰ ਰਾਜ ਆਪਣੀ ਕਨਫ਼ੈਡਰੇਸ਼ੀ ਦੀ ਸਰਕਾਰ ਦੀ ਆਪ ਸਿਰਜਣਾ ਕਰਦੇ ਹਨ ਪਰ ਇਕ ਫ਼ੈਡਰੇਸ਼ਨ ਦੇਸ਼ ਦੀ ਕੇਂਦਰੀ ਸਰਕਾਰ ਦੀ ਸਿਰਜਣਾ ਕਰਦਾ ਹੈ ਜਿਸ ਦੇ ਮੈਂਬਰ ਰਾਜ ਇਸ ਨੂੰ ਨਾ ਤਾਂ ਖਤਮ ਕਰ ਸਕਦੇ ਹਨ ਤੇ ਨਾ ਹੀ ਇਸ ਵਿਚ ਉਦੋਂ ਤੱਕ ਤਬਦੀਲੀ ਕਰਨ ਦੇ ਹੱਕਦਾਰ ਹੁੰਦੇ ਹਨ ਜਦੋਂ ਤੱਕ ਸੰਵਿਧਾਨਕ ਤੌਰ 'ਤੇ ਕੋਈ ਸੋਧ ਨਹੀਂ ਕੀਤੀ ਜਾਂਦੀ। ਇਥੇ ਇਕ ਹੋਰ ਵਿਚਾਰ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਕਨਫ਼ੈਡਰੇਸ਼ਨ ਦੇ ਮੈਂਬਰ ਰਾਜ ਆਪਣੇ ਆਪ ਵਿਚ ਸੁਤੰਤਰ ਰਾਜ ਜਾਂ ਅਰਧ-ਸੁਤੰਤਰ ਇਕਾਈਆਂ ਹੁੰਦੀਆਂ ਹਨ, ਜਦੋਂਕਿ ਇਕ ਫ਼ੈਡਰੇਸ਼ਨ ਵੀ ਆਪਣੇ ਆਪ ਵਿਚ ਸਿਧਾਂਤ ਰੂਪ ਇਕ ਸੁਤੰਤਰ ਇਕਾਈ ਤਾਂ ਹੁੰਦੀ ਹੈ ਪਰ ਉਸ ਵਿਚ ਕੇਂਦਰੀ ਤੇ ਰਾਜ ਸਰਕਾਰਾਂ ਆਪਸੀ ਇਕਰਾਰਨਾਮੇ ਵਿਚ ਬੱਝੀਆਂ ਹੋਈਆਂ ਹੁੰਦੀਆਂ ਹਨ। ਇਕ ਫ਼ੈਡਰੇਸ਼ਨ ਦੇ ਵੱਖ-ਵੱਖ ਰਾਜ ਇਕੋ ਸਮੇਂ ਫ਼ੈਡਰੇਸ਼ਨ ਦੇ ਅੰਗ ਰਹਿੰਦੇ ਹੋਏ ਆਪਸੀ ਸਹਿਮਤੀ ਨਾਲ ਕਨਫ਼ੈਡਰੇਸ਼ਨ ਨਹੀਂ ਬਣਾ ਸਕਦੇ। ਜਦੋਂ ਤੱਕ ਕਿ ਉਸ ਦੇਸ਼ ਦਾ ਰਾਜਨੀਤਕ ਸਿਸਟਮ ਬੁਨਿਆਦੀ ਤੌਰ 'ਤੇ ਬਦਲਿਆ ਨਹੀਂ ਜਾਂਦਾ। ਇਸ ਲਈ ਕਨਫ਼ੈਡਰੇਸੀ ਵਿਚ ਕਿਸੇ ਵੀ ਦੇਸ਼ ਦੀਆਂ ਫ਼ੈਡਰਲ ਸ਼ਕਤੀਆਂ ਦਾ ਆਜ਼ਾਦ ਜਾਂ ਅਰਧ-ਆਜ਼ਾਦ ਹੋਣ ਤੋਂ ਬਿਨਾਂ ਕਿਸੇ ਨਵੇਂ ਕਨਫ਼ੈਡਰਲ ਪ੍ਰਬੰਧ ਹੇਠ ਆਪਣੇ ਆਪ ਨੂੰ ਜਥੇਬੰਦ ਕਰਨ ਦੀ ਗੱਲ ਕਰਨਾ ਭੁਲੇਖੇ ਵਿਚ ਪਾਉਣਾ ਹੈ।

**ਭਾਰਤੀ ਕਨਫ਼ੈਡਰੇਸ਼ਨ : ਰੂਪ ਤੇ ਸਰੂਪ** : ਇਤਿਹਾਸਕ, ਭੂਗੋਲਿਕ, ਤਕਨੀਕੀ ਤੇ ਵਰਤਮਾਨ ਦੀਆਂ ਭਾਰਤੀ ਯਥਾਰਥਕ ਸਥਿਤੀਆਂ ਨੂੰ ਵੇਖਦੇ ਹੋਏ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਭਾਰਤ ਦੇ ਸੂਬੇ ਅਤੇ ਲੋਕ ਮੁੱਢਲੇ ਤੌਰ 'ਤੇ ਕਨਫ਼ੈਡਰੇਸ਼ਨ ਦੇ ਸੁਭਾਅ ਅਨੁਸਾਰ ਵਿਹਾਰ ਕਰਦੇ ਰਹੇ ਹਨ। ਵੈਸੇ ਵੀ ਭਾਰਤ ਕਦੇ ਵੀ ਅੰਗਰੇਜ਼ਾਂ ਦੇ ਇਥੇ ਆਉਣ ਤੋਂ ਪਹਿਲਾਂ ਇਤਨੀ ਵਿਸ਼ਾਲ ਭੂਗੋਲਿਕ ਇਕਾਈ ਨਹੀਂ ਸੀ। ਕਿਸੇ ਵੀ ਭੂਗੋਲਿਕ ਇਕਾਈ ਨੂੰ ਉਸ ਦੇ ਮੁੱਢਲੇ ਸੁਭਾਅ ਤੋਂ ਉਲਟ ਇਕ ਜਾਂ ਦੂਜੇ ਉਲਟ ਵਰਤਾਰੇ ਕਾਰਨ ਆਪਸ ਵਿਚ ਜ਼ਬਰਦਸਤੀ ਨੂੜ ਕੇ ਨਹੀਂ ਰੱਖਿਆ ਜਾ ਸਕਦਾ। 1918-19 ਤੋਂ ਬਾਅਦ ਰੂਸ ਵਿਚਲੀਆਂ ਵੱਖ-ਵੱਖ ਕੌਮਾਂ ਨੂੰ ਸੋਵੀਅਤ ਯੂਨੀਅਨ ਦੇ ਸਿਧਾਂਤ ਅਧੀਨ ਭਾਵੇਂ ਭਾਰਤ ਵਾਂਗ ਇਕੱਠਾ ਰੱਖ ਲਿਆ ਗਿਆ ਸੀ। ਪਰ ਉਸ ਦੇਸ਼ ਦੀਆਂ ਕੌਮਾਂ ਦੇ ਮੁੱਢਲੇ ਸੁਭਾਅ ਅਨੁਸਾਰ ਕੌਮਵਾਦ ਦਾ ਮੱਸਲਾ ਹੱਲ ਨਾ ਹੋਣ ਕਾਰਨ ਤੇ ਉਸ ਦੇ ਅੰਦਰੂਨੀ ਤੇ ਬਾਹਰੀ ਹਾਲਾਤ ਦੇ ਵਿਗੜ ਜਾਣ ਕਾਰਨ 1989-90 ਵਿਚ ਸੋਵੀਅਤ ਯੂਨੀਅਨ ਆਪਣੇ ਭਾਰ ਨਾਲ ਹੀ ਟੁੱਟ ਗਿਆ ਸੀ ਤੇ ਇਕੋ ਝਟਕੇ ਨਾਲ 18 ਨਵੀਆਂ ਕੌਮਾਂ ਸੰਯੁਕਤ ਰਾਸ਼ਟਰ ਸੰਘ ਦੀਆਂ ਮੈਂਬਰ ਬਣ ਗਈਆਂ ਸਨ। ਜੇਕਰ ਸੋਵੀਅਤ ਯੂਨੀਅਨ ਨੇ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਸਭਿਆਚਾਰ ਅਨੁਸਾਰ ਅਰਧ-ਸੁਤੰਤਰਤਾ ਹੀ ਦਿੱਤੀ ਹੁੰਦੀ ਹੈ ਤਾਂ ਇਹ ਸਥਿਤੀ ਨਹੀਂ ਬਣਨੀ ਸੀ। ਭਾਰਤੀ ਉਪ-ਮਹਾਂਦੀਪ ਦੀ ਸਥਿਤੀ ਵੀ ਸੋਵੀਅਤ ਯੂਨੀਅਨ ਤੋਂ ਭਿੰਨ ਨਹੀਂ ਹੈ। ਅਮਰੀਕਾ, ਕੈਨੇਡਾ ਤੇ ਯੂਰਪ ਨੇ ਆਪਣੇ ਰਾਜ ਸਿਸਟਮਾਂ ਨੂੰ ਸਾਂਝੇ ਹਿੱਤਾਂ ਅਤੇ ਹੋਰ ਕਈ ਕਾਰਨਾਂ ਕਰਕੇ ਜੋ ਕਨਫ਼ੈਡਰੇਸ਼ਨ ਦਾ ਰੂਪ ਦਿੱਤਾ ਹੋਇਆ ਹੈ ਉਸ ਕਾਰਨ ਵੀ ਇਹ ਧਿਰਾਂ ਸ਼ਕਤੀਸ਼ਾਲੀ ਹੋਈਆਂ ਹਨ।

ਅਜੋਕੇ ਭਾਰਤ ਵਿਚ ਜਿਸ ਤਰ੍ਹਾਂ ਪਿਛਲੇ ਸਾਲਾਂ ਤੋਂ ਰਾਜਾਂ ਦੇ ਆਪਣੇ ਮੁੱਢਲੇ ਕਨਫ਼ੈਡਰਲ ਸੁਭਾਅ ਅਨੁਸਾਰ ਜੋ ਹਾਲਾਤ ਵਿਕਸਿਤ ਹੋ ਰਹੇ ਹਨ, ਉਨ੍ਹਾਂ ਨੂੰ ਭਾਜਪਾ ਦੇ ਨਾ ਚਾਹੁੰਦਿਆਂ ਵੀ ਸੱਤਾ ਦਾ ਵਿਕੇਂਦਰੀਕਰਨ, ਵਿਸ਼ੇਸ਼ ਕਰਕੇ ਦੱਖਣੀ ਰਾਜਾਂ ਵਿਚ ਆਪਣੇ ਆਪ ਹੋਈ ਜਾ ਰਿਹਾ ਹੈ। ਸੱਤਾ ਦੇ ਕੇਂਦਰ ਦਿੱਲੀ ਨਹੀਂ, ਸਗੋਂ ਰਾਜਾਂ ਦੀਆਂ ਰਾਜਧਾਨੀਆਂ ਤੇ ਸੂਬਾਈ ਆਗੂ ਬਣ ਰਹੇ ਹਨ। ਕੇਂਦਰਵਾਦੀ ਕਾਂਗਰਸ ਅਤੇ ਭਾਜਪਾ ਵਰਗੀਆਂ ਪਾਰਟੀਆਂ ਇਸੇ ਕਾਰਨ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਅੰਦਰੋਂ ਅਸਥਿਰ ਰਹਿੰਦੀਆਂ ਹਨ। 2019 ਜਾਂ ਉਸ ਤੋਂ ਅਗਲੇਰੀਆਂ ਲੋਕ ਸਭਾ ਚੋਣਾਂ ਵਿਚ ਅਜਿਹੀ ਸਥਿਤੀ ਵੀ ਬਣ ਸਕਦੀ ਹੈ ਜਿਸ ਵਿਚ ਖੇਤਰੀ ਪਾਰਟੀਆਂ ਭਾਰਤੀ ਸੱਤਾ ਦੀਆਂ ਦਾਅਵੇਦਾਰ ਬਣ ਸਕਦੀਆਂ ਹਨ ਤੇ ਉਪਰੋਕਤ ਕੇਂਦਰਵਾਦੀ ਪਾਰਟੀਆਂ ਨੂੰ ਇਨ੍ਹਾਂ ਦੀ ਹਮਾਇਤ ਕਰਨੀ ਪੈ ਸਕਦੀ ਹੈ। ਕਰਨਾਟਕ ਦਾ ਤਜਰਬਾ ਅਜਿਹੀ ਦੱਸ ਪਾਉਂਦਾ ਹੈ। ਭਾਰਤੀ ਰਾਜ ਸਿਸਟਮ ਇਸ ਉਲਟ ਫੇਰ ਤੋਂ ਉਸ ਹਾਲਤ ਵਿਚ ਹੀ ਬੱਚ ਸਕਦਾ ਹੈ, ਜੇਕਰ ਕੇਂਦਰ ਕੋਲ ਦੇਸ਼ ਦੀ ਰੱਖਿਆ, ਵਿਦੇਸ਼ੀ ਮਾਮਲੇ, ਡਾਕ ਤਾਰ ਅਤੇ ਰੇਲਵੇ ਦੇ ਮਹਿਕਮੇ ਰਹਿ ਜਾਣ ਅਤੇ ਬਾਕੀ ਮਹਿਕਮਿਆਂ ਵਿਚ ਰਾਜਾਂ ਨੂੰ ਸਰਬ ਸੰਪੰਨ ਬਣਾਇਆ ਜਾਵੇ। ਭਾਰਤ ਦੇ ਸੰਵਿਧਾਨ ਵਿਚ ਸੋਧ ਰਾਹੀ ਭਾਰਤ ਦੇ ਰਾਜਾਂ ਨੂੰ ਜੇਕਰ ਆਪਣੀਆਂ ਲੋੜਾਂ ਤੇ ਸਭਿਆਚਾਰ ਅਨੁਸਾਰ ਆਪਣਾ ਸੰਵਿਧਾਨ ਬਣਾਉਣ, ਆਪਣਾ ਵੱਖਰਾ ਕੌਮੀ ਝੰਡਾ ਰੱਖਣ ਤੇ ਆਰਥਿਕ ਤੇ ਪ੍ਰਬੰਧਕੀ ਖੇਤਰਾਂ ਵਿਚ ਆਪਣੇ ਕਾਨੂੰਨ ਬਣਾਉਣ ਆਦਿ ਦੇ ਅਧਿਕਾਰ ਦੇ ਦਿੱਤੇ ਜਾਣ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਅਰਧ-ਆਜ਼ਾਦ ਕਰਕੇ ਆਪਣੇ ਸਾਂਝੇ ਹਿੱਤਾਂ ਕਾਰਨ ਕਨਫ਼ੈਡਰੇਸ਼ਨ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਜਾਵੇ ਤਾਂ ਭਾਰਤ ਦੀ ਏਕਤਾ, ਤਰੱਕੀ ਅਤੇ ਵਿਸ਼ਵ ਪੱਧਰ 'ਤੇ ਵਧੇਰੇ ਯੋਗਦਾਨ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਹਾਲਾਤ ਅੱਗੇ ਗੋਡੇ ਟੇਕਦਿਆਂ ਜੇਕਰ ਭਵਿੱਖ ਵਿਚ ਭਾਰਤ ਉੱਤੇ ਕੋਈ "ਰੂਸੀ ਗੋਰਬਾਚੋਵ" ਵਰਗਾ ਆਗੂ ਰਾਜ ਕਰਨ ਲੱਗ ਜਾਏ ਤਾਂ ਭਾਰਤੀ ਸੂਬਿਆਂ ਨੂੰ ਕੇਂਦਰ ਤੋਂ ਆਜ਼ਾਦ ਹੋਣ ਤੋਂ ਕੌਣ ਰੋਕ ਸਕੇਗਾ?

ਸਿੱਖ ਭਾਰਤੀ ਉਪ-ਮਹਾਂਦੀਪ ਦੀ ਵੱਖਰੀ ਮਹੱਤਵਪੂਰਨ ਕੌਮ ਹਨ। 1847 ਦੀ ਤਰਾਸਦੀ ਤੋਂ ਬਾਅਦ ਉਨ੍ਹਾਂ ਨੂੰ 1947 ਵਿਚ ਇਕ ਹੋਰ ਤਰਾਸਦੀ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੀ ਤਕਦੀਰ ਭਾਰਤ ਨਾਲ ਜੁੜ ਗਈ ਸੀ। ਉਸ ਸਮੇਂ ਤੋਂ ਉਹ ਕੇਂਦਰ ਸਰਕਾਰ ਵਿਰੁੱਧ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਇਕ ਜਾਂ ਦੂਜੇ ਰੂਪ ਵਿਚ ਸਫ਼ਲ-ਅਸਫ਼ਲ ਸੰਘਰਸ਼ ਕਰਦੇ ਆ ਰਹੇ ਹਨ। ਜਿਉਂ-ਜਿਉਂ ਸਮਾਂ ਬੀਤਦਾ ਜਾ ਰਿਹਾ ਹੈ, ਵਿਸ਼ਵ ਦੇ ਹਾਲਾਤ ਵੀ ਬਦਲਦੇ ਜਾ ਰਹੇ ਹਨ। ਵਿਸ਼ਵ ਸੱਤਾ ਦੇ ਨਵੇਂ ਕੇਂਦਰ ਹੋਂਦ ਵਿਚ ਆ ਰਹੇ ਹਨ। ਇਨ੍ਹਾਂ ਹਾਲਾਤ ਵਿਚ ਵਿਸ਼ਵ ਕਲਿਆਣ ਹਿੱਤ ਸਿੱਖਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਉਣੀ ਪੈਣੀ ਹੈ। ਪਰ ਇਸ ਪ੍ਰਥਾਇ ਉਨ੍ਹਾਂ ਦਾ ਭਾਰਤ ਤੇ ਵਿਸ਼ਵ ਵਿਚ ਸ਼ਕਤੀਸ਼ਾਲੀ ਹੋਣਾ ਜ਼ਰੂਰੀ ਹੈ। ਉਹ ਭਾਰਤੀ ਸੂਬਿਆਂ ਨੂੰ ਵੀ ਸ਼ਕਤੀਸ਼ਾਲੀ ਹੋਇਆ ਵੇਖਣਾ ਚਾਹੁੰਦੇ ਹਨ। ਸਮਾਂ ਆਉਣ 'ਤੇ ਉਹ ਉਨ੍ਹਾਂ ਦੀ ਸਿਧਾਂਤਕ-ਰਾਜਨੀਤਕ ਅਗਵਾਈ ਵੀ ਕਰ ਸਕਦੇ ਹਨ। ਭਾਰਤ ਦੇ ਕੇਂਦਰੀ ਸੂਬਾਈ-ਖੇਤਰੀ ਕਨਫ਼ੈਡਰਲ ਰਾਜ ਸਿਸਟਮ ਦੀ ਨਵ-ਬਣਤਰ ਤੇ ਰਾਜਾਂ ਤੇ ਕੇਂਦਰ ਵਿਚਕਾਰ ਸੰਤੁਲਿਤ ਤਰੀਕੇ ਨਾਲ ਅਧਿਕਾਰਾਂ ਦੀ ਨਵੀਂ ਵੰਡ ਕਰਨ ਨਾਲ ਭਾਰਤ ਦੀ ਏਕਤਾ ਤੇ ਸ਼ਕਤੀ ਬਚਾਈ ਜਾ ਸਕਦੀ ਹੈ। ਸਿੱਖਾਂ ਦੀਆਂ ਭਵਿੱਖਮੁਖੀ ਇਛਾਵਾਂ ਸਬੰਧੀ ਇਕ ਵਿਸ਼ਾਲ ਭਵਿੱਖ-ਦ੍ਰਿਸ਼ਟੀ ਨੂੰ ਤਿਆਰ ਕਰਨਾ ਅਤੇ ਉਸ ਲਈ ਨਵੇਂ ਸਿਰਿਉਂ ਸੰਘਰਸ਼ ਕਰਨਾ ਪੰਥਕ ਵਿਦਵਾਨਾਂ ਅਤੇ ਆਗੂਆਂ ਦੀ ਜ਼ਿੰਮੇਵਾਰੀ ਹੈ।

## ਲੰਡਨ ਐਲਾਨਨਾਮਾ : ਖਾਲਿਸਤਾਨ ਦੀ ਕਾਇਮੀ ਲਈ ਸਿੱਖ ਕੌਮ ਦੀ ਇਕ ਹੋਰ ਪੁਲਾਂਘ

ਅਤੇ ਸੰਨ 1995 ਵਿਚ ਜਾਰੀ 'ਅੰਮ੍ਰਿਤਸਰ ਐਲਾਨਨਾਮੇ' ਰਾਹੀਂ ਸਿੱਖ ਕੌਮ ਪਹਿਲਾਂ ਹੀ ਆਜ਼ਾਦ ਖਾਲਿਸਤਾਨ ਦੀ ਮੰਗ ਕਰ ਚੁੱਕੀ ਹੈ। ਇਸ ਇਕੱਤਰਤਾ ਮੌਕੇ ਕੀਤੇ ਐਲਾਨ ਨਾਲ ਸਿੱਖਾਂ ਦੀ ਆਜ਼ਾਦੀ ਦੀ ਤਵਾਰੀਖ ਵਿਚ "ਲੰਡਨ ਐਲਾਨਨਾਮਾ" ਵੀ ਜੁੜ ਗਿਆ ਹੈ। ਇਸ ਐਲਾਨਨਾਮੇ ਰਾਹੀਂ ਸੰਸਾਰ ਪੱਧਰ ਦੇ ਸਿੱਖਾਂ ਦੀ ਰਾਇਸ਼ੁਮਾਰੀ ਕਰਵਾ ਕੇ ਪੰਜਾਬ ਨੂੰ ਭਾਰਤ ਤੋਂ ਵੱਖਰਾ ਕਰ ਕੇ ਸਿੱਖਾਂ ਦਾ ਆਪਣਾ ਕੌਮੀ ਘਰ-ਖਾਲਿਸਤਾਨ ਬਣਾਉਣ ਦੀ ਮੰਗ ਕੀਤੀ ਗਈ। ਯਾਦ ਰਹੇ, ਕਿ ਸਰਬੱਤ ਖਾਲਸਾ ਵੱਲੋਂ 29 ਅਪ੍ਰੈਲ 1986 ਨੂੰ ਖਾਲਿਸਤਾਨ ਦਾ ਐਲਾਨ ਕੀਤਾ ਜਾ ਚੁੱਕਾ ਹੈ। ਹੁਣ ਲੰਡਨ ਐਲਾਨਨਾਮਾ ਨਵੰਬਰ-2020 ਵਿਚ ਖਾਲਿਸਤਾਨ ਦੀ ਕਾਇਮੀ ਲਈ ਰੈਫਰੰਡਮ ਕਰਵਾਉਣ ਸਬੰਧੀ ਕੀਤਾ ਗਿਆ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਅਤੇ ਵਿਦੇਸ਼ਾਂ ਵਿਚ ਰਹਿ ਕੇ ਖਾਲਿਸਤਾਨ ਦੀ ਲੜਾਈ ਲੜਨ ਵਾਲੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ ਦੇ ਆਗੂ ਇਸ ਰੈਲੀ ਵਿਚੋਂ ਗ਼ੈਰ ਹਾਜ਼ਰ ਰਹੇ। ਇਸ ਕਰਕੇ ਸਿੱਖਜ਼ ਫਾਰ ਜਸਟਿਸ ਦੀ ਇਸ ਰੈਲੀ ਨੂੰ ਸਿੱਖ ਜਗਤ ਵਿਚ ਕੋਈ ਵੱਡਾ ਹੁੰਗਾਰਾ ਨਹੀਂ ਮਿਲ ਸਕਿਆ।

ਰੈਲੀ ਦੀ ਸ਼ੁਰੂਆਤ ਸਿੱਖ ਅਰਦਾਸ ਨਾਲ ਕੀਤੀ ਗਈ। ਉਪਰੰਤ ਸਿੱਖਸ ਫਾਰ ਜਸਟਿਸ ਦੇ ਬਾਨੀ ਭਾਈ ਅਵਤਾਰ ਸਿੰਘ ਪੰਨੂ ਨੇ ਰੈਲੀ ਦੀ ਸ਼ੁਰੂਆਤ ਵਿਚ "ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ "ਨਾਲ ਕਰਦੇ ਹੋਏ ਖਾਲਿਸਤਾਨ ਦੀ ਪ੍ਰਾਪਤੀ ਤਕ ਸ਼ੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ। ਇਸ ਸਿੱਖ ਇਕੱਤਰਤਾ ਵਿਚ ਤਿੰਨ ਮਤੇ ਪਾਸ ਕੀਤੇ ਗਏ। ਪਹਿਲਾ ਮਤਾ ਸੰਨ 1950 ਵਿਚ ਲਾਗੂ ਹੋਏ ਹਿੰਦੂਸਤਾਨ ਦੇ ਸੰਵਿਧਾਨ ਨੂੰ ਸਿੱਖ ਕੌਮ ਵੱਲੋਂ ਰੱਦ ਕਰਨ, ਦੂਜਾ ਮਤਾ ਖਾਲਿਸਤਾਨ ਦੀ ਕਾਇਮੀ ਲਈ ਨਵੰਬਰ ਮਹੀਨੇ 'ਚ 'ਰੈਫਰੰਡਮ 2020' ਕਰਵਾਉਣ ਅਤੇ ਤੀਜਾ ਮਤਾ ਸਿੱਖਸ ਫਾਰ ਜਸਟਿਸ ਵੱਲੋਂ 'ਰੈਫਰੰਡਮ 2020' ਤੋਂ ਬਾਅਦ ਯੂਐਨਓ ਵਿਚ ਇਸ ਦੇ ਆਧਾਰ ਉਤੇ ਖਾਲਿਸਤਾਨ ਦਾ ਕੇਸ ਪੇਸ਼ ਕਰਨ ਦੇ ਵਾਅਦੇ ਦਾ ਪੇਸ਼ ਕੀਤਾ ਗਿਆ, ਜਿਸ ਨੂੰ ਹਾਜ਼ਰ ਸਿੱਖਾਂ ਨੇ ਦੋਵੇਂ ਹੱਥ ਖੜ੍ਹੇ ਕਰ ਕੇ "ਜੋ ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨ ਕੀਤਾ।

ਰੈਲੀ ਵਿਚ ਖਾਲਿਸਤਾਨ ਪੱਖੀਆਂ ਵੱਲੋਂ 'ਖਾਲਿਸਤਾਨ ਜ਼ਿੰਦਾਬਾਦ', ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾਬਾਦ ਅਤੇ ਭਾਈ ਜਗਤਾਰ ਸਿੰਘ ਹਵਾਰਾ ਜ਼ਿੰਦਾਬਾਦ ਦੇ ਨਾਅਰੇ ਗੂੰਜਾਏ ਜਾ ਰਹੇ ਸਨ ਅਤੇ ਹੱਥਾਂ 'ਚ ਭਾਰਤ ਵਿਰੋਧੀ ਤਖ਼ਤੀਆਂ ਫੜੀਆਂ ਹੋਈਆਂ ਸਨ। ਸਕਾਟਲੈਂਡ ਯਾਰਡ ਨੇ ਟ੍ਰੈਫਾਲਗਰ ਸਕੁਏਅਰ 'ਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਸਨ ਤਾਂ ਜੋ ਦੋਵੇਂ ਧਿਰਾਂ ਆਹਮੋ-ਸਾਹਮਣੇ ਨਾ ਆ ਸਕਣ। ਇੰਗਲੈਂਡ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵੱਲੋਂ ਸਿੱਖ ਸੰਗਤ ਨੂੰ ਰੈਲੀ ਵਾਲੀ ਥਾਂ ਉਤੇ ਪਹੁੰਚਾਉਣ ਲਈ ਬੱਸਾਂ ਤੇ ਕਾਰਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਸਿੱਖਸ ਫਾਰ ਜਸਟਿਸ ਦੀ ਰੀੜ੍ਹ ਦੀ ਹੱਡੀ ਭਾਈ ਗੁਰਪਤਵੰਤ ਸਿੰਘ ਪੰਨੂ ਨੇ ਸਟੇਜ ਤੇ ਆਉਂਦਿਆਂ ਹੀ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਅਤੇ ਉਸ ਤੋਂ ਬਾਅਦ ਸਿੱਖ ਸੰਘਰਸ਼ ਵਿਚ ਜਾਨਾਂ ਵਾਰ ਗਏ ਯੋਧਿਆਂ ਨੂੰ ਯਾਦ ਕਰਦਿਆਂ ਲੰਦਨ ਐਲਾਨਨਾਮਾ ਉਹਨਾਂ ਦੇ ਨਾਮ ਸਮਰਪਿਤ ਕੀਤਾ। ਉਹਨਾਂ ਕਿਹਾ ਕਿ ਭਾਰਤ ਦਾ 70 ਸਾਲ ਦਾ ਇਤਿਹਾਸ ਦਹਿਸ਼ਤਗਰਦੀ ਦਾ ਇਤਿਹਾਸ ਹੈ ਅਤੇ ਉਹਨਾਂ ਨੇ ਖਾਲਿਸਤਾਨ ਦੀ ਪ੍ਰਾਪਤੀ ਤਕ ਸ਼ੰਘਰਸ਼ ਜਾਰੀ ਰੱਖਣ ਦਾ ਸੰਗਤ ਦੀ ਹਾਜ਼ਰੀ ਵਿਚ ਅਹਿਦ ਲਿਆ। ਉਹਨਾਂ ਨੇ ਸੰਗਤ ਨੂੰ ਤਿੰਨ ਮਤੇ ਪੜ੍ਹ ਕੇ ਸੁਣਾਏ ਅਤੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਵੀ ਲਈ।

ਗੁਰਪਤਵੰਤ ਸਿੰਘ ਪੰਨੂ ਨੇ ਤਿੰਨੋਂ ਮਤੇ ਪੜ੍ਹੇ ਅਤੇ ਖੁੱਲ੍ਹੇਆਮ ਖ਼ਾਲਿਸਤਾਨ ਬਣਾਉਣ ਲਈ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਨਵੰਬਰ 2020 ਵਿਚ ਪੰਜਾਬ ਸਮੇਤ ਵਿਸ਼ਵ ਭਰ ਵਿਚ ਗੈਰ-ਸਰਕਾਰੀ ਰੈਫ਼ਰੰਡਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੰਨ 1950 ਵਿਚ ਜੋ ਸੰਵਿਧਾਨ ਲਾਗੂ ਕੀਤਾ ਗਿਆ ਸੀ, ਉਸ ਵਿਚ ਸਿੱਖਾਂ ਨੂੰ ਵੱਖਰੀ ਕੌਮ ਵੱਜੋਂ ਮਾਨਤਾ ਨਹੀਂ ਦਿੱਤੀ ਗਈ ਅਤੇ ਸਿੱਖਾਂ ਨੂੰ ਹਿੰਦੂ ਦੱਸਿਆ ਗਿਆ ਹੈ, ਜਿਸ ਦਾ ਵਿਰੋਧ ਕਰਦਿਆਂ ਜੇ ਤੁਹਾਡੀ ਅਲੱਗ ਬੋਲੀ, ਧਰਮ ਗ੍ਰੰਥ ਅਤੇ ਖਿੱਤਾ ਹੋਵੇ ਤਾਂ ਅਧਿਕਾਰ ਹਨ ਕਿ ਆਜ਼ਾਦੀ ਲਈ ਜਾਵੇ। ਉਨ੍ਹਾਂ ਕਿਹਾ ਕਿ ਰੈਫ਼ਰੰਡਮ ਤੋਂ ਬਾਅਦ ਪੰਜਾਬ ਦੀ ਆਜ਼ਾਦੀ ਦਾ ਮਾਮਲਾ ਯੂਐਨਓ. ਕੋਲ ਉਠਾਇਆ ਜਾਵੇਗਾ। ਤੀਜੇ ਮਤੇ ਵਿਚ ਕਿਹਾ ਗਿਆ ਕਿ ਯੂਐਨਓ. ਵਿਚ ਪੰਜਾਬ ਦੀ ਆਜ਼ਾਦੀ ਖ਼ਾਲਿਸਤਾਨ ਲਈ ਦਾਅਵਾ ਪੇਸ਼ ਕਰਨ ਤੋਂ ਬਾਅਦ ਆਜ਼ਾਦੀ ਤਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਸ ਰੈਲੀ ਜ਼ਰੀਏ ਲੰਡਨ ਡਿਕਲੈਰੇਸ਼ਨ ਨੂੰ ਸੰਯੁਕਤ ਰਾਸ਼ਟਰ ਵਿਚ ਰੱਖਣਾ ਹੈ। ਇਸ ਨਾਲ ਹੀ ਉਸ ਦੇ ਮੈਂਬਰ ਦੇਸ਼ਾਂ ਨੂੰ ਇਹ ਵੀ ਦੱਸਣਾ ਹੈ ਕਿ ਆਜ਼ਾਦ ਪੰਜਾਬ ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਮੁਤਾਬਕ ਇਸ ਰੈਲੀ 'ਚ ਸ਼ਾਮਲ ਹੋਣ ਲਈ ਸਿੱਖ ਭਾਈਚਾਰੇ ਦੇ ਲੋਕ ਦੁਨੀਆ ਭਰ ਵਿਚੋਂ ਲੰਦਨ 'ਚ ਪਹੁੰਚੇ ਹਨ। ਖਾਸ ਕਰਕੇ ਬ੍ਰਿਟੇਨ ਦੇ ਸਿੱਖ ਵੱਡੀ ਗਿਣਤੀ 'ਚ ਇਸ ਰੈਲੀ 'ਚ ਪਹੁੰਚੇ। ਸਿੱਖਜ਼ ਫ਼ਾਰ ਜਸਟਿਸ ਦੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਆਸ ਤੋਂ ਕਿਤੇ ਵੱਧ ਲੋਕ ਟਰੈਫ਼ਾਲਗਰ ਚੌਕ ਵਿਚ ਇਕੱਤਰ ਹੋ ਗਏ ਜਦਕਿ ਕੁਝ ਲੋਕਾਂ ਦਾ ਮੰਨਣਾ ਸੀ ਕਿ ਬਹੁਤੇ ਸਿੱਖ ਇਸ ਵਿਚ ਸ਼ਾਮਲ ਨਹੀਂ ਹੋਏ ਤੇ ਦੂਰ ਹੀ ਰਹੇ।

ਗੌਰਤਲਬ ਹੈ ਕਿ ਪਹਿਲੇ ਹੀ ਮਤੇ ਰਾਹੀਂ ਹਿੰਦੂਸਤਾਨ ਦੇ ਸੰਵਿਧਾਨ ਨੂੰ ਰੱਦ ਕਰਨ ਦੀ ਕਾਰਵਾਈ ਇਕ ਤਰ੍ਹਾਂ ਨਾਲ ਇਤਿਹਾਸ ਦਾ ਦੁਹਰਾਉਣਾ ਹੀ ਸੀ, ਕਿਉਂਕਿ ਭਾਰਤੀ ਸੰਵਿਧਾਨ ਘੜਨ ਵਾਲੀ ਕਮੇਟੀ ਵਿਚ ਸ਼ਾਮਿਲ ਸਿੱਖਾਂ ਦੇ ਨੁਮਾਇੰਦਿਆਂ ਨੇ ਉਦੋਂ ਹੀ ਇਸ ਸੰਵਿਧਾਨ ਉਤੇ ਦਸਤਖਤ ਨਾ ਕਰਕੇ ਸਿੱਖ ਕੌਮ ਵੱਲੋਂ ਸੰਵਿਧਾਨ ਅਪ੍ਰਵਾਨ ਕਰ ਦਿੱਤਾ ਗਿਆ ਸੀ।

ਇਸ ਰੈਲੀ ਦੌਰਾਨ ਅਮਰੀਕਾ, ਬਰਤਾਨੀਆ ਤੇ ਹੋਰ ਦੇਸ਼ਾਂ ਵਿਚੋਂ ਆਏ ਸਿੱਖਾਂ ਨੇ ਯੂਐਨ. ਚਾਰਟਰ ਦੇ ਆਰਟੀਕਲ 1 ਅਧੀਨ ਸੰਨ 2020 ਵਿਚ ਸਿੱਖਾਂ ਲਈ ਆਤਮ ਨਿਰਣੇ (ਸੈਲਫ਼-ਡਿਟਰਮੀਨੇਸ਼ਨ) ਦਾ ਅਧਿਕਾਰ ਮੰਗਿਆ ਗਿਆ। ਇਥੇ ਕਿਹਾ ਗਿਆ ਕਿ ਭਾਰਤ ਵਿਚ ਸਿੱਖ ਖ਼ਤਰੇ ਵਿਚ ਹਨ ਕਿਉਂਕਿ ਭਾਰਤ ਸਰਕਾਰ ਜਦ ਚਾਹੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੰਦੀ ਹੈ, ਜਦ ਚਾਹੇ ਪੰਜਾਬ ਦਾ ਪਾਣੀ ਲੁੱਟ ਲੈਂਦੀ ਹੈ ਤੇ ਜਦ ਚਾਹੇ ਸਿੱਖਾਂ ਦੇ 'ਹੋਮਲੈਂਡ' ਨੂੰ ਆਰਥਕ ਤੌਰ 'ਤੇ ਤਬਾਹ ਕਰਨ ਦੇ ਫ਼ੈਸਲੇ ਕਰ ਲੈਂਦੀ ਹੈ। ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਨੇ ਅੰਦਰੂਨੀ ਤੌਰ 'ਤੇ ਸਾਰੇ ਢੰਗ ਵਰਤ ਕੇ ਇਨਸਾਫ਼ ਲੈਣ ਦੀ ਹਰ ਕੋਸ਼ਿਸ਼ ਕਰ ਕੇ ਵੇਖ ਲਿਆ ਹੈ ਤੇ ਹੁਣ ਯੂਐਨ. ਚਾਰਟਰ ਅਧੀਨ ਸਾਰੇ ਸੰਸਾਰ ਦੇ ਸਿੱਖਾਂ ਦਾ ਰੈਫ਼ਰੰਡਮ ਕਰਵਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ। ਇਸ ਮੌਕੇ ਜ਼ੋਰਦਾਰ ਢੰਗ ਨਾਲ ਕਿਹਾ ਗਿਆ ਕਿ ਅੰਤਰ-ਰਾਸ਼ਟਰੀ ਕਾਨੂੰਨ ਅਜਿਹੇ ਅਧਿਕਾਰ ਨੂੰ ਪ੍ਰਵਾਨ ਕਰਦਾ ਹੈ।

ਸਿੱਖਜ਼ ਫਾਰ ਜਸਟਿਸ ਨੇ ਕਿਹਾ ਕਿ ਉਨ੍ਹਾਂ ਦੀ ਰੈਲੀ ਸੰਨ 2020 'ਚ ਹੋਣ ਵਾਲੇ ਰੈਫਰੰਡਮ ਬਾਰੇ ਜਾਗਰੂਕਤਾ ਫੈਲਾਉਣਾ ਚਾਹੁੰਦੀ ਹੈ ਜਿਸ ਤਹਿਤ ਵੱਡੀ ਸਿੱਖ ਆਬਾਦੀ ਵਾਲੇ ਪੰਜਾਬ ਨੂੰ ਭਾਰਤ ਆਜ਼ਾਦੀ ਦੇਵੇ। ਪ੍ਰਬੰਧਕਾਂ ਦਾ ਮੰਨਣਾ ਹੈ ਕਿ ਰੈਲੀ ਦੌਰਾਨ ਵੱਡੀ ਗਿਣਤੀ 'ਚ ਖਾਲਿਸਤਾਨ ਪੱਖੀ ਲੋਕਾਂ ਦੇ ਜੁੜਨ ਨਾਲ ਸੰਯੁਕਤ ਰਾਸ਼ਟਰ 'ਤੇ ਦਬਾਅ ਬਣਾ ਕੇ ਭਾਰਤ ਨੂੰ ਰਾਇਸ਼ੁਮਾਰੀ ਕਰਾਉਣ ਲਈ ਆਖਿਆ ਜਾਵੇਗਾ।

ਇਸ ਰੈਲੀ ਵਿਚ ਹਾਊਸ ਆਫ਼ ਲਾਰਡਜ਼ 'ਚ ਪਾਕਿਸਤਾਨ ਮੂਲ ਦੇ ਮੈਂਬਰ ਲਾਰਡ ਨਜ਼ੀਰ ਅਹਿਮਦ ਮੁੱਖ ਬੁਲਾਰਿਆਂ 'ਚ ਸ਼ਾਮਲ ਸਨ। ਲਾਰਡ ਨਜ਼ੀਰ ਅਹਿਮਦ ਨੇ ਸਟੇਜ ਤੋਂ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਵਾਏ ਅਤੇ ਪੰਜਾਬੀ ਵਿਚ ਭਾਸ਼ਣ ਦਿੰਦਿਆਂ ਖ਼ਾਲਿਸਤਾਨ ਅਤੇ ਕਸ਼ਮੀਰ ਦੀ ਆਜ਼ਾਦੀ ਲਈ ਸਮਰਥਨ ਦਾ ਐਲਾਨ ਕੀਤਾ। ਇਸ ਮੌਕੇ ਬੋਲਦਿਆਂ ਨਜੀਰ ਅਹਿਮਦ ਨੇ ਕਿਹਾ ਕਿ ਸਿੱਖਾਂ ਵੱਲੋਂ 29 ਅਪ੍ਰੈਲ 1964 ਨੂੰ ਕੀਤੇ ਖਾਲਿਸਤਾਨ ਦੇ ਐਲਾਨ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਮਦਦ ਕਰਨ ਦਾ ਭਰੋਸਾ ਦਿਵਾਉਂਦਾ ਹਾਂ।

ਰੈਲੀ ਨੂੰ ਡਾ. ਬਖਸ਼ੀਸ਼ ਸਿੰਘ ਸੰਧੂ ਨੇ ਵੀ ਸੰਬੋਧਨ ਕੀਤਾ। ਡਾਕਟਰ ਬਖ਼ਸ਼ੀਸ਼ ਸਿੰਘ ਨੇ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਸਿੱਖਾਂ ਦਾ ਇਤਿਹਾਸਿਕ ਦਾਅਵਾ ਬਣਦਾ ਹੈ। ਉਹਨਾਂ ਨੇ 1947 ਤੋਂ ਬਾਅਦ ਭਾਰਤ ਵੱਲੋਂ ਸਿੱਖਾਂ ਦੇ ਕਤਲੇਆਮ, 1955 ਵਿਚ ਦਰਬਾਰ ਸਾਹਿਬ ਤੇ ਹੋਏ ਹਮਲੇ, 1984 ਦੇ ਦਰਬਾਰ ਸਾਹਿਬ ਦੇ ਹਮਲੇ, ਨਵੰਬਰ 1984 ਤੋਂ ਚੱਲ ਰਹੀਂ ਸਿੱਖਾਂ ਦੀ ਨਸ਼ਲਕੁਸ਼ੀ ਦੇ ਹਵਾਲੇ ਦੇ ਕੇ ਦੱਸਿਆ ਕਿ ਸਿੱਖਾਂ ਵੱਲੋਂ ਕੀਤੀ ਜਾਂਦੀ ਖਾਲਿਸਤਾਨ ਦੀ ਮੰਗ ਦਾ ਦਾਅਵਾ ਬਣਦਾ ਹੈ।

ਗਲੋਬਲ ਡਿਲੀਜੈਂਸ ਦੇ ਅੰਤਰ-ਰਾਸ਼ਟਰੀ ਕਾਨੂੰਨ ਦੇ ਮਾਹਰ ਰਿਚਰਡ ਰੋਜਰਜ਼ ਨੇ ਰਿਫ਼ਰੈਂਡਮ ਦੇ ਅਰਥ ਖੋਲ੍ਹ ਕੇ ਸਮਝਾਏ ਤੇ ਕਿਹਾ ਕਿ ਇਹ ਅਧਿਕਾਰ ਮਨੁੱਖੀ ਅਧਿਕਾਰਾਂ ਵਿਚੋਂ ਸਭ ਤੋਂ ਮੁਢਲਾ ਅਧਿਕਾਰ ਹੈ ਜੋ ਕਿਸੇ ਵੀ ਦੇਸ਼ ਵਿਚ ਰਹਿੰਦੀਆਂ ਕੌਮਾਂ ਨੂੰ ਦਿੱਤਾ ਗਿਆ ਹੈ ਤੇ ਯੂਐਨ.ਚਾਰਟਰ ਵਿਚ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਉਹ ਕੌਮ (ਲੋਕ) ਹੋਣ ਦੀ ਸ਼ਰਤ ਪੂਰੀ ਕਰਦਾ ਹੈ ਜਿਸ ਨੂੰ ਇਹ ਅਧਿਕਾਰ ਮਿਲ ਸਕਦਾ ਹੈ। ਮਿ. ਰਿਚਰਡ ਨੇ ਕਿਹਾ ਕਿ ਸੰਨ 1947 ਵਿਚ ਜੋ ਵਾਅਦੇ ਸਿੱਖਾਂ ਨਾਲ ਜਵਾਹਰ ਲਾਲ ਨਹਿਰੂ ਨੇ ਕੀਤੇ ਸਨ, ਉਹ ਨਿਭਾਏ ਨਹੀਂ ਗਏ। ਪਾਣੀਆਂ ਦਾ ਵਿਤਕਰਾ ਗਿਆ , ਸੰਨ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ, ਜਿਨ੍ਹਾਂ ਨੂੰ ਆਧਾਰ ਬਣਾ ਕੇ ਕੇਸ ਕੀਤਾ ਜਾ ਸਕਦਾ ਹੈ। ਰਿਚਰਡ ਰੋਜਰਜ਼ ਨੇ ਕਾਸੋਵੋ ਅਤੇ ਯੂਐਨ ਦੇ ਚਾਰਟਰ ਦੀਆਂ ਉਦਾਹਰਨਾਂ ਦੇ ਕੇ ਦੱਸਿਆ ਕਿ ਸਿੱਖਾਂ ਦਾ ਸਵੈ-ਨਿਰਣੇ ਦਾ ਕੇਸ ਹੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਹੱਕ ਦੀ ਪ੍ਰਾਪਤੀ ਲਈ ਤਿੰਨ ਸ਼ਰਤਾਂ ਜ਼ਰੂਰੀ ਹਨ, ਪਹਿਲੀ ਅੰਗਰੇਜ਼ਾਂ ਨੇ ਤੁਹਾਡੇ 'ਤੇ ਰਾਜ ਕੀਤਾ ਹੋਵੇ, ਦੂਜਾ ਤੁਹਾਡੇ ਰਾਜ ਨੂੰ ਆਪਣੇ ਕਬਜ਼ੇ ਵਿਚ ਲਿਆ ਹੋਵੇ ਅਤੇ ਤੀਜਾ ਕੌਮ ਨੇ ਆਜ਼ਾਦੀ ਲਈ ਸੰਘਰਸ਼ ਕੀਤਾ ਹੋਵੇ ਅਤੇ ਸਮੇਂ ਦੀ ਸਰਕਾਰ ਨੇ ਉਸਨੂੰ ਲਗਾਤਾਰ ਦਬਾਇਆ ਹੋਵੇ।

ਗੁਰਪ੍ਰੀਤ ਸਿੰਘ ਢਿੱਲੋਂ ਨੇ ਮਿ. ਰਿਚਰਡ ਦੇ ਬਿਆਨ ਦਾ ਪੰਜਾਬੀ ਤਰਜਮਾ ਕੀਤਾ ਅਤੇ ਕਿਹਾ ਕਿ ਸੰਨ ੧੯੪੯ ਵਿਚ ਸਿੱਖ ਰਾਜ ਅੰਗਰੇਜ਼ਾਂ ਨੇ ਧੋਖੇ ਨਾਲ ਖੋਹਿਆ ਸੀ। ਜਦੋਂ ਸਿੱਖ ਰਾਜ ਹੋਂਦ ਵਿਚ ਸੀ, ਉਸ ਵੇਲੇ ਹਿੰਦੂਸਤਾਨ ਨਾਂ ਦਾ ਦੇਸ਼ ਕਿਤੇ ਨਹੀਂ ਸੀ।

ਡਾਊਟੀ ਸਟਰੀਟ ਚੈਂਬਰਸ ਦੇ ਉਘੇ ਵਕੀਲ ਜੈਮੀ ਬਰਟਨ ਨੇ ਰੈਲੀ ਵਿਚ ਕਿਹਾ ਕਿ ੧੯੯੧ ਤੋਂ ਬਾਅਦ ੫੪ ਰੈਫਰੰਡਮ ਹੋਏ ਹਨ ਅਤੇ ਉਹਨਾਂ ਵਿੱਚੋਂ ੨੭ ਗੈਰ-ਸਰਕਾਰੀ ਹੋਏ ਹਨ। ਅੰਤਰਰਾਸ਼ਟਰੀ ਪੱਧਰ 'ਤੇ ਇਹ ਤਰੀਕਾ ਪਰਖਿਆ ਹੋਇਆ ਹੈ। ਉਸ ਨੇ ਸਿੱਖਾਂ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਰੈਫਰੰਡਮ ਪ੍ਰਕਿਰਿਆ ਦਾ ਪਾਰਦਰਸ਼ੀ ਹੋਣਾ ਅਤੇ ਵੋਟ ਪਾਉਣ ਦਾ ਤਰੀਕਾ ਸਹੀ ਹੋਣਾ ਲਾਜ਼ਮੀ ਹੈ।ਵਕੀਲ ਜੈਮੀ ਬਰਟਨ ਨੇ ਕਿਹਾ ਕਿ ਅੱਜ ਸਿੱਖਾਂ ਨੇ ਇਤਿਹਾਸ ਰਚਿਆ ਹੈ ਜਿਸ ਨੂੰ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਮਾਣ ਨਾਲ ਚੇਤੇ ਰੱਖਣਗੀਆਂ।

ਇੰਗਲੈਂਡ ਦੇ ਸਾਬਕਾ ਐਮਪੀ ਅਤੇ ਸਕਾਟਲੈਂਡ ਦੀ ਅਜ਼ਾਦੀ ਦੀ ਪ੍ਰੋੜ੍ਹਤਾ ਕਰਨ ਵਾਲੇ ਜੋਰਜ ਗੈਲੋਵੇ ਨੇ ਕਿਹਾ ਕਿ ਯੂਐਨਓ ਨੇ ਕੌਮਾਂ ਨੂੰ ਆਪਣੀ ਅਜ਼ਾਦੀ ਦੀ ਪ੍ਰਾਪਤੀ ਲਈ ਰੈਫਰੰਡਮ ਦਾ ਰਾਹ ਰੱਖਿਆ ਹੈ ਇਸ ਲਈ ਸਿੱਖਾਂ ਨੂੰ ਇਸ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਗਲੋਬਲ ਡਿਲੀਜੈਂਸ ਦੇ ਹੀ ਅੰਤਰਰਾਸ਼ਟਰੀ ਕਾਨੂੰਨ ਦੇ ਮਾਹਿਰ ਵਕੀਲ ਐਂਡਰਿਊ ਪਰੇਜੈਂਟੀ ਨੇ ਵੀ ਪੂਰਬੀ ਤੈਮੂਰ ਅਤੇ ਕਾਸੋਵੋ ਦੀਆਂ ਉਦਾਹਰਣਾਂ ਦਿੰਦੇ ਹੋਏ ਸਿੱਖਾਂ ਵੱਲੋਂ ਅਜ਼ਾਦੀ ਦੀ ਮੰਗ ਨੂੰ ਜਾਇਜ਼ ਠਹਿਰਾਇਆ। ਉਸ ਨੇ ਯੂਐਨਓ ਦੇ ਖੇਤਰੀ ਗਰੁੱਪਾਂ ਨਾਲ ਤਾਲਮੇਲ ਵਧਾਉਣ ਦੀ ਸਲਾਹ ਦਿੱਤੀ।

ਬਿਕਰਮਜੀਤ ਸਿੰਘ ਸ਼ਿਕਾਗੋ ਨੇ ਕਿਹਾ ਕਿ ਖੁਦਮੁਖਤਿਆਰੀ ਤੋਂ ਬਿਨਾਂ ਕੋਈ ਹੱਲ ਹੀ ਨਹੀਂ ਹੈ ਅਤੇ ਉਨ੍ਹਾਂ ਸਿੱਖ ਸੰਗਤ ਨੂੰ ਆਜ਼ਾਦੀ ਦੀ ਇਸ ਲੜਾਈ ਦੇ ਹਮਸਫ਼ਰ ਬਣਨ ਦੀ ਅਪੀਲ ਕੀਤੀ।

ਦਪਿੰਦਰਜੀਤ ਸਿੰਘ ਯੂਕੇ ਨੇ ਕਿਹਾ ਕਿ ਭਾਰਤ ਸਰਕਾਰ ਦੁਆਰਾ ਸਿੱਖਾਂ ਨਾਲ ਕੀਤੇ ਗਏ ਧੋਖਿਆਂ ਅਤੇ ਅੱਤਿਆਚਾਰ ਕਰਕੇ ਸਿੱਖਾਂ ਕੋਲ ਅਜ਼ਾਦੀ ਤੋਂ ਬਿਨਾ ਕੋਈ ਰਾਹ ਹੀ ਨਹੀਂ ਰਹਿ ਗਿਆ ਹੈ।

ਸਾਹਬੀ ਸਿੰਘ ਕੈਲੇਫੋਰਨੀਆ ਨੇ ਜਜ਼ਬਾਤੀ ਤਕਰੀਰ ਕਰਦੇ ਹੋਏ ਕਿਹਾ ਕਿ ਪਿਛਲੇ ਸਮੇਂ ਵਿਚ ਸਿੰਘਾਂ ਵੱਲੋਂ ਵਿੱਢੇ ਸੰਘਰਸ਼ ਦੀ ਉਹ ਸ਼ਲਾਘਾ ਕਰਦੇ ਹਨ ਪਰ ਹੁਣ ਸ਼ਾਂਤਮਈ ਜਮਹੂਰੀ ਤਰੀਕੇ ਨਾਲ ਅਸੀਂ ਰਾਜ ਲੈਕੇ ਦਿਆਂਗੇ। ਅਸੀਂ ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਲੈਣਾ ਹੈ ਜਿਸ ਵਿਚ ਸਿੱਖ, ਮੁਸਲਮਾਨ, ਹਿੰਦੂ, ਦਲਿਤ ਜਾਂ ਹੋਰ ਵੀ ਕੌਮਾਂ ਵੀ ਅਜ਼ਾਦ ਰਹਿ ਸਕਣਗੀਆਂ।

ਪਰਮਜੀਤ ਸਿੰਘ ਪੰਮਾ ਯੂਕੇ ਨੇ ਜੋਸ਼ੀਲੇ ਲਫ਼ਜ਼ਾਂ ਵਿਚ ਕਿਹਾ ਕਿ ਅਸੀਂ ਭਾਰਤ ਤੋਂ ਅਜ਼ਾਦ ਹੋਣ ਦਾ ਕਾਨੂੰਨੀ ਕੇਸ ਦੁਨੀਆ ਸਾਹਮਣੇ ਪੇਸ਼ ਕਰ ਰਹੇ ਹਾਂ। ਅਸੀਂ ਅਜ਼ਾਦ ਖਾਲਸਾ ਰਾਜ ਲਈ ਆਪਣੇ ੮ ਸਾਲ ਦੇ ਬੱਚੇ ਵੀ ਵਾਰ ਦਿਆਂਗੇ ਪਰ ਇਸ ਤੋਂ ਪਿੱਛੇ ਨਹੀਂ ਹਟਾਂਗੇ

ਇਸ ਮੌਕੇ ਜਸਬੀਰ ਸਿੰਘ ਘੁੰਮਣ, ਅਮਰੀਕ ਸਿੰਘ ਸਹੋਤਾ, ਜੋਗਾ ਸਿੰਘ, ਬਲਵਿੰਦਰ ਸਿੰਘ ਚੱਠਾ ਯੂਐਸਏ., ਸ਼ਵਿੰਦਰ ਸਿੰਘ ਰੰਧਾਵਾ, ਗੁਰਚਰਨ ਸਿੰਘ ਗੁਰਾਇਆ ਫਰੈਂਕਫ਼ਰਟ, ਅਵਤਾਰ ਸਿੰਘ ਸੰਘੇੜਾ, ਸੁਖਵਿੰਦਰ ਸਿੰਘ ਠਾਣਾ ਅਤੇ ਜਸਬੀਰ ਸਿੰਘ ਦਿੱਲੀ ਵੀ ਹਾਜ਼ਰ ਸਨ।

ਉਧਰ ਭਾਰਤ ਸਰਕਾਰ ਨੇ ਇਸ ਰੈਲੀ ਦਾ ਵਿਰੋਧ ਕਰਦਿਆਂ ਲੰਦਨ ਚ ਪ੍ਰਦਰਸ਼ਨ ਕਰ ਰਹੇ ਇਨ੍ਹਾਂ ਲੋਕਾਂ ਨੂੰ ਵੱਖਵਾਦੀ ਕਰਾਰ ਦਿੱਤਾ ਹੈ। ਬ੍ਰਿਟੇਨ ਵਿਚ ਇਹ ਰੈਲੀ ਭਾਰਤੀ ਅਧਿਕਾਰੀਆਂ ਲਈ ਵੱਡੀ ਸਿਰਦਰਦੀ ਬਣੀ ਰਹੀ। ਬ੍ਰਿਟੇਨ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਗਰੁੱਪ ਨੂੰ ਸ਼ਾਂਤੀਪੂਰਵਕ ਤਰੀਕੇ ਨਾਲ ਪ੍ਰਦਰਸ਼ਨ ਕਰਨ ਤੋਂ ਨਹੀਂ ਰੋਕ ਸਕਦਾ। ਯੂਕੇ ਸਰਕਾਰ ਦੇ ਤਰਜਮਾਨ ਨੇ ਰੈਲੀ ਕਰਨ ਦੀ ਇਜਾਜ਼ਤ ਦਿੰਦਿਆਂ ਕਿਹਾ ਸੀ ਕਿ ਜੇਕਰ ਇੰਗਲੈਂਡ ਦੇ ਲੋਕ ਕਾਨੂੰਨ ਦੇ ਦਾਇਰੇ ਅੰਦਰ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਇਕੱਠੇ ਹੋ ਕੇ ਆਪਣੇ ਵਿਚਾਰ ਪ੍ਰਗਟਾਉਣ ਦਾ ਪੂਰਾ ਹੱਕ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਯੂਕੇ ਸਰਕਾਰ ਵੱਲੋਂ ਲਏ ਸਟੈਂਡ 'ਤੇ ਨਿਰਾਸ਼ਾ ਜਤਾਈ ਸੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਬ੍ਰਿਟੇਨ ਦੇ ਇਸ ਫੈਸਲੇ ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਰੈਲੀ ਦਾ ਮਕਸਦ ਹਿੰਸਾ, ਵੱਖਵਾਦ ਤੇ ਨਫਰਤ ਫੈਲਾਉਣਾ ਹੈ। ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਦੇ ਚੇਅਰਮੈਨ ਰਾਮੀ ਰੇਂਜਰ ਨੇ ਖਾਲਿਸਤਾਨ ਪੱਖੀ ਰੈਲੀ ਨੂੰ ਨਕਾਰਦਿਆਂ ਕਿਹਾ ਕਿ ਇਹ ਕੁਝ ਆਪੂੰ ਚੌਧਰੀ ਬਣੇ ਸਿੱਖਾਂ ਦੀ ਚਾਲ ਹੈ ਅਤੇ ਵੱਡੀ ਗਿਣਤੀ 'ਚ ਸਿੱਖ ਵੰਡ ਦੇ ਖਿਲਾਫ਼ ਹਨ।

### ਪੰਜਾਬ ਦੀਆਂ ਜਥੇਬੰਦੀਆਂ ਵਲੋਂ ਕਿੰਤੂ

ਇੱਕ ਸਰਵੇਅ ਹੈ ਤੇ ਓਪੀਨਿਅਨ ਪੋਲ ਹੈ ਜੋ ਇੱਕ ਐਨਜੀਓ ਵੱਲੋਂ ਕਰਵਾਇਆ ਜਾ ਰਿਹਾ ਹੈ। ਉਹ ਸਿਰਫ ਜਾਣਨਾ ਚਾਹੁੰਦੇ ਹਨ ਕਿ ਪੰਜਾਬ ਤੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀ ਖੁਦਮੁਖਤਿਆਰੀ ਜਾਂ ਖਾਲਿਸਤਾਨ ਨੂੰ ਲੈ ਕੇ ਕੀ ਸੋਚ ਹੈ ਤਾਂ ਜੋ ਉਹ ਉਨ੍ਹਾਂ ਦੀ ਰਾਏ ਲੈ ਕੇ ਸੰਯੁਕਤ ਰਾਸ਼ਟਰ ਤੱਕ ਪਹੁੰਚ ਕਰ ਸਕਣ। ਪੰਜਾਬ ਵਿੱਚ ਖਾਲਿਸਤਾਨ ਦੀ ਮੰਗ ਆਪਣੀ ਥਾਂ ਉੱਤੇ 40 ਸਾਲ ਤੋਂ ਬਰਕਰਾਰ ਹੈ। ਸਿੱਖਸ ਫਾਰ ਜਸਟਿਸ ਵਾਲੇ ਤਾਂ ਹੁਣ ਆਏ ਹਨ। ਸਾਡੀ ਮੰਗ ਤਾਂ ਪਹਿਲਾਂ ਤੋਂ ਹੀ ਸੰਯੁਕਤ ਰਾਸ਼ਟਰ ਤੋਂ ਹੈ ਕਿ ਉਹ ਸਾਨੂੰ ਸਵੈ-ਨਿਰਣੈ ਦਾ ਹੱਕ ਦੇਵੇ। ਰੈਫਰੰਡਮ ਦੀ ਮੰਗ ਤਾਂ ਪਹਿਲਾਂ ਤੋਂ ਹੀ ਸੀ ਬਸ ਸ਼ਬਦਾਵਲੀ ਨਵੀਂ ਹੈ।

ਸਿੱਖਸ ਫਾਰ ਜਸਟਿਸ ਨੇ ਪੰਜਾਬ ਦੇ ਲੋਕਾਂ ਨੂੰ ਅਤੇ ਪੰਜਾਬ ਦੀਆਂ ਜਥੇਬੰਦੀਆਂ ਨੂੰ ਭਰੋਸੇ ਵਿੱਚ ਨਹੀਂ ਲਿਆ ਜਿਹੜੀਆਂ 30-40 ਸਾਲ ਤੋਂ ਸੰਘਰਸ਼ ਕਰ ਰਹੀਆਂ ਹਨ।

### ਕੀ ਹੈ ਰੈਫਰੰਡਮ ?

ਨਾਲ ਫ਼ੈਸਲਾ ਬਰਤਾਨੀਆ ਨਾਲ ਬਣੇ ਰਹਿਣ ਦੇ ਹੱਕ ਵਿਚ ਆਇਆ ਸੀ।

ਸਪੇਨ ਦੇ ਕੈਟੇਲੋਨੀਆ ਖਿੱਤੇ ਵਿਚ ਰਾਇਸ਼ੁਮਾਰੀ ਹੋਈ। ਮੁੱਦਾ ਇੱਥੇ ਵੀ ਇਹੋ ਸੀ ਕਿ ਕੈਟੇਲੋਨੀਆ ਨੂੰ ਸਪੇਨ ਨਾਲ ਰਹਿਣਾ ਚਾਹੀਦਾ ਹੈ ਜਾਂ ਨਹੀਂ। ਇਹ ਰਾਇਸ਼ੁਮਾਰੀ ਕੈਟੇਲੋਨੀਆ ਦੀ ਅਸੈਂਬਲੀ ਨੇ ਕਰਵਾਈ ਸੀ ਜਿਸ ਨੂੰ ਸਪੇਨ ਦੀ ਸੰਸਦ ਨੇ ਰੱਦ ਕਰ ਦਿੱਤਾ। ਫ਼ੈਸਲਾ ਸਪੇਨ ਦੇ ਵਿਰੋਧ ਵਿਚ ਆਇਆ। ਕੋਸੋਵੋ ਦੇ ਵੀ ਆਜ਼ਾਦ ਮੁਲਕ ਬਣਨ ਦੇ ਹੱਕ ਵਿਚ ਫ਼ਤਵਾ ਆਇਆ ਸੀ। ਵਿਕਸਤ ਮੁਲਕਾਂ ਤੇ ਸਮਾਜਾਂ ਵਿਚ ਇਹ ਇਕ ਸਾਧਾਰਨ ਜਮਹੂਰੀ ਵਰਤਾਰਾ ਹੈ। ਹੁਣ ਲੰਡਨ ਦੇ ਇਕੱਠ ਵਿਚ ਜਿਹੜੇ ਮਤੇ ਪਾਸ ਕੀਤੇ ਗਏ ਉਨ੍ਹਾਂ ਵਿਚ ਇਕ ਮਤਾ ਇਹ ਵੀ ਹੈ ਕਿ ਮਸਲਾ ਸੰਯੁਕਤ ਰਾਸ਼ਟਰ ਕੋਲ ਚੁੱਕਿਆ ਜਾਵੇਗਾ। ਇਸ ਦਾ ਪੈਮਾਨਾ ਕੀ ਹੋਵੇਗਾ, ਇਹ ਹਾਲੇ ਤੱਕ ਇਹ ਰਾਇਸ਼ੁਮਾਰੀ ਚਲਾ ਰਹੇ ਪ੍ਰਬੰਧਕਾਂ ਨੇ ਸਪੱਸ਼ਟ ਨਹੀਂ ਕੀਤਾ। ਪੰਜਾਬ ਦੇ ਖ਼ਾਲਿਸਤਾਨ ਪੱਖੀ ਬਹੁਤੇ ਸਿੱਖ ਵੀ ਇਸ ਸਾਰੇ ਅਮਲ ਦੇ ਹੱਕ ਵਿਚ ਨਹੀਂ ਹਨ। ਇਹ ਵਿਰੋਧ ਇਸ ਰਾਇਸ਼ੁਮਾਰੀ ਦਾ ਨੁਕਸਾਨ ਕਰ ਸਕਦਾ ਹੈ।

## ਕੋਟਕਪੂਰਾ ਗੋਲੀਕਾਂਡ 'ਚ ਸਾਬਕਾ ਮੁੱਖ ਮੰਤਰੀ ਬਾਦਲ ਦਾ ਨਾਮ ਰੋਜ਼ਨਾਮਚੇ 'ਚ ਦਰਜ

ਹਰਜੀਤ ਸਿੰਘ ਨੂੰ ਕੋਟਕਪੂਰਾ ਸਿਟੀ ਪੁਲਿਸ ਸਟੇਸ਼ਨ ਵਿਖੇ ਆਈਪੀਸੀ ਦੀ ਧਾਰਾ 307, 323, 341, 348, 349 ਅਤੇ ਆਰਮਜ਼ ਐਕਟ ਦੀ ਧਾਰਾ 27-29-59 ਦੇ ਤਹਿਤ ਨਾਮਜ਼ਦ ਕਰ ਦਿੱਤਾ ਗਿਆ ਹੈ। ਇਨ੍ਹਾਂ ਨੂੰ ਨਾਮਜ਼ਦ ਕਰਨ ਦੀ ਕਾਰਵਾਈ ਗ੍ਰਹਿ ਵਿਭਾਗ ਦੇ ਪੱਤਰ ਨੰ. 7-213-2018 ਐਚਐਚਐਚ-3544 ਦੇ ਤਹਿਤ ਕੀਤੀ ਗਈ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਪੱਤਰ ਵਿਚ ਇਨ੍ਹਾਂ ਸਾਰੇ ਵਿਅਕਤੀਆਂ ਦੇ ਨਾਮ ਸ਼ਾਮਲ ਹਨ। ਅਸਲ ਵਿਚ ਇਸ ਪੱਤਰ ਵਿਚ ਗ੍ਰਹਿ ਵਿਭਾਗ ਨੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੇ ਭਾਗ ਪਹਿਲੇ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਲਈ ਡੀਜੀਪੀ ਪੰਜਾਬ ਨੂੰ ਲਿਖਿਆ ਸੀ। ਜਦੋਂ 7 ਅਗਸਤ ਨੂੰ ਐਫ਼ਆਈਆਰ ਦਰਜ ਕੀਤੀ ਗਈ ਤਾਂ ਡੀਜੀਪੀ ਸੁਰੇਸ਼ ਅਰੋੜਾ ਨੇ ਸਟੈਂਡ ਲਿਆ ਸੀ ਕਿ ਇਸ ਐਫ਼ਆਈਆਰ ਵਿਚ ਕਿਸੇ ਵੀ ਪੁਲਿਸ ਵਾਲੇ ਨੂੰ ਨਾਮਜ਼ਦ ਨਹੀਂ ਕੀਤਾ ਜਾਵੇਗਾ ਪ੍ਰੰਤੂ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਗ੍ਰਹਿ ਵਿਭਾਗ ਨੇ ਪੱਤਰ ਜਾਰੀ ਕੀਤਾ। ਇਸ ਤੋਂ ਪਹਿਲਾਂ ਬਹਿਬਲ ਗੋਲੀਕਾਂਡ 'ਚ ਚਾਰ ਪੁਲਿਸ ਅਫ਼ਸਰਾਂ ਨੂੰ ਵੀ ਨਾਮਜ਼ਦ ਕੀਤਾ ਜਾ ਚੁੱਕਿਆ ਹੈ।

**ਕਿਵੇਂ ਕੀਤਾ ਨਾਮਜ਼ਦ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਗੱਲ ਨੂੰ ਲੈ ਕੇ ਨਾਰਾਜ਼ ਸਨ ਕਿ ਰਿਪੋਰਟ ਵਿਚ ਨਾਮ ਦਰਜ ਹੋਣ ਦੇ ਬਾਵਜੂਦ ਐਫ਼ਆਈਆਰ ਵਿਚ ਕਿਉਂ ਨਹੀਂ ਲਿਖੇ ਗਏ। ਇਕ ਮਾਮਲੇ ਵਿਚ ਦੋ ਐਫ਼ਆਈਆਰ ਨਹੀਂ ਹੋ ਸਕਦੀ, ਇਸ ਲਈ ਵਿਚਕਾਰਲਾ ਰਸਤਾ ਕੱਢਦੇ ਹੋਏ ਗ੍ਰਹਿ ਵਿਭਾਗ ਨੇ 10 ਅਗਸਤ ਨੂੰ ਇਕ ਪੱਤਰ ਡੀਜੀਪੀ ਪੰਜਾਬ ਨੂੰ ਭੇਜਿਆ, ਡੀਜੀਪੀ ਪੰਜਾਬ ਨੇ ਅੱਗੇ ਆਈਜੀ. ਫਿਰੋਜ਼ਪੁਰ ਰੇਂਜ ਨੂੰ ਭੇਜ ਦਿੱਤਾ ਅਤੇ ਉਨ੍ਹਾਂ ਇਸ 'ਤੇ ਕਾਰਵਾਈ ਕਰਨ ਲਈ ਇਹ ਪੱਤਰ ਐਸਐਸ. ਪੀ. ਫਰੀਦਕੋਟ ਨੂੰ ਭੇਜਦਿਆਂ ਕਾਰਵਾਈ ਕਰਨ ਨੂੰ ਲਿਖਿਆ। 12 ਅਗਸਤ ਨੂੰ ਕੋਟਕਪੂਰਾ ਸਿਟੀ ਥਾਣੇ ਵਿਚ ਦੁਪਹਿਰੇ ਕਰੀਬ 12 ਵਜੇ ਤੋਂ ਦੋ ਚਾਰ ਮਿੰਟ ਬਾਅਦ ਰੋਜ਼ਨਾਮਚੇ ਵਿੱਚ ਇਸ ਪੱਤਰ ਦਾ ਜ਼ਿਕਰ ਕਰਦਿਆਂ ਅਗਲੇਰੀ ਕਾਰਵਾਈ ਹੋਈ। ਆਈਜੀ. ਫਿਰੋਜ਼ਪੁਰ ਰੇਂਜ ਅਤੇ ਐਸਐਸਪੀ. ਫਰੀਦਕੋਟ ਦੀ ਚਿੱਠੀ ਦਾ ਹਵਾਲਾ ਦੇ ਕੇ ਲਿਖਿਆ ਗਿਆ ਹੈ ਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੇ ਪਹਿਲੇ ਭਾਗ ਦੇ ਮੁਤਾਬਕ ਕਾਰਵਾਈ ਕਰਕੇ ਇਸ ਕੇਸ ਨੂੰ ਸੀਬੀਆਈ ਭੇਜਣ ਦੀ ਸਿਫਾਰਿਸ਼ ਕੀਤੀ ਗਈ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਸਟਿਸ ਰਣਜੀਤ ਸਿੰਘ ਨੇ ਇਨ੍ਹਾਂ 'ਤੇ ਕਾਰਵਾਈ ਕਰਨ ਲਈ ਇਕ ਐਸਡੀਐਮ ਦੇ ਬਿਆਨਾਂ ਦਾ ਹਵਾਲਾ ਦਿੱਤਾ ਹੈ, ਜਿਸ ਨੇ ਜਸਟਿਸ ਰਣਜੀਤ ਸਿੰਘ ਕੋਲ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਕੋਟਕਪੂਰਾ 'ਚ ਜਿਸ ਸਮੇਂ ਦਿਨ ਚੜ੍ਹੇ ਹੀ ਗੋਲੀਕਾਂਡ ਹੋਇਆ, ਉਸ ਦਿਨ ਮਨਤਾਰ ਸਿੰਘ ਬਰਾੜ ਅਤੇ ਮੁੱਖ ਮੰਤਰੀ ਦਫ਼ਤਰ ਵਿਖੇ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਹੋਈ ਸੀ। ਐਸਡੀਐਮ. ਨੇ ਦਾਅਵਾ ਕੀਤਾ ਸੀ ਕਿ ਬਾਦਲ ਨੇ ਧਰਨੇ ਨੂੰ ਚੁਕਾਉਣ ਲਈ ਪੁਲਿਸ ਨੂੰ ਆਦੇਸ਼ ਜਾਰੀ ਕੀਤੇ ਅਤੇ ਉਸ ਪੁਲਿਸ ਕਾਰਵਾਈ 'ਚ ਅਜੀਤ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਗੋਲੀ ਵੀ ਲੱਗੀ ਸੀ।

ਕੀ ਕਹਿੰਦੇ ਨੇ ਅਧਿਕਾਰੀ : ਇਸ ਮਾਮਲੇ ਵਿਚ ਦੂਜੀ ਰਿਪੋਰਟ ਦਰਜ ਨਹੀਂ ਹੋ ਸਕਦੀ ਸੀ, ਜਿਸ ਨੂੰ ਲੈ ਕੇ ਆਈਜੀ. ਦਫ਼ਤਰ 'ਚ ਪੂਰਾ ਦਿਨ ਮੀਟਿੰਗਾਂ ਦਾ ਦੌਰ ਚਲਦਾ ਰਿਹਾ। ਦੇਰ ਸ਼ਾਮ ਇਹ ਫੈਸਲਾ ਹੋਇਆ ਕਿ ਉਕਤ ਕੇਸ ਨੂੰ ਸੀਬੀਆਈ ਹਵਾਲੇ ਕੀਤਾ ਜਾਵੇ, ਜਦ ਆਈਜੀ. ਫਿਰੋਜ਼ਪੁਰ ਰੇਂਜ ਗੁਰਮਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਫਿਰੋਜ਼ਪੁਰ ਐਸਐਸਪੀ. ਨਾਲ ਗੱਲ ਕਰਨ ਲਈ ਕਿਹਾ, ਜਦ ਐਸਐਸਪੀ ਫਰੀਦਕੋਟ ਸਮੇਤ ਪੁਲਿਸ ਅਧਿਕਾਰੀਆਂ ਨਾਲ ਗੱਲ ਕਰਨੀ ਚਾਹੀ ਤਾਂ ਉਹ ਉਕਤ ਮਾਮਲੇ ਬਾਰੇ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਸਨ।

ਬਰਗਾੜੀ ਅਤੇ ਕੋਟਕਪੂਰਾ ਗੋਲੀਕਾਂਡ ਵਿਚ ਬਾਦਲ ਤੋਂ ਪੁੱਛਗਿੱਛ ਹੋਵੇ : ਗੁਰਦਿੱਤ ਸਿੰਘ ਸੇਖੋਂ : ਆਮ ਆਦਮੀ ਪਾਰਟੀ ਦੇ ਮਾਲਵਾ ਜ਼ੋਨ ਇੰਚਾਰਜ ਗੁਰਦਿੱਤ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਪਹਿਲਾਂ ਐਫ਼ਆਈਆਰ. ਵਿਚ ਚਾਰ ਪੁਲਿਸ ਅਫ਼ਸਰ ਅਤੇ ਹੁਣ ਰੋਜ਼ਨਾਮਚੇ ਵਿਚ ਪ੍ਰਕਾਸ਼ ਸਿੰਘ ਬਾਦਲ, ਸੁਮੈਧ ਸੈਣੀ, ਉਮਰਾਨੰਗਲ ਅਤੇ ਮਨਤਾਰ ਸਿੰਘ ਬਰਾੜ ਸਮੇਤ ਹੋਰ ਵਿਅਕਤੀਆਂ ਦੇ ਨਾਂ ਸਾਹਮਣੇ ਆਉਣ ਕਰਕੇ ਸਾਰੇ ਮਾਮਲੇ ਦਾ ਪਰਦਾਫਾਸ਼ ਹੋਣਾ ਅਤਿ ਜ਼ਰੂਰੀ ਹੈ। ਬਾਦਲ ਸਰਕਾਰ ਵੇਲੇ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਜਾਪ ਕਰਦੀਆਂ ਸੰਗਤਾਂ 'ਤੇ ਸਰਕਾਰ ਦੀ ਸ਼ਹਿ 'ਤੇ ਗੋਲੀਆਂ ਚਲਾਉਣ ਵਾਲਿਆਂ ਦੀ ਸਚਾਈ ਜੱਗ ਜ਼ਾਹਰ ਕਰਨ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛਗਿੱਛ ਕੀਤੀ ਜਾਵੇ ਤਾਂ ਜੋ ਸਚਾਈ ਦਾ ਖੁਲਾਸਾ ਹੋ ਸਕੇ। ਉਨ੍ਹਾਂ ਕਿਹਾ ਕਿ ਪਹਿਲਾਂ ਪੁਲਿਸ ਪ੍ਰਸ਼ਾਸਨ ਨੇ ਉਕਤ ਮਾਮਲੇ ਨੂੰ ਲੈ ਕੇ ਸਿੱਖ ਨੌਜਵਾਨਾਂ 'ਤੇ ਸ਼ਿਕੰਜਾ ਕਸਿਆ ਅਤੇ ਫਿਰ ਪ੍ਰੇਮੀਆਂ ਦੇ ਕਬੂਲਨਾਮੇ ਵਿਚੋਂ ਸੰਗਤਾਂ ਕਿਸ ਨੂੰ ਸੱਚ ਮੰਨਣ, ਇਸ ਲਈ ਬੇਅਦਬੀ ਮਾਮਲੇ ਦੀ ਸਚਾਈ ਅਤੇ ਅਸਲ ਦੋਸ਼ੀਆਂ ਦੀ ਗ੍ਰਿਫ਼ਤਾਰੀ ਜੱਗ ਜ਼ਾਹਰ ਹੋਣੀ ਚਾਹੀਦੀ ਹੈ ਤਾਂ ਜੋ ਸਾਢੇ ਤਿੰਨ ਸਾਲ ਤੋਂ ਸੰਘਰਸ਼ ਕਰ ਰਹੀਆਂ ਸੰਗਤਾਂ ਨੂੰ ਇਨਸਾਫ਼ ਮਿਲ ਸਕੇ।

## ਡੇਰਾ ਪ੍ਰੇਮੀ ਨੇ ਹੱਥਾਂ ਨਾਲ ਬਣਾਏ ਸਨ ਸਿੱਖਾਂ ਵਿਰੁਧ ਭੜਕਾਊ ਪੋਸਟਰ

ਦੀਆਂ ਘਟਨਾਵਾਂ ਦੇ ਕਾਰਨਾਂ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪ੍ਰੇਮੀਆਂ ਦਾ ਇਕ ਗੁੱਟ ਡੇਰਾ ਮੁਖੀ ਦੀ ਅਦਾਕਾਰੀ ਵਾਲੀ 'ਐਮਐਸਜੀ-2' ਫਿਲਮ 'ਤੇ ਪੰਜਾਬ ਸਰਕਾਰ ਵੱਲੋਂ ਪਾਬੰਦੀ ਲਗਾਉਣ ਕਰਕੇ ਨਾਰਾਜ਼ ਸੀ।

10 ਅਫਸਰਾਂ ਖਿਲਾਫ਼ ਕੀਤੀ ਗਈ ਸੀ ਸਿਫਾਰਿਸ਼ : ਗ੍ਰਹਿ ਵਿਭਾਗ ਨੇ ਮੋਗਾ ਦੇ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ ਸਮੇਤ 10 ਪੁਲੀਸ ਅਧਿਕਾਰੀਆਂ ਖਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕਰਨ ਦੀ ਸਿਫਾਰਿਸ਼ ਕੀਤੀ ਸੀ। ਵਿਭਾਗ ਨੇ ਉਨ੍ਹਾਂ ਲੋਕਾਂ ਖਿਲਾਫ਼ ਕੇਸ ਦਰਜ ਕਰਨ ਲਈ ਕਿਹਾ ਸੀ ਜਿਨ੍ਹਾਂ ਨੇ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਮਾਮਲੇ ਵਿਚ ਰੋਸ ਕਰ ਰਹੇ ਲੋਕਾਂ 'ਤੇ ਗੋਲੀਆਂ ਚਲਾਈਆਂ। ਇਸ ਦੌਰਾਨ ਦੋ ਲੋਕਾਂ ਦੀ ਮੌਤ ਹੋ ਗਈ ਸੀ।

# ਡੇਰਾਵਾਦ ਦੀ ਪ੍ਰਵਿਰਤੀ ਨੂੰ ਧਾਰਮਿਕ, ਸਾਮਾਜਿਕ ਅਤੇ ਸੰਵਿਧਾਨਕ ਨੱਥ ਪਾਉਣ ਦੀ ਲੋੜ

**ਅਮਰਜੀਤ ਸਿੰਘ ਵੜੈਚ**

ਡੇਰਿਆਂ ਦਾ ਖੇਤਰ ਇੱਕ ਅਜਿਹਾ ਧੰਦਾ ਹੈ ਜਿਸ ਵਿੱਚ ਕਦੇ ਵੀ ਮੰਦੀ ਦਾ ਦੌਰ ਨਹੀਂ ਆਉਂਦਾ। ਜਿਸ ਸਮੇਂ ਦੂਜੇ ਖੇਤਰਾਂ ਵਿੱਚ ਨਿਘਾਰ ਦਾ ਵਰਤਾਰਾ ਚੱਲ ਰਿਹਾ ਹੁੰਦਾ ਹੈ, ਉਦੋਂ ਇਨ੍ਹਾਂ ਡੇਰਿਆਂ ਵਿੱਚ ਲੋਕਾਂ ਦੀਆਂ ਭੀੜਾਂ ਵਧ ਜਾਂਦੀਆਂ ਹਨ। ਰੱਬ ਦੀ ਕਰੋਪੀ ਤੋਂ ਡਰਨ ਵਾਲੇ ਲੋਕ ਅਖੌਤੀ ਡੇਰਿਆਂ ਦੇ ਮੁਖੀਆਂ ਦੇ ਚਰਨਾਂ ਉਪਰ ਜਾ ਸਿਰ ਨਿਵਾਉਂਦੇ ਹਨ। ਇਨ੍ਹਾਂ ਡੇਰਿਆਂ ਦਾ ਇੰਡੈਕਸ ਕਦੇ ਡਿੱਗ ਕੇ ਬੰਦ ਨਹੀਂ ਹੁੰਦਾ ਅਤੇ ਹਰ ਰੋਜ਼ ਇਨ੍ਹਾਂ ਦਾ 'ਸਟਾਕ ਐਕਸਚੇਂਜ ਇੰਡੈਕਸ' 'ਪ੍ਰਭਾਤ ਵੇਲੇ' ਚੰਗਾ ਉਛਾਲ ਮਾਰ ਕੇ ਖੁੱਲ੍ਹਦਾ ਹੈ।

ਵਿਸ਼ਵ ਦੀਆਂ ਵੱਡੀਆਂ ਤਾਕਤਾਂ ਰੂਸ, ਅਮਰੀਕਾ, ਫਰਾਂਸ, ਇੰਗਲੈਂਡ, ਚੀਨ ਆਦਿ ਕਈ ਵਾਰ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋਏ ਹਨ ਅਤੇ ਇਨ੍ਹਾਂ ਨੇ ਕਈ ਵਾਰ ਆਪਣੇ ਸਰਕਾਰੀ ਖ਼ਰਚੇ ਘਟਾਏ ਹਨ; ਕਈ ਵਾਰ ਇਨ੍ਹਾਂ ਨੂੰ ਆਪਣੇ ਕਈ ਅਦਾਰੇ ਬੰਦ ਕਰਨੇ ਪਏ ਹਨ। ਹੁਣ ਵੀ ਅਮਰੀਕਾ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਪਰ ਧਰਮਾਂ ਦੇ ਅਖੌਤੀ 'ਸ਼ਫ਼ਾਰਤਖਾਨੇ'/ਡੇਰੇ ਹਮੇਸ਼ਾਂ ਚੰਗੀ ਸਥਿਤੀ ਵਿੱਚ ਰਹਿੰਦੇ ਹਨ। ਕਦੇ ਕੋਈ ਅਜਿਹਾ ਡੇਰਾ ਇਸ ਕਰਕੇ ਬੰਦ ਨਹੀਂ ਹੋਇਆ ਕਿ ਉਸ ਵਿੱਚ ਸ਼ਰਧਾਲੂਆਂ ਦੀ ਕਮੀ ਆ ਗਈ ਹੋਵੇ। ਜਦੋਂ ਕਿਸੇ ਦੇਸ਼ ਜਾਂ ਸਮਾਜ ਵਿੱਚ ਆਰਥਿਕ ਜਾਂ ਕੋਈ ਹੋਰ ਸੰਕਟ ਆਉਂਦਾ ਹੈ ਤਾਂ ਸਰਕਾਰਾਂ ਦੀ ਹਾਲਤ ਪਤਲੀ ਹੋ ਜਾਂਦੀ ਹੈ। ਆਮ ਆਦਮੀ ਜਦੋਂ ਬੀਮਾਰੀ ਜਾਂ ਆਰਥਿਕ ਮੰਦਵਾੜੇ ਦੀ ਮਾਰ ਝੱਲਦਾ ਹੈ ਤਾਂ ਟੁੱਟ ਜਾਂਦਾ ਹੈ। ਇਨ੍ਹਾਂ ਸਥਿਤੀਆਂ ਵਿੱਚ ਅਨਪੜ੍ਹ, ਗ਼ਰੀਬ ਅਤੇ ਵਿਚਾਰੇ ਪੇਂਡੂ ਲੋਕ ਇਨ੍ਹਾਂ ਡੇਰਿਆਂ ਦੇ ਅਖੌਤੀ ਸੰਤਾਂ/ਬਾਬਿਆਂ/ਗੁਰੂਆਂ ਦੀ ਓਟ ਵਿੱਚ ਹੀ ਆਪਣੀਆਂ ਸਮੱਸਿਆਵਾਂ ਦਾ ਹੱਲ ਭਾਲਦੇ ਹਨ। ਉਧਰ ਜਦੋਂ ਸਰਕਾਰਾਂ ਅਤੇ ਪਰਿਵਾਰਾਂ 'ਤੇ ਸੰਕਟ ਦੇ ਬੱਦਲ ਆਉਂਦੇ ਹਨ ਤਾਂ ਅਜਿਹੇ ਸੰਤਾਂ ਦੇ ਦਰਬਾਰਾਂ ਵਿੱਚ ਰੌਣਕ ਆ ਜਾਂਦੀ ਹੈ।

ਵਪਾਰ ਵਿੱਚ ਘਾਟੇ ਕਾਰਨ ਵਪਾਰੀ, ਬੀਮਾਰੀ ਤੋਂ ਤੰਗ ਆ ਕੇ ਮਰੀਜ਼, ਸ਼ਾਹੂਕਾਰਾਂ ਦੇ ਕਰਜ਼ੇ ਹੇਠ ਕੁਚਲਿਆ ਗ਼ਰੀਬ ਅਤੇ ਕੁਦਰਤੀ/ਗ਼ੈਰ-ਕੁਦਰਤੀ ਮਾਰ ਪੈਣ ਕਾਰਨ ਆਰਥਿਕ ਤੰਗੀ ਦੀ ਚੱਕੀ ਵਿੱਚ ਪਿਸਦਾ ਕਿਸਾਨ ਤਾਂ ਖ਼ੁਦਕੁਸ਼ੀਆਂ ਕਰਦੇ ਵੇਖੇ ਗਏ ਹਨ ਪਰ ਕਦੇ ਕਿਸੇ ਨੇ ਅਜਿਹੇ ਧਾਰਮਿਕ ਡੇਰੇ ਦੇ 'ਸੰਤ' ਨੂੰ ਖ਼ੁਦਕੁਸ਼ੀ ਕਰਦਿਆਂ ਨਹੀਂ ਸੁਣਿਆ।

ਆਜ਼ਾਦੀ ਮਗਰੋਂ ਭਾਵੇਂ ਦੇਸ਼ ਨੇ ਕਈ ਖਿੱਤਿਆਂ ਵਿੱਚ ਜ਼ਿਕਰਯੋਗ ਤਰੱਕੀ ਕੀਤੀ ਹੈ ਪਰ ਅਖੌਤੀ ਧਾਰਮਿਕ ਡੇਰਿਆਂ ਦੀ 'ਵਿਕਾਸ ਦਰ' ਹਮੇਸ਼ਾਂ ਹੀ ਦੇਸ਼ ਦੀ ਵਿਕਾਸ ਦਰ ਨਾਲੋਂ ਕਈ ਗੁਣਾਂ ਵੱਧ ਰਹੀ ਹੈ। ਪਿਛਲੇ ਸਮੇਂ ਵਿੱਚ ਨਿੱਜੀ ਟੀ.ਵੀ. ਚੈਨਲਾਂ ਵਿੱਚ ਕੁਝ ਧਾਰਮਿਕ ਕਿਸਮ ਦੇ ਚੈਨਲਾਂ ਨੇ ਵੀ ਪ੍ਰਸਾਰਣ ਸ਼ੁਰੂ ਕੀਤੇ ਹਨ। 'ਵਿਗਿਆਪਨ ਸਨਅਤ' ਦੇ ਅੰਕੜਿਆਂ ਅਨੁਸਾਰ ਇਹ ਧਾਰਮਿਕ ਕਿਸਮ ਦੇ ਟੀ.ਵੀ. ਚੈਨਲ ਵਿਗਿਆਪਨ-ਉਦਯੋਗ ਦੀ ਆਮਦਨ ਦਾ ਚੌਥਾ ਹਿੱਸਾ ਖਿੱਚ ਕੇ ਲੈ ਗਏ ਹਨ।

ਧਰਮ ਉਹ ਪਵਿੱਤਰ ਨਿਯਮ ਹਨ ਜੋ ਇਸ ਸੰਸਾਰ ਦਾ ਆਧਾਰ ਹਨ। ਧਰਮ ਮਨੁੱਖ ਨੂੰ ਪਾਪ, ਅਨਿਆਂ, ਝੂਠ ਅਤੇ ਜ਼ੁਲਮ ਕਰਨ ਤੋਂ ਰੋਕਦਾ ਹੈ ਤੇ ਮਿਹਨਤ, ਸੱਚਾਈ, ਭਲਾਈ ਤੇ ਨਿਆਂ ਲਈ ਪ੍ਰੇਰਿਤ ਕਰਦਾ ਹੈ। ਮੌਜੂਦਾ ਅਖੌਤੀ ਸੰਤ ਧਰਮ ਨੂੰ ਵਪਾਰ ਵਾਂਗ ਵਰਤ ਰਹੇ ਹਨ। ਸਾਡੇ ਮੁਲਕ ਦੇ 'ਰਹਿਬਰਾਂ' ਭਾਵ ਰਾਜਸੀ ਲੀਡਰਾਂ ਦੀ ਬੀਮਾਰ ਅਤੇ ਅਪਾਹਜ ਮਾਨਸਿਕਤਾ ਦਾ ਨਤੀਜਾ ਹੈ ਕਿ ਅੱਜ ਅਸੀਂ ਫਿਰ ਉੱਥੇ ਹੀ ਆ ਖੜ੍ਹੇ ਹੋਏ ਹਾਂ ਜਿੱਥੋਂ ਅਸੀਂ ਸੰਨ 1947 ਵੇਲੇ ਚੱਲੇ ਸੀ। ਅੰਗਰੇਜ਼ਾਂ ਨੇ ਪਹਿਲਾਂ ਹਿੰਦੋਸਤਾਨ ਦੀ ਭੋਲੀ ਜਨਤਾ ਨੂੰ ਲੁੱਟਿਆ ਅਤੇ ਕੁੱਟਿਆ ਤੇ ਜਦੋਂ ਹਿੰਦੋਸਤਾਨੀ ਜਾਗੇ ਤਾਂ ਅੰਗਰੇਜ਼ਾਂ ਨੇ 'ਦੋ ਕੌਮਾਂ' ਦੀ ਨੀਤੀ ਲਾਗੂ ਕਰ ਕੇ ਸਾਨੂੰ ਫਿਰ ਕਮਜ਼ੋਰ ਕਰ ਦਿੱਤਾ। ਅੱਜ ਸਾਡੇ ਲੀਡਰ ਵੀ ਓਹੀ ਕੁਝ ਕਰ ਰਹੇ ਹਨ। ਸੱਤਾ ਦੀ ਭੁੱਖ ਕਾਰਨ ਇਹ ਲੀਡਰ ਸਾਨੂੰ ਧਰਮਾਂ, ਜਾਤਾਂ, ਬੋਲੀਆਂ, ਇਲਾਕਿਆਂ ਅਤੇ ਪਾਣੀਆਂ ਦੇ ਮੁੱਦਿਆਂ ਉੱਤੇ ਵੰਡ ਕੇ ਲੜ-ਮਰਨ ਲਈ ਮਜਬੂਰ ਕਰ ਰਹੇ ਹਨ।

ਆਜ਼ਾਦੀ ਮਗਰੋਂ ਸਭ ਤੋਂ ਵੱਧ ਦੰਗੇ ਧਰਮ ਦੇ ਨਾਂ ਉਪਰ ਹੋਏ ਹਨ ਅਤੇ ਇਨ੍ਹਾਂ ਵਿੱਚ ਹਰ ਧਰਮ ਦੇ ਲੋਕਾਂ ਦੀ ਬਲੀ ਚੜ੍ਹੀ ਹੈ। ਇਨ੍ਹਾਂ ਵਿੱਚ ਮਰਨ ਵਾਲਿਆਂ ਦੀਆਂ ਚਿਤਾਵਾਂ ਉਪਰ ਰਾਜਸੀ ਲੀਡਰਾਂ ਨੇ ਆਪਣੀਆਂ ਰੋਟੀਆਂ ਸੇਕਣ ਲੱਗਿਆਂ ਜ਼ਰਾ ਵੀ ਸ਼ਰਮ ਨਹੀਂ ਕੀਤੀ। ਜਿਉਂ ਹੀ ਚੋਣਾਂ ਆਉਂਦੀਆਂ ਹਨ ਤਾਂ ਧਰਮ ਦਾ ਜਿੰਨ ਥੈਲੇ ਵਿੱਚੋਂ ਬਾਹਰ ਕੱਢ ਇਹ ਲੋਕ ਰੰਗ-ਬਿਰੰਗੇ ਝੰਡੇ ਚੁੱਕ ਲੈਂਦੇ ਹਨ। ਜਿਨ੍ਹਾਂ ਅਖੌਤੀ ਸੰਤਾਂ ਨੂੰ ਸਾਡੀਆਂ ਰਾਜਨੀਤਕ ਪਾਰਟੀਆਂ ਸਰਪ੍ਰਸਤੀ ਦਿੰਦੀਆਂ ਹਨ, ਉਨ੍ਹਾਂ ਦੇ 'ਮੱਠਾਂ' ਦੀ ਅੰਦਰੂਨੀ ਸਥਿਤੀ ਕਿਸ ਤੋਂ ਲੁਕੀ ਹੋਈ ਹੈ? ਇਨ੍ਹਾਂ 'ਮੱਠਾਂ' ਦੇ 'ਮਸੰਦ' (ਜੋ ਆਪਣੇ-ਆਪ ਨੂੰ ਸੰਤ/ਬਾਬਾ/ ਗੁਰੂ/ਬਾਪੂ/ ਪਿਤਾ ਅਖਵਾਉਂਦੇ ਹਨ) ਲੋਕਾਂ ਨੂੰ ਰੱਬ ਦਾ ਡਰ ਪਾ ਕੇ ਆਪਣੀ ਚੁੰਗਲ ਵਿੱਚ ਫਸਾ ਲੈਂਦੇ ਹਨ। ਇੰਜ 'ਜਾਲ' ਵਿੱਚ ਫਸੇ ਲੋਕ ਤਨ, ਮਨ ਅਤੇ ਧਨ ਨਾਲ ਇਨ੍ਹਾਂ ਸੰਤਾਂ ਦੀ ਸੇਵਾ ਕਰਨ ਵਿੱਚ ਕਸਰ ਬਾਕੀ ਨਹੀਂ ਛੱਡਦੇ। ਲੋਕ ਪੈਸਾ ਦਾਨ ਕਰਦੇ ਹਨ, ਜ਼ਮੀਨਾਂ ਸੰਤਾਂ/ਡੇਰਿਆਂ ਦੇ ਨਾਮ ਕਰ ਦਿੰਦੇ ਹਨ, ਇਨ੍ਹਾਂ ਡੇਰਿਆਂ ਵਿੱਚੋਂ ਬੀਮਾਰੀਆਂ ਦੇ ਇਲਾਜ ਦੇ ਨਾਮ ਹੇਠ ਦੇਸੀ ਦਵਾਈਆਂ ਵੇਚੀਆਂ ਜਾਂਦੀਆਂ ਹਨ, ਗੁਰੂਆਂ/ਪੀਰਾਂ/ਫ਼ਕੀਰਾਂ ਦੇ ਨਾਮ 'ਤੇ ਫ਼ਰਜ਼ੀ ਸੰਸਥਾਵਾਂ ਬਣਾਈਆਂ ਜਾਂਦੀਆਂ ਹਨ। ਬੀਮਾਰ, ਗ਼ਰੀਬ, ਆਮ ਲੋਕਾਂ ਤੇ ਖ਼ਾਸ ਕਰਕੇ ਔਰਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਕਈ ਥਾਵਾਂ 'ਤੇ ਤਾਂ ਨਸ਼ਿਆਂ ਦਾ ਵਪਾਰ ਵੀ ਹੋ ਰਿਹਾ ਹੈ। ਅਪਰਾਧੀਆਂ ਲਈ ਇਹ ਡੇਰਾ ਸੁਰੱਖਿਅਤ ਛਿਪਣਗਾਹਾਂ ਹਨ। ਇਨ੍ਹਾਂ ਡੇਰਿਆਂ ਦੇ ਪ੍ਰਬੰਧਕ ਜ਼ਮੀਨ ਉਪਰ ਨਾਜਾਇਜ਼ ਕਬਜ਼ੇ ਕਰਨ, ਰਾਜਸੀ ਗੰਢ-ਤੁੱਪ ਕਰਨ ਅਤੇ ਸਰਕਾਰੀ ਤੰਤਰ ਵਿੱਚ ਵੀ ਆਪਣੀ ਧਾਕ ਰੱਖਦੇ ਹਨ।

ਇਨ੍ਹਾਂ ਡੇਰਿਆਂ ਦੇ ਮੁਖੀ ਵਿਦੇਸ਼ੀ 'ਹਵਾਵਾਂ' ਫੱਕਣ ਦੇ ਵੀ ਸ਼ੌਕੀਨ ਹਨ। ਇਨ੍ਹਾਂ ਡੇਰਿਆਂ ਦਾ ਆਪਣਾ ਖ਼ੁਫ਼ੀਆਤੰਤਰ ਅਤੇ ਆਪਣੇ ਜਾਇਜ਼ ਤੇ ਨਾਜਾਇਜ਼ ਹਥਿਆਰ ਹੁੰਦੇ ਹਨ। ਇਨ੍ਹਾਂ ਦੀ ਕਿੰਨੀ ਆਮਦਨ ਹੈ, ਕਿੱਥੇ-ਕਿੱਥੇ ਖ਼ਰਚ ਕੀਤੀ ਜਾਂਦੀ ਹੈ, ਸਬੰਧੀ ਕੋਈ ਜੁਆਬਦੇਹੀ ਨਹੀਂ ਹੁੰਦੀ। ਇਨ੍ਹਾਂ ਉਪਰ ਕੋਈ ਆਮਦਨ ਟੈਕਸ ਨਹੀਂ ਲੱਗਦਾ। ਡੇਰਿਆਂ ਦੇ ਮੁਖੀ ਦੁਨੀਆਂ ਦਾ ਹਰ ਐਸ਼ੋ-ਆਰਾਮ ਮਾਣਦੇ ਹਨ।

ਇਨ੍ਹਾਂ ਦੇ ਹੱਥਾਂ ਵਿੱਚ ਮਹਿੰਗੀਆਂ-ਮੋਟੀਆਂ ਮੁੰਦਰੀਆਂ, ਮੋਟੇ-ਮੋਟੇ ਕੜੇ ਅਤੇ ਗਲਾਂ ਵਿੱਚ ਗਾਨੀਆਂ ਚਮਕਾਂ ਮਾਰਦੀਆਂ ਹਨ। ਇਹ ਲੋਕਾਂ ਤੋਂ ਦੂਰ ਰਹਿੰਦੇ ਹਨ ਅਤੇ ਉੱਚੇ ਪਲੇਟਫਾਰਮ 'ਤੇ ਬੈਠ ਕੇ ਪ੍ਰਵਚਨ ਕਰਦੇ ਹਨ। ਇਨ੍ਹਾਂ ਦਾ ਖ਼ੁਫ਼ੀਆਤੰਤਰ ਸੰਗਤ ਵਿੱਚ ਆਮ ਸ਼ਰਧਾਲੂ ਵਾਂਗ ਬੈਠਦਾ ਹੈ। ਨਵੇਂ ਸ਼ਰਧਾਲੂਆਂ 'ਤੇ ਇਹ ਖ਼ਾਸ ਨਿਗਾਹ ਰੱਖਦੇ ਹਨ। ਹੁਣ ਤਾਂ ਕਈ ਡੇਰੇ ਆਧੁਨਿਕ ਤਕਨੀਕਾਂ ਜਿਵੇਂ ਸੀ.ਸੀ.ਟੀ.ਵੀ. ਕੈਮਰੇ, ਕੰਪਿਊਟਰ ਅਤੇ ਮੈਟਲ ਡਿਟੈਕਟਰ ਆਦਿ ਦੀ ਵਰਤੋਂ ਵੀ ਕਰਨ ਲੱਗ ਪਏ ਹਨ। ਇਹ ਅਖੌਤੀ ਸੰਤ ਮਹਾਨ ਗੁਰੂਆਂ/ਪੀਰਾਂ/ਫ਼ਕੀਰਾਂ/ਦੇਵੀ-ਦੇਵਤਿਆਂ ਵਾਂਗ ਪਹਿਰਾਵੇ ਪਾਉਣ ਵਿੱਚ ਵੀ 'ਮਾਣ' ਸਮਝਦੇ ਹਨ। ਲੋਕਾਂ ਦੇ ਅਗਲੇ ਜਨਮ ਸੰਵਾਰਨ ਵਾਲੇ ਇਨ੍ਹਾਂ ਸੰਤਾਂ ਵਿੱਚ ਕੁਝ ਤਾਂ ਸਲਾਖਾਂ ਪਿੱਛੇ 'ਸਮਾਧੀ' ਲਾ ਚੁੱਕੇ ਹਨ ਅਤੇ ਕੁਝ ਕਚਹਿਰੀਆਂ ਦੇ ਚੱਕਰ ਕੱਢਦੇ ਫਿਰਦੇ ਹਨ।



## ਤਾਂਤਰਿਕ ਦੇ ਝਾਂਸੇ 'ਚ ਆ ਕੇ ਮਾਂ-ਪਿਉ ਨੇ 6 ਸਾਲਾ ਬੱਚੀ ਦੀ ਦਿੱਤੀ ਬਲੀ

**ਮੁਰਾਦਾਬਾਦ/ਬਿਊਰੋ ਨਿਊਜ਼ :** ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਵਿਚ ਦਿਲ ਦਹਿਲਾਉਣ ਵਾਲੀ ਗੱਲ ਸਾਹਮਣੇ ਆਈ ਹੈ। ਇੱਕ 6 ਸਾਲ ਦੀ ਬੱਚੀ ਦੇ ਮਾਤਾ-ਪਿਤਾ ਵੱਲੋਂ ਹੀ ਕਥਿਤ ਤੌਰ 'ਤੇ ਉਸ ਦੀ ਹੱਤਿਆ ਕਰ ਦਿੱਤੀ ਗਈ ਅਤੇ ਫੇਰ ਉਸ ਨੂੰ ਦਫਨਾ ਦਿੱਤਾ ਗਿਆ। ਕਿਹਾ ਜਾ ਰਿਹਾ ਹੈ ਕਿ ਉਸ ਦੇ ਮਾਤਾ-ਪਿਤਾ ਨੇ ਅਜਿਹਾ ਇਸ ਲਈ ਕੀਤਾ, ਕਿਉਂਕਿ ਉਨ੍ਹਾਂ ਨੂੰ ਲੱਗਿਆ ਕਿ ਧੀ ਦੀ ਬਲੀ ਦੇਣ ਨਾਲ ਅਗਲਾ ਬੱਚਾ ਸਿਹਤਮੰਦ ਹੋਵੇਗਾ। ਇਹ ਘਟਨਾ ਮੁਰਾਦਾਬਾਦ ਜ਼ਿਲ੍ਹੇ ਦੇ ਚੌਧਰਪੁਰ ਪਿੰਡ ਦੀ ਹੈ। ਯਾਦ ਰਹੇ ਕਿ ਪਰਿਵਾਰ ਨੂੰ ਇੱਕ ਤਾਂਤਰਿਕ ਨੇ ਸਲਾਹ ਦਿੱਤੀ ਸੀ ਕਿ ਜੇਕਰ ਉਹ ਘਰ ਵਿਚ ਕੁੜੀ ਦੇ ਸਰੀਰ ਨੂੰ ਦਫਨਾਉਂਦੇ ਹਨ ਤਾਂ ਅਗਲਾ ਬੱਚਾ ਸਿਹਤਮੰਦ ਹੋਵੇਗਾ। ਮਾਤਾ-ਪਿਤਾ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਮੁਤਾਬਕ, 6 ਸਾਲਾ ਬੱਚੀ ਨੂੰ ਉਸ ਦੇ ਮਾਂ-ਪਿਉ ਨੇ ਰੋਟੀ ਦੇਣੀ ਬੰਦ ਕਰ ਦਿੱਤੀ ਸੀ। ਗੁਆਂਢੀਆਂ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਘਟਨਾ ਵਾਲੀ ਜਗ੍ਹਾ 'ਤੇ ਪਹੁੰਚੀ। ਉੱਥੇ ਉਨ੍ਹਾਂ ਨੂੰ ਤਾਰਾ ਦਾ ਸਰੀਰ ਮਿਲਿਆ।

ਇਨ੍ਹਾਂ ਧਾਰਮਿਕ ਡੇਰਿਆਂ ਦੇ ਪਿਛੋਕੜ ਵਿੱਚ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਅਖੌਤੀ 'ਧਾਰਮਿਕ ਮੱਠਾਂ' ਦੇ ਮੁਖੀ, ਚੇਲੇ, ਸੇਵਕ ਆਦਿ ਸਮਾਜਿਕ ਸਥਿਤੀਆਂ ਦਾ ਸਾਹਮਣਾ ਕਰਨ ਤੋਂ ਭੱਜਣ ਵਾਲੇ ਲੋਕ ਹੁੰਦੇ ਹਨ, ਜਿਨ੍ਹਾਂ ਲਈ ਧਰਮ ਦਾ ਬਾਣਾ ਪਾ ਕੇ ਬਿਨਾਂ ਕੰਮ ਕਰਨ ਤੋਂ ਰੋਟੀਆਂ ਪਾੜਨ ਲਈ ਇਹ ਡੇਰੇ ਛੁਪਣਗਾਹ ਹੁੰਦੇ ਹਨ। ਇਹ ਸੱਚ ਹੈ ਕਿ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਪਰ ਇਹ ਵੀ ਸੱਚ ਹੈ ਕਿ ਹੁਣ ਚਾਰ ਤਾਂ ਇੱਕੋ ਜਿਹੀਆਂ ਜ਼ਰੂਰ ਹੋ ਗਈਆਂ ਹਨ। ਪਿੰਡਾਂ ਦੇ ਬਾਹਰ ਡੇਰਿਆਂ ਉਪਰ ਪਿੰਡਾਂ/ਸ਼ਹਿਰਾਂ ਦੀਆਂ ਔਰਤਾਂ ਵੱਲੋਂ ਚੌਕੀਆਂ ਭਰਨ ਦੀਆਂ ਗੱਲਾਂ ਅਸੀਂ ਆਮ ਸੁਣਦੇ ਹਾਂ। ਮਰਦ ਵੀ ਇਹ ਚੌਕੀਆਂ ਭਰਨ ਜਾਂਦੇ ਸਨ। ਦਰਅਸਲ ਵਿਚਾਰੇ ਅਨਪੜ੍ਹ/ਗ਼ਰੀਬ/ਭੋਲੇ-ਭਾਲੇ ਪੇਂਡੂ ਲੋਕ ਇਨ੍ਹਾਂ ਸੰਤਾਂ ਦੇ ਚੁੰਗਲ ਵਿੱਚ ਸੌਖੀ ਤਰ੍ਹਾਂ ਫਸ ਜਾਂਦੇ ਹਨ। ਹੁਣ ਤਾਂ ਸ਼ਹਿਰੀ ਲੋਕ ਵੀ ਇਨ੍ਹਾਂ ਦੀ ਸ਼ਰਨ ਵਿੱਚ ਜਾਣ ਲੱਗ ਪਏ ਹਨ। ਪਿੰਡਾਂ ਵਿਚਲੇ ਡੇਰਿਆਂ ਦੇ ਸ਼ਹਿਰਾਂ ਵਿੱਚ ਆਸ਼ਰਮਾਂ ਦਾ ਰੂਪ ਧਾਰਨ ਕਰ ਲਿਆ ਪਰ ਇਨ੍ਹਾਂ ਡੇਰਿਆਂ/ਆਸ਼ਰਮਾਂ/ਮੱਠਾਂ ਦੇ 'ਸੰਤਾਂ' ਅਤੇ ਸੇਵਕਾਂ ਦੀ ਮਾਨਸਿਕਤਾ ਮਨੁੱਖ ਅੰਦਰ ਬੈਠੇ ਸ਼ੈਤਾਨ ਵਾਲੀ ਹੀ ਰਹੀ ਹੈ।

ਇਨ੍ਹਾਂ ਅਖੌਤੀ ਮੱਠਾਂ ਦੇ ਮੁਖੀਆਂ ਅਤੇ ਖ਼ੁਦਗਰਜ਼ ਤੇ ਮੌਕਾਪ੍ਰਸਤ ਰਾਜਸੀ ਲੀਡਰਾਂ ਦੀਆਂ ਚਾਲਾਂ ਆਮ ਆਦਮੀ ਨੂੰ ਕਦੇ ਸਮਝ ਨਹੀਂ ਆਉਂਦੀਆਂ। ਧਰਮ, ਬੋਲੀ ਜਾਂ ਇਲਾਕੇ ਦੇ ਨਾਂ 'ਤੇ ਲੱਗੇ ਇੱਕ ਨਾਅਰੇ 'ਤੇ ਲੋਕਾਂ ਦੀ ਭੀੜ ਲਹੂ-ਲੁਹਾਣ ਹੋਣ ਨੂੰ ਤਿਆਰ ਹੋ ਜਾਂਦੀ ਹੈ ਅਤੇ ਇਹ ਸੰਤ ਤੇ ਲੀਡਰ ਆਪਣੀਆਂ ਗੱਦੀਆਂ ਤੇ ਕੁਰਸੀਆਂ ਚਮਕਾਉਣ ਲਈ ਫਿਰ ਅੱਗੇ ਆ ਖੜ੍ਹਦੇ ਹਨ। ਜਿਉਂ ਹੀ ਚਣਾਂ ਨੇੜੇ ਆਉਂਦੀਆਂ ਹਨ ਇਨ੍ਹਾਂ ਡੇਰਿਆਂ ਦੀ 'ਆਭਾ' ਹੋਰ ਨਿਖਰਨ ਲੱਗਦੀ ਹੈ। ਰਾਜਸੀ ਲੀਡਰ ਵੱਡਾ ਇਕੱਠ ਵੇਖ ਕੇ ਕਿਸੇ 'ਸੰਤ' ਦੇ ਡੇਰੇ ਪਹੁੰਚ ਜਾਂਦੇ ਹਨ। ਜਿਉਂ ਹੀ ਲੀਡਰ ਸਾਹਿਬ ਸਟੇਜ 'ਤੇ ਸਜੇ ਬੈਠੇ ਸੰਤ ਨੂੰ ਮਿਲਦੇ ਹਨ ਤਾਂ ਪੰਡਾਲ ਵਿੱਚ ਬੈਠੀ ਸੰਗਤ ਵੀ ਸੰਤਾਂ ਦੀ ਜੈ-ਜੈਕਾਰ ਕਰਦੀ ਹੈ ਤੇ ਉਸ ਲੀਡਰ ਦੀ ਵੀ। ਇੰਜ ਲੀਡਰ ਅਤੇ ਸੰਤ ਚੋਣਾਂ ਸਮੇਂ ਆਪਣੀ-ਆਪਣੀ 'ਵੋਟ' ਅਤੇ 'ਸੰਗਤ' ਦਾ ਆਦਾਨ-ਪ੍ਰਦਾਨ ਕਰ ਲੈਂਦੇ ਹਨ।

**ਭਾਰਤ ਵਿੱਚ ਵਿਸ਼ਵ ਦੇ ਬਾਕੀ ਮੁਲਕਾਂ ਨਾਲੋਂ ਵੱਧ ਧਰਮ, ਜਾਤਾਂ, ਬੋਲੀਆਂ, ਇਲਾਕੇ ਅਤੇ ਰਾਜਨੀਤਕ ਪਾਰਟੀਆਂ ਹਨ। ਭਾਰਤ ਵਿੱਚ ਧਰਮ ਦੇ ਨਾਮ ਉਪਰ ਲੜਾਈਆਂ ਵੀ ਵੱਧ ਹੁੰਦੀਆਂ ਹਨ। ਹਿੰਦੋਸਤਾਨ ਦੀ ਵੰਡ ਹੀ ਦੋ ਧਰਮਾਂ ਵਿੱਚ ਹੋਏ ਵੱਡੇ ਪੱਧਰ ਦੇ ਫਸਾਦਾਂ ਕਾਰਨ ਹੋਈ, ਆਸਾਮ ਵਿੱਚ ਜਾਤੀ ਦੰਗਿਆਂ ਨੇ, ਪੰਜਾਬ ਵਿੱਚ ਫ਼ਿਰਕੂ-ਝਗੜੇ, ਬਿਹਾਰ, ਗੁਜਰਾਤ, ਜੰਮੂ-ਕਸ਼ਮੀਰ, ਮਹਾਰਾਸ਼ਟਰ ਆਦਿ ਵਿੱਚ ਹੋਏ ਦੰਗਿਆਂ ਪਿੱਛੇ ਇਹ 'ਅਖੌਤੀ ਸੰਤਾਂ' ਤੇ ਰਾਜਨੀਤਕ ਲੀਡਰਾਂ ਦੀਆਂ ਕੋਝੀਆਂ ਚਾਲਾਂ ਸਨ, ਜਿਨ੍ਹਾਂ ਵਿੱਚ ਹੁਣ ਤਕ ਲੱਖਾਂ ਲੋਕਾਂ ਦੀ ਬਲੀ ਦਿੱਤੀ ਜਾ ਚੁੱਕੀ ਹੈ।**

ਭਾਰਤ ਵਿੱਚ ਵਿਸ਼ਵ ਦੇ ਬਾਕੀ ਮੁਲਕਾਂ ਨਾਲੋਂ ਵੱਧ ਧਰਮ, ਜਾਤਾਂ, ਬੋਲੀਆਂ, ਇਲਾਕੇ ਅਤੇ ਰਾਜਨੀਤਕ ਪਾਰਟੀਆਂ ਹਨ। ਭਾਰਤ ਵਿੱਚ ਧਰਮ ਦੇ ਨਾਮ ਉਪਰ ਲੜਾਈਆਂ ਵੀ ਵੱਧ ਹੁੰਦੀਆਂ ਹਨ। ਹਿੰਦੋਸਤਾਨ ਦੀ ਵੰਡ ਹੀ ਦੋ ਧਰਮਾਂ ਵਿੱਚ ਹੋਏ ਵੱਡੇ ਪੱਧਰ ਦੇ ਫ਼ਸਾਦਾਂ ਕਾਰਨ ਹੋਈ, ਆਸਾਮ ਵਿੱਚ ਜਾਤੀ ਦੰਗਿਆਂ ਨੇ, ਪੰਜਾਬ ਵਿੱਚ ਫ਼ਿਰਕੂ-ਝਗੜੇ, ਬਿਹਾਰ, ਗੁਜਰਾਤ, ਜੰਮੂ-ਕਸ਼ਮੀਰ, ਮਹਾਰਾਸ਼ਟਰ ਆਦਿ ਵਿੱਚ ਹੋਏ ਦੰਗਿਆਂ ਪਿੱਛੇ ਇਹ 'ਅਖੌਤੀ ਸੰਤਾਂ' ਤੇ ਰਾਜਨੀਤਕ ਲੀਡਰਾਂ ਦੀਆਂ ਕੋਝੀਆਂ ਚਾਲਾਂ ਸਨ, ਜਿਨ੍ਹਾਂ ਵਿੱਚ ਹੁਣ ਤਕ ਲੱਖਾਂ ਲੋਕਾਂ ਦੀ ਬਲੀ ਦਿੱਤੀ ਜਾ ਚੁੱਕੀ ਹੈ।

ਸੰਵਿਧਾਨਕ ਤੌਰ 'ਤੇ ਸਾਡਾ ਮੁਲਕ ਧਰਮ-ਨਿਰਪੱਖ ਦੇਸ਼ ਹੈ ਜਿਸ 'ਤੇ ਹਰ ਭਾਰਤੀ ਨੂੰ ਮਾਣ ਵੀ ਹੋਣਾ ਚਾਹੀਦਾ ਹੈ ਪਰ ਆਜ਼ਾਦੀ ਮਗਰੋਂ ਦੇਸ਼ ਵਿੱਚ ਹੋਏ ਭਿਆਨਕ ਧਾਰਮਿਕ ਫ਼ਸਾਦਾਂ ਨੇ ਦੇਸ਼ ਦੀ ਧਰਮ-ਨਿਰਪੱਖਤਾ ਨੂੰ ਸ਼ਰਮਸਾਰ ਕੀਤਾ ਹੈ। ਧਰਮ ਸਹਿਜ ਦਾ ਮਾਰਗ ਦਰਸਾਉਂਦੇ ਅਤੇ ਸ਼ਾਂਤੀਪੂਰਨ ਸਹਿਹੋਂਦ ਦਾ ਪ੍ਰਚਾਰ ਕਰਦੇ ਹਨ। ਇਸ ਦਾ ਅਰਥ ਇਹ ਹੈ ਕਿ ਜਿੰਨੇ ਵੱਧ ਧਰਮ, ਓਨੀ ਹੀ ਵੱਧ ਸ਼ਾਂਤੀ ਅਤੇ ਪਿਆਰ। ਭਾਰਤ ਵਿੱਚ ਮੁੱਖ ਰੂਪ ਵਿੱਚ ਅੱਠ ਧਰਮ ਹਨ, ਜਿਨ੍ਹਾਂ ਵਿੱਚ ਹਿੰਦੂ- 82 ਫ਼ੀਸਦੀ, ਮੁਸਲਮਾਨ- 12 ਫ਼ੀਸਦੀ, ਈਸਾਈ- 2.5 ਫ਼ੀਸਦੀ, ਸਿੱਖ- 2 ਫ਼ੀਸਦੀ, ਬੁੱਧ- 0.7 ਫ਼ੀਸਦੀ, ਜੈਨੀ- 0.5 ਫ਼ੀਸਦੀ, ਯਹੂਦੀ ਅਤੇ ਜ਼ੋਰੋ ਐਸਟਰੀਅਨਿਜ਼ਮ- 0.01 ਫ਼ੀਸਦੀ ਹਨ। ਵਿਸ਼ਵ ਵਿੱਚ 4200 ਤੋਂ ਵੱਧ ਧਰਮ ਹਨ, ਜਿਨ੍ਹਾਂ ਵਿੱਚ ਈਸਾਈ- 31.59 ਫ਼ੀਸਦੀ, ਮੁਸਲਮਾਨ- 23 ਫ਼ੀਸਦੀ, ਹਿੰਦੂ-15 ਫ਼ੀਸਦੀ, ਬੁੱਧ- 7.1 ਫ਼ੀਸਦੀ ਅਤੇ ਸਿੱਖ 0.35 ਫ਼ੀਸਦੀ ਹਨ। ਇਨ੍ਹਾਂ ਸਭ ਦੇ ਬਾਵਜੂਦ ਫ਼ਿਰਕੂ ਦੰਗਿਆਂ ਦਾ ਡਰ ਹਮੇਸ਼ਾਂ ਬਣਿਆ ਰਹਿੰਦਾ ਹੈ। ਸਾਰੇ ਹੀ ਧਰਮਾਂ ਵਿੱਚ ਇਨ੍ਹਾਂ ਅਖੌਤੀ ਮੱਠਾਂ ਰਾਹੀਂ ਸੰਵੇਦਨਹੀਣ ਅਤੇ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੀ ਘੁਸਪੈਠ ਹੋ ਚੁੱਕੀ ਹੈ। ਅਪਰਾਧਿਕ ਬਿਰਤੀ ਵਾਲਾ ਇਨਸਾਨ ਕਦੇ ਵੀ ਅਪਰਾਧ ਤੋਂ ਕਿਨਾਰਾ ਕਰ ਸਕਦਾ ਹੈ ਅਤੇ ਫਿਰ ਕਦੇ ਵੀ ਅਪਰਾਧ ਵੱਲ ਮੁੜ ਵੀ ਸਕਦਾ ਹੈ। ਉਧਰ ਰਾਜਨੀਤਕ ਪਾਰਟੀਆਂ ਵੀ 'ਸੱਤਾ ਦੀ ਭੁੱਖ' ਮਿਟਾਉਣ ਖ਼ਾਤਰ ਇਨ੍ਹਾਂ ਡੇਰਿਆਂ ਦੀ ਸ਼ਰਨ ਲੈਣ ਤੋਂ ਉੱਕਾ ਹੀ ਗੁਰੇਜ਼ ਨਹੀਂ ਕਰਦੀਆਂ। ਇਹ ਡੇਰੇ ਆਮ ਲੋਕਾਂ ਅਤੇ ਖ਼ਾਸਕਰ ਨੌਜਵਾਨਾਂ ਵਿੱਚ ਵਿਹਲੇ ਰਹਿਣ ਦੀਆਂ ਪ੍ਰਵਿਰਤੀਆਂ ਪੈਦਾ ਕਰ ਰਹੇ ਹਨ। ਇਨ੍ਹਾਂ ਡੇਰਿਆਂ ਦੇ ਸੇਵਕਾਂ ਨੂੰ ਬਿਨਾਂ ਕੁਝ ਕੀਤਿਆਂ 'ਹਰ ਇੱਕ ਸ਼ੈਅ' ਨਸੀਬ ਹੋ ਰਹੀ ਹੈ, ਫਿਰ ਇਹ ਨੌਜਵਾਨ ਕੰਮਕਾਰ ਵਾਲੇ ਪਾਸੇ ਕਿਉਂ ਆਉਣਗੇ?

ਜਦੋਂ ਕਿਸੇ ਕੌਮ ਦੀ ਨੌਜਵਾਨ ਪੀੜ੍ਹੀ ਵਿਹਲਿਆਂ ਖਾਣ ਗਿੱਝ ਜਾਵੇ ਤਾਂ ਉਸ ਦਾ ਭਵਿੱਖ ਕਿੰਨਾ ਖ਼ਤਰੇ ਭਰਿਆ ਹੋ ਸਕਦਾ ਹੈ, ਸ਼ਾਇਦ ਇਸ ਦਾ ਅੰਦਾਜ਼ਾ ਲਾਉਣਾ ਵੀ ਸੰਭਵ ਨਹੀਂ ਹੈ। ਉੱਧਰ ਮੁੱਖ ਧਾਰਾ ਦੇ ਧਰਮਾਂ ਦੇ ਅੱਗੇ ਵੱਖ-ਵੱਖ ਨਾਵਾਂ ਹੇਠ ਬਣ ਰਹੇ ਵਰਗ (ਆਸ਼ਰਮ/ਧਾਮ/ਡੇਰੇ/ਮੱਠ/ਪੀਠ) ਵੀ ਭਵਿੱਖ ਵਿੱਚ ਕਿਸੇ ਵੱਡੀ ਅਣਹੋਣੀ ਦਾ ਸੰਕੇਤ ਹਨ। ਇੱਕ ਸਥਿਤੀ ਅਜਿਹੀ ਵੀ ਆਵੇਗੀ ਜਦੋਂ ਇਹ ਡੇਰੇ/ਮੱਠ/ਆਸ਼ਰਮ ਏਕਾਅਧਿਕਾਰ ਕਾਇਮ ਕਰਨ ਹਿੱਤ ਅਤੇ ਇੱਕ-ਦੂਜੇ ਉਪਰ ਕਬਜ਼ਾ ਕਰਨ ਲਈ ਵੀ ਸਾਜ਼ਿਸ਼ਾਂ ਕਰਨਗੇ ਤੇ ਕਦੇ ਆਹਮੋ-ਸਾਹਮਣੇ ਵੀ ਹੋਣਗੇ। ਇਸ ਤਰ੍ਹਾਂ ਦੀਆਂ ਸਥਿਤੀਆਂ ਸਾਡੇ ਦੇਸ਼ ਵਿੱਚ ਕਈ ਵਾਰ ਪਹਿਲਾਂ ਵੀ ਉਤਪੰਨ ਹੋ ਚੁੱਕੀਆਂ ਹਨ।

ਮੁੱਖ ਧਰਮਾਂ ਦੀ ਆੜ ਹੇਠਾਂ ਪਨਪ ਰਹੇ ਇਹ ਧਾਰਮਿਕ ਡੇਰੇ ਉਸ ਜਵਾਲਾਮੁਖੀ ਵਾਂਗ ਹਨ ਜਿਸ ਹੇਠ ਮਣਾਂ-ਮੂੰਹੀਂ ਲਾਵਾ ਹੌਲੀ-ਹੌਲੀ ਗਰਮ ਹੋ ਰਿਹਾ ਹੈ, ਜਦੋਂ ਇਹ ਫਟਿਆ ਤਾਂ ਕੀ ਕੁਝ ਭਸਮ ਕਰ ਦੇਵੇ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਧਰਮ-ਨਿਰਪੱਖਤਾ ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ ਮੁੜ ਪਰਿਭਾਸ਼ਤ ਕਰਨ ਦੀ ਲੋੜ ਹੈ ਅਤੇ ਮੁੱਖ ਧਾਰਾ ਦੇ ਧਰਮਾਂ ਦੀ ਛਤਰ-ਛਾਇਆ ਹੇਠ ਪਨਪ ਰਹੇ ਡੇਰਾਵਾਦ ਦੀ ਪ੍ਰਵਿਰਤੀ ਨੂੰ ਧਾਰਮਿਕ, ਸਮਾਜਿਕ ਅਤੇ ਸੰਵਿਧਾਨਕ ਨੱਥ ਪਾਉਣ ਦੀ ਲੋੜ ਹੈ।

## Classified

· Dish Network—pays $16 per 60-second call. · Spectrum Charter—pays $8 per 60-second call.
· 90 Day Meds—pays $18 per 120-second call.
· A Place for Mom--$16 per 45-second call.
· DirecTV—pays $16 per 60-second call. If you're interested in these ads, you may request them here: https://form.jotform.com/jgreiner/classifieds, If you have questions or need assistance, please contact me at 860.379.9602.

## ਕੀ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਨੂੰ ਵੀ ਨਿਆਂ ਮਿਲੇਗਾ ?

ਖੇਡਣ ਦੀ ਨੀਤੀ, ਹਾਲਾਤ ਨੂੰ ਹੋਰ ਵਿਗਾੜਨ ਦਾ ਸੱਦਾ ਦੇ ਰਹੀ ਹੈ।

ਪੰਜਾਬ ਸਕੱਤਰੇਤ ਦੇ ਗਲਿਆਰਿਆਂ ਤੇ ਸਿੱਖ ਹਲਕਿਆਂ ਵਿੱਚ, ਇਹ ਸਰਗੋਸ਼ੀਆਂ ਵੀ ਹਨ ਕਿ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਖੁਫ਼ੀਆ ਤੌਰ 'ਤੇ ਬਾਦਲ ਪਰਿਵਾਰ ਨਾਲ ਵੀ ਵਿਚਾਰੀ ਗਈ ਹੈ ਤੇ ਉਨ੍ਹਾਂ ਦੇ ਸੁਝਾਓ ਤੇ ਸਹੂਲਤ ਅਨੁਸਾਰ ਹੀ, ਕੈਪਟਨ ਅਮਰਿੰਦਰ ਸਿੰਘ ਨੇ ਇਹ ਮਾਮਲਾ ਸੀਬੀਆਈ ਦੇ ਸਪੁਰਦ ਕਰਨ ਦਾ ਫੈਸਲਾ ਲਿਆ ਹੈ, ਤਾਂ ਕਿ ਬਾਦਲ ਪਰਿਵਾਰ ਬੀਜੇਪੀ ਅਤੇ ਆਰਐਸਐਸ ਦੀ ਸਹਾਇਤਾ ਨਾਲ ਇਸ ਸਾਰੇ ਮਾਮਲੇ ਨੂੰ ਆਪਣੇ ਹਿਸਾਬ ਨਾਲ ਨਜਿੱਠ ਕੇ ਦਫ਼ਨ ਕਰ ਸਕਣ। ਇੱਥੇ ਇੱਕ ਹੋਰ ਤੱਥ ਵੀ ਵਰਨਣਯੋਗ ਹੈ ਕਿ ਭਾਵੇਂ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਵਜ਼ੀਰ ਤੇ ਐਮਐਲਏ. ਤਾਂ ਇਸ ਮਾਮਲੇ ਨੂੰ ਸੀਬੀਆਈ ਦੇ ਹਵਾਲੇ ਕਰਨ ਦਾ ਅੰਦਰੋਂ ਵਿਰੋਧ ਜਤਾ ਰਹੇ ਹਨ ਪਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਇਸ ਮਾਮਲੇ ਵਿੱਚ ਭੇਦਭਰੀ ਚੁੱਪ ਸਾਧੀ ਬੈਠਾ ਹੈ। ਬਾਦਲਾਂ ਦੀ ਇਸ ਚੁੱਪ ਪਿੱਛੇ ਕੀ ਸਾਜਿਸ਼ ਹੈ, ਇਸ ਖੁਫ਼ੀਆ ਰਾਜ਼ ਦੇ ਸੂਖਮ ਅੰਤਰ ਨੂੰ ਸਮਝਣ ਦੀ ਜ਼ਰੂਰਤ ਹੈ। ਅੱਜ ਹਰ ਸਿੱਖ ਹਿਰਦੇ ਵਿੱਚ, ਇੱਕ ਸਵਾਲ ਭਾਰੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਪੜਤਾਲੀਆ ਰਿਪੋਰਟ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨਿਆਂ ਕਰੇਗੀ ?

## ਆਦੀਵਾਸੀਆਂ ਦੀ ਅਜ਼ਾਦੀ ਦੀ ਕੌਣ ਗੱਲ ਕਰੇਗਾ

ਦੇ ਦਾਂਤੇਵਾੜਾ, ਸੁਕਮਾ, ਬਸਤਰ ਆਦਿ ਜ਼ਿਲ੍ਹਿਆਂ ਵਿਚ ਹੋਇਆ ਹੈ ਅਤੇ ਜੋ ਜਾਨੀ ਮਾਲੀ ਨੁਕਸਾਨ ਹੋਇਆ ਹੈ, ਇਹਨਾਂ ਦਾ ਟੁੱਕੜਬੋਚ ਮਨੂਵਾਦੀ ਮੀਡੀਆ ਇਹ ਗੱਲ ਲੁਕਾ ਲੈਂਦਾ ਹੈ।

ਕੌਡੇ ਰਾਖਸ਼ ਦਾ ਇਤਿਹਾਸ : ਕੌਡੇ ਰਾਖਸ਼ ਦਾ ਪ੍ਰਸੰਗ ਸਿੱਖ ਇਤਿਹਾਸ ਵਿਚ ਥਾਂ-ਥਾਂ ਆਉਂਦਾ ਹੈ। ਇਸ ਬਾਰੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਲਿਖਿਆ ਹੈ, "ਕੌਡਾ ਆਦਮਖੋਰ ਭੀਲ ਅਤੇ ਨਿਖਾਸਾਂ ਦਾ ਸਰਦਾਰ ਸੀ, ਜੋ ਵਿੰਧਿਆਚਲ ਦੇ ਦੱਖਣੀ ਜੰਗਲਾਂ ਵਿਚ ਡਾਕੇ ਮਾਰਿਆ ਕਰਦਾ ਸੀ। ਇਹ ਭਾਈ ਮਰਦਾਨੇ ਨੂੰ ਫੜ ਕੇ ਖਾਣਾ ਚਾਹੁੰਦਾ ਸੀ। ਸਤਿਗੁਰ ਨਾਨਕ ਨੇ ਆਪਣੇ ਆਤਮਿਕ ਬਲ ਨਾਲ ਉਸ ਦੀ ਜ਼ਿੰਦਗੀ ਅਜਿਹੀ ਪਲਟੀ ਕਿ ਉਹ ਰਾਖਸ਼ੀ ਕੰਮ ਛੱਡ ਕੇ ਦੇਵਤਾ ਬਣ ਗਿਆ ਤੇ ਧਰਮ ਕਿਰਤ ਨਾਲ ਨਿਰਬਾਹ ਕਰਕੇ ਕਰਤਾਰ ਸਿਮਰਨ ਵਿਚ ਜੀਵਨ ਬਿਤਾਇਆ।" ਕੌਡਾ ਭਾਰਤ ਦਾ ਮੂਲਨਿਵਾਸੀ ਸੀ। ਮੂਲਨਿਵਾਸੀ ਉਹ ਲੋਕ ਸਨ, ਜਿਨ੍ਹਾਂ ਨੂੰ ਆਰੀਅਨ ਲੋਕਾਂ ਨੇ ਸ਼ੂਦਰ ਆਖ ਨੀਵੀ ਜਾਤ ਦੇ ਲੋਕ ਸਾਬਤ ਕਰ ਦਿੱਤਾ ਸੀ। ਕੌਡਾ ਭੀਲ ਜਾਤੀ ਨਾਲ ਸਬੰਧਿਤ ਸੀ। ਭੀਲ ਦਰਾਵਿੜ ਭਾਸ਼ਾ ਦਾ ਸ਼ਬਦ ਹੈ, ਦਰਾਵਿੜ ਭਾਸ਼ਾ ਵਿੱਚ ਭੀਲ ਤੀਰ ਵਾਲੀ ਕਮਾਨ ਨੂੰ ਕਿਹਾ ਜਾਂਦਾ ਹੈ। ਇਹ ਉਹ ਲੋਕ ਸਨ ਜਿਨ੍ਹਾਂ ਨੇ ਆਪਣੀ ਅਣਖ ਦੀ ਖਾਤਰ ਆਰੀਅਨ ਲੋਕਾਂ ਦੀ ਈਨ ਨਹੀਂ ਮੰਨੀ ਸੀ। ਆਰੀਅਨ ਲੋਕਾਂ ਨੇ ਇਹਨਾਂ ਨੂੰ ਮੈਦਾਨੀ ਇਲਾਕਿਆਂ ਵਿੱਚੋਂ ਕੱਢ ਕੇ ਜੰਗਲਾਂ ਵੱਲ ਧੱਕ ਦਿੱਤਾ ਸੀ।

ਭੀਲ ਲੋਕ ਵੀ ਸਾਡੇ ਵਾਂਗ ਕਿਰਤੀ ਲੋਕ ਸਨ। ਜਦ ਉਹਨਾਂ ਨੂੰ ਅੰਨ ਉਪਜਾਊ ਧਰਤੀ ਤੋ ਨਿਕਲਣ ਲਈ ਮਜਬੂਰ ਕੀਤਾ ਗਿਆ, ਤੇ ਇਸ ਤਰ੍ਹਾਂ ਭੁੱਖ ਤੇ ਮੌਤ ਦਾ ਟਾਕਰਾ ਕਰਨਾ ਪਿਆ, ਤਾਂ ਉਹ ਇਸ ਤੋਂ ਛੁੱਟ ਹੋਰ ਕੀ ਕਰਦੇ ? ਜਦੋਂ ਕਦੇ ਉਹਨਾਂ ਦੇ ਢਹੇ ਕੋਈ ਆਰੀਅਨ ਲੋਕਾਂ ਦਾ ਬੰਦਾ ਚੜ੍ਹ ਜਾਣਾ ਤੇ ਉਸ ਨੂੰ ਮਾਰ ਕੇ ਉਸ ਦਾ ਮਾਸ ਰਿੰਨ੍ਹ ਕੇ ਖਾ ਲੈਂਦੇ ਸਨ। ਇਸ ਕਰਕੇ ਆਰੀਅਨ ਲੋਕ ਉਹਨਾਂ ਨੂੰ ਰਾਖਸ਼ ਕਹਿਣ ਲੱਗ ਪਏ ਸਨ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਤੇ ਉਹਨਾਂ ਦੇ ਸਾਥੀ ਭਾਈ ਮਰਦਾਨਾ ਉਨ੍ਹਾਂ ਦੇ ਇਲਾਕੇ ਵਿਚੋਂ ਦੀ ਗੁਜ਼ਰੇ, ਜਿਸ ਇਲਾਕੇ ਵਿੱਚ ਕੋਈ ਵੀ ਭੀਲਾਂ ਦੀ ਦਹਿਸ਼ਤ ਤੋਂ ਡਰਦਾ ਨਹੀਂ ਜਾਂਦਾ ਸੀ। ਕਿਸੇ ਕਾਰਨ ਕਰਕੇ ਭਾਈ ਮਰਦਾਨਾ ਜੀ ਗੁਰੂ ਸਾਹਿਬ ਤੋਂ ਕੁਝ ਲਾਂਭੇ ਚਲਾ ਗਿਆ। ਕੁਝ ਦੇਰ ਤੱਕ ਜਦ ਭਾਈ ਮਰਦਾਨਾ ਵਾਪਸ ਨਾ ਆਇਆ, ਤਾਂ ਗੁਰੂ ਸਾਹਿਬ ਭਾਈ ਮਰਦਾਨਾ ਦੀ ਤਲਾਸ਼ ਵਿੱਚ ਨਿਕਲ ਪਏ।

ਗੁਰੂ ਸਾਹਿਬ ਭਾਈ ਮਰਦਾਨੇ ਨੂੰ ਲੱਭਦੇ-ਲੱਭਦੇ ਉਸ ਜਗ੍ਹਾ 'ਤੇ ਪਹੁੰਚ ਗਏ ਜਿਸ ਜਗ੍ਹਾ 'ਤੇ ਕੌਡੇ ਨੇ ਭਾਈ ਮਰਦਾਨੇ ਨੂੰ ਬੰਦੀ ਬਣਾਇਆ ਹੋਇਆ ਸੀ। ਉਹ ਗੁਰੂ ਸਾਹਿਬ ਦੀ ਨਿਡਰਤਾ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਭਲੇ ਲੋਕਾਂ ਨੂੰ ਮਾਰਨ ਨਾਲ ਕੁਝ ਵੀ ਪ੍ਰਾਪਤ ਨਹੀਂ ਹੋਣਾ। ਗੁਰੂ ਸਾਹਿਬ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਗੁਰੂ ਨਾਲ ਵਾਅਦਾ ਕੀਤਾ ਕਿ ਉਹ ਬੇਗੁਨਾਹਾਂ ਦੀ ਹੱਤਿਆ ਨਹੀਂ ਕਰੇਗਾ। ਇਸ ਤੋਂ ਬਾਅਦ ਕੌਡਾ ਗੁਰੂ ਸਾਹਿਬ ਦਾ ਸਿੱਖ ਬਣ ਗਿਆ ਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲੱਗ ਗਿਆ। ਇਸ ਤਰ੍ਹਾਂ ਸਿੱਖੀ ਦੀਆਂ ਜੜ੍ਹਾਂ ਆਦਿਵਾਸੀਆਂ ਵਿਚ ਲੱਗੀਆਂ। ਸਿਕਲੀਗਰ ਭਾਈਚਾਰਾ ਆਦਿਵਾਸੀ ਭਾਈਚਾਰੇ ਵਿਚ ਵੀ ਆਉਂਦਾ ਹੈ, ਜੋ ਗੁਰੂ ਨਾਨਕ ਸਾਹਿਬ ਨੂੰ ਆਪਣਾ ਗੁਰੂ ਮੰਨਦਾ ਹੈ।

ਸੁਆਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਥੇ ਕੌਡੇ ਭੀਲ ਦਾ ਉਧਾਰ ਕੀਤਾ, ਉਹ ਕਿਹੜੀ ਥਾਂ ਸੀ ? ਇਤਿਹਾਸਕਾਰ ਡਾ. ਤਰਲੋਚਨ ਸਿੰਘ ਅਤੇ ਭਾਈ ਸਾਹਿਬ ਸਿੰਘ ਇਸ ਬਾਰੇ ਇਕਮੱਤ ਹਨ ਕਿ ਇਹ ਘਟਨਾ ਦੱਖਣ ਵਿਚ ਹੀ ਵਾਪਰੀ ਹੈ। ਗਿਆਨੀ ਗਿਆਨ ਸਿੰਘ ਇਸ ਘਟਨਾ ਦੇ ਵਾਪਰਨ ਦਾ ਸਥਾਨ ਜਬਲਪੁਰ ਦੱਸਦੇ ਹਨ। ਭਾਈ ਕਾਹਨ ਸਿੰਘ ਨਾਭਾ ਇਸ ਦਾ ਸਬੰਧ ਵਿੰਧਿਆਚਲ ਪਰਬਤ ਦੇ ਦੱਖਣੀ ਜੰਗਲ ਨਾਲ ਜੋੜਦੇ ਹਨ। ਗਿਆਨੀ ਲਾਲ ਸਿੰਘ ਵੀ ਭਾਈ ਕਾਹਨ ਸਿੰਘ ਨਾਲ ਸਹਿਮਤੀ ਪ੍ਰਗਟ ਕਰਦੇ ਹਨ। ਵਿੰਧਿਆਚਲ ਪਰਬਤ ਦੇ ਦੱਖਣ ਵਿਚ ਹੀ ਭੀਲਾਂ ਤੇ ਦਰਾਵੜਾਂ ਦਾ ਵਾਸਾ ਮੰਨਿਆ ਜਾਂਦਾ ਹੈ। ਇਸ ਲਈ ਦੱਖਣ ਦੇਸ਼ ਤੋਂ ਭਾਵ ਵਿੰਧਿਆਚਲ ਦੇ ਦੱਖਣੀ ਜੰਗਲ ਤੋਂ ਹੀ ਸਹੀ ਪ੍ਰਤੀਤ ਹੁੰਦਾ ਹੈ। ਇਸ ਖੇਤਰ ਦਾ ਹੀ ਅਹਿਮ ਤੇ ਪ੍ਰਸਿੱਧ ਸ਼ਹਿਰ ਜੱਬਲਪੁਰ ਹੈ ਜੋ ਕਿ ਅੱਜਕਲ੍ਹ ਮੱਧ ਪ੍ਰਦੇਸ਼ ਵਿਚ ਪੈਂਦਾ ਹੈ।

ਜਬਲਪੁਰ ਵਿਚ 8-9 ਗੁਰਦੁਆਰੇ ਹਨ। ਇਨ੍ਹਾਂ ਵਿਚੋਂ ਇਕ ਗੁਰਦੁਆਰੇ ਦਾ ਨਾਂਅ 'ਮੜਾਤਾਲ' ਹੈ। ਇਲਾਕਾਈ ਬੋਲੀ ਵਿਚ ਮੜਾਤਾਲ ਪੱਛੜੀਆਂ ਜਾਤੀਆਂ ਦੇ ਮੰਦਰ ਨੂੰ ਕਹਿੰਦੇ ਹਨ। ਇਹ ਮੰਦਰ ਕੌਡੇ ਦਾ ਪ੍ਰਚਾਰ ਕੇਂਦਰ ਕਿਹਾ ਜਾਂਦਾ ਹੈ।

ਕੌਡਾ ਕਿਉਂਕਿ ਭੀਲ ਮੰਨਿਆ ਜਾਂਦਾ ਸੀ, ਇਸ ਲਈ ਆਰੀਅਨਾਂ ਨੇ ਇਸ ਨੂੰ ਨੀਵਾਂ ਜਤਾਣ ਲਈ ਇਸ ਦਾ ਨਾਂਅ ਮੜਾਤਾਲ ਰੱਖਿਆ ਹੋਇਆ ਸੀ। ਜਦੋਂ ਸਿੱਖਾਂ ਦੀ ਇਥੇ ਆਵਾਜਾਈ ਆਮ ਹੋ ਗਈ ਤਾਂ ਇਸ ਟਿਕਾਣੇ ਦੀ ਸੇਵਾ-ਸੰਭਾਲ ਵੀ ਚੰਗੀ ਹੋਣ ਲੱਗ ਪਈ ਤਾਂ ਇਹ ਮੜਾਤਾਲ ਮੰਦਰ ਗੁਰਦੁਆਰਾ ਮੜਾਤਾਲ ਕਰਕੇ ਪ੍ਰਸਿੱਧ ਹੋ ਗਿਆ ਤੇ ਬਾਅਦ ਵਿਚ ਇਹ ਸਿੰਘ ਸਭਾ ਜਬਲਪੁਰ ਦੇ ਪ੍ਰਬੰਧ ਵਿਚ ਆ ਗਿਆ। ਗੁਰਦੁਆਰਾ ਮੜਾਤਾਲ ਜਬਲਪੁਰ ਦੀ ਸੰਘਣੀ ਆਬਾਦੀ ਵਾਲੇ ਸ਼ਹਿਰ ਦੇ ਕੇਂਦਰੀ ਇਲਾਕੇ ਵਿਚ ਸਥਾਪਿਤ ਹੈ। ਇਸ ਦੀ ਵਿਸ਼ਾਲ ਇਮਾਰਤ ਹੈ, ਜਿਸ ਵਿਚ ਪ੍ਰਵੇਸ਼ ਲਈ ਮੁੱਖ ਸੜਕ ਉੱਪਰ ਹੀ ਦਰਵਾਜ਼ਾ ਹੈ। ਦਰਬਾਰ ਹਾਲ ਦੇ ਸੱਜੇ ਪਾਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫਤਰ ਹੈ ਤੇ ਖੱਬੇ ਪਾਸੇ ਵੱਲ ਲੰਗਰ ਹਾਲ।

ਇਹ ਸੁਸਾਇਟੀ ਮਾਤਾ ਗੁਜਰੀ ਵੋਮਨਜ਼ ਕਾਲਜ, ਗੁਰੂ ਰਾਮਦਾਸ ਇੰਜੀਨੀਅਰਿੰਗ ਕਾਲਜ ਅਤੇ ਰਾਮਦਾਸ ਬੀ. ਫਾਰਮਾ ਕਾਲਜ ਚਲਾਉਂਦੀ ਹੈ। ਇਸ ਤੋਂ ਇਲਾਵਾ ਇਸ ਵੱਲੋਂ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ ਵੀ ਚਲਾਇਆ ਜਾਂਦਾ ਹੈ। ਇਹ ਸੁਸਾਇਟੀ 13 ਸਕੂਲ ਵੀ ਚਲਾਉਂਦੀ ਹੈ। ਵਰਨਣਯੋਗ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਸਕੂਲਾਂ ਵਿਚ ਪੰਜਾਬੀ (ਗੁਰਮੁਖੀ) ਦੀ ਪੜ੍ਹਾਈ ਪਹਿਲੀ ਜਮਾਤ ਤੋਂ ਲਾਜ਼ਮੀ ਹੈ।

ਇਨ੍ਹਾਂ ਕਾਲਜਾਂ ਅਤੇ ਸਕੂਲਾਂ ਦਾ ਸਟੈਂਡਰਡ ਏਨਾ ਵਧੀਆ ਹੈ ਕਿ ਲੋਕ ਆਪਣੇ ਬੱਚਿਆਂ ਨੂੰ ਇਨ੍ਹਾਂ ਵਿਚ ਵਿੱਦਿਆ ਦਿਵਾਉਣੀ ਇਕ ਮਾਣ ਸਮਝਦੇ ਹਨ। ਇਸ ਸਮਾਜ ਸੇਵਾ ਨੇ ਹੀ 15 ਲੱਖ ਦੀ ਆਬਾਦੀ ਵਾਲੇ ਜਬਲਪੁਰ ਸ਼ਹਿਰ ਵਿਚ ਸਿੱਖਾਂ ਨੂੰ ਮਾਣ ਬਖਸ਼ਿਆ ਹੈ। ਗੁਰਮੁਖੀ ਦੀ ਪੜ੍ਹਾਈ ਕਾਰਨ ਹਰ ਸਿੱਖ ਬੱਚਾ ਗੁਰਬਾਣੀ ਨਾਲ ਜੁੜਿਆ ਹੋਇਆ ਹੈ ਤੇ ਉਸ ਤੋਂ ਆਪਣੇ ਜੀਵਨ ਲਈ ਸੇਧ ਲੈ ਰਿਹਾ ਹੈ।

## ਪ੍ਰੋ.ਫ਼ੈਸਰ ਹਰਬੰਸ ਸਿੰਘ ਅਤੇ ਸਿੱਖ ਧਰਮ ਅਧਿਐਨ

ਮੈਂ ਉਨ੍ਹਾਂ ਨੂੰ ਕਦੇ ਗੁੱਸੇ ਵਿਚ ਨਹੀਂ ਤੱਕਿਆ। ਖਿੜਿਆ ਚਿਹਰਾ, ਹਰ ਇਕ ਨਾਲ ਮੋਹ, ਇਥੋਂ ਤੱਕ ਕਿ ਆਪਣੇ ਸੇਵਾਦਾਰਾਂ ਨੂੰ ਵੀ ਜੀ ਤੋਂ ਬਿਨਾਂ ਉਨ੍ਹਾਂ ਕਦੇ ਨਹੀਂ ਬੁਲਾਇਆ। ਕੋਈ ਵੀ ਵਿਅਕਤੀ ਜੋ ਉਨ੍ਹਾਂ ਨੂੰ ਇਕ ਵਾਰ ਮਿਲਿਆ ਹੋਵੇ, ਉਨ੍ਹਾਂ ਦੀ ਸੂਝ-ਬੂਝ, ਉਦਾਰਤਾ, ਹਮਦਰਦੀ, ਮੋਹ, ਮਹਿਮਾਨ ਨਿਵਾਜ਼ੀ ਤੇ ਅਪਣੱਤ ਨੂੰ ਭੁਲਾ ਨਹੀਂ ਸਕਦਾ। ਇਕ ਪੂਰਨ ਗੁਰਸਿੱਖ, ਚਲਦਾ ਫਿਰਦਾ ਇਨਸਾਈਕਲੋਪੀਡੀਆ, ਕਰਮਯੋਗੀ ਸ਼ਖ਼ਸ਼ੀਅਤ, ਸੁਚੱਜਾ ਪ੍ਰਸ਼ਾਸਕ; ਉਨ੍ਹਾਂ ਦੇ ਅਮੀਰ ਵਿਅਕਤੀਤਵ ਨੂੰ ਮੈਂ ਜਿਸ ਵੀ ਪਹਿਲੂ ਤੋਂ ਚੇਤੇ ਕਰਦਾ ਹਾਂ, ਮੈਨੂੰ ਉਹ ਬੇਮਿਸਾਲ ਨਜ਼ਰ ਆਉਂਦੇ ਹਨ।"

ਸਿੱਖ ਧਰਮ ਦੇ ਅਧਿਐਨ ਵਿਚ ਪਾਏ ਯੋਗਦਾਨ ਕਾਰਨ ਬਹੁਤ ਸਾਰੀਆਂ ਸੰਸਥਾਵਾਂ ਨੇ ਪ੍ਰੋ. ਹਰਬੰਸ ਸਿੰਘ ਦਾ ਸਨਮਾਨ ਕੀਤਾ। ਅਧਰੰਗ ਦੀ ਬੀਮਾਰੀ ਕਾਰਨ ਪ੍ਰੋ. ਸਾਹਿਬ ਕਿਤੇ ਜਾਣ ਦੀ ਸਥਿਤੀ ਵਿਚ ਨਹੀਂ ਸਨ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹਨਾਂ ਦਾ ਸਨਮਾਨ ਇਹਨਾਂ ਦੇ ਘਰ ਜਾ ਕੇ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਇਹ ਸਨਮਾਨ ਦੇਣ ਲਈ ਇਹਨਾਂ ਦੇ ਘਰ ਆਏ ਸਨ; ਸ. ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਉਹਨਾਂ ਦੇ ਨਾਲ ਸਨ। ਭਾਵੇਂ ਕਿ 30 ਮਈ 1998 ਨੂੰ ਲੰਮੀ ਬੀਮਾਰੀ ਉਪਰੰਤ ਪ੍ਰੋ. ਹਰਬੰਸ ਸਿੰਘ ਅਕਾਲ ਚਲਾਣਾ ਕਰ ਗਏ ਸਨ ਪਰ ਸਿੱਖ ਧਰਮ ਵਿਸ਼ਵਕੋਸ਼ ਦੇ ਰੂਪ ਵਿਚ ਉਹ ਸਦੀਵੀ ਤੌਰ 'ਤੇ ਅਮਰ ਹੋ ਗਏ ਹਨ। ਸਿੱਖ ਧਰਮ ਦੇ ਅਧਿਐਨ ਲਈ ਪ੍ਰੋ.ਫ਼ੈਸਰ ਸਾਹਿਬ ਦੁਆਰਾ ਕੀਤੇ ਗਏ ਕਾਰਜ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਸਦੀਵੀ ਤੌਰ 'ਤੇ ਰਾਹ-ਦਸੇਰਾ ਬਣ ਗਏ ਹਨ।

## ਬਾਬਾ ਨਾਨਕ ਅਤੇ ਰਾਇ ਬੁਲਾਰ ਖ਼ਾਨ ਸਾਹਿਬ ...!

ਕਰਨ ਵਾਲਿਆ ਦਰਵੇਸ਼ਾਂ ਦਾ। ਉਹ ਜਿਹੜੇ ਚੰਦ ਤਾਰਿਆਂ ਦੇ ਮਾਲਕ ਹਨ, ਉਹੀ ਰਹਿਣਗੇ, ਹੋਰ ਨਹੀਂ ਰਹੇਗਾ ਕੋਈ। ਸਾਡੀ ਤੁਹਾਨੂੰ ਇਹੀ ਸਲਾਹ ਹੈ ਕਿ ਮੁਕੱਦਮਾ ਵਾਪਸ ਲੈ ਲਉ।"

ਅਸੀਂ ਕਿਹਾ, "ਜੀ ਬਾਹਰ ਸਾਡਾ ਭਾਈਚਾਰਾ ਖਲੋਤਾ ਹੈ, ਉਸ ਨਾਲ ਸਲਾਹ ਕਰ ਲਈਏ।"

ਜੱਜਾਂ ਨੇ ਕਿਹਾ- ਜ਼ਰੂਰ ਕਰੋ। ਹੁਣ ਸਾਢੇ ਗਿਆਰਾਂ ਵੱਜੇ ਹਨ। ਸ਼ਾਮੀਂ ਚਾਰ ਵਜੇ ਤਕ ਸਲਾਹ ਕਰ ਲਉ। ਜੇ ਮੁਕੱਦਮਾ ਵਾਪਸ ਨਾ ਲਿਆ ਤਾਂ ਫਿਰ ਅਸੀਂ ਫ਼ੈਸਲਾ ਸੁਣਾ ਦਿਆਂਗੇ। ਅਦਾਲਤ ਤੋਂ ਬਾਹਰ ਤੁਹਾਨੂੰ ਅਸੀਂ ਇਹ ਇਕ ਸਲਾਹ ਦਿੱਤੀ ਹੈ। ਇਹ ਸਲਾਹ ਮੰਨਣ ਦੇ ਤੁਸੀਂ ਪਾਬੰਦ ਨਹੀਂ। ਫ਼ੈਸਲਾ ਸ਼ਾਮੀ ਸੁਣਾਵਾਂਗੇ।

ਅਸੀਂ ਬਾਹਰ ਆ ਗਏ। ਭਾਈਚਾਰਾ ਉਡੀਕ ਰਿਹਾ ਸੀ। ਸਾਰੀ ਗੱਲ ਦੱਸੀ। ਸੋਚਣ ਵਿਚਾਰਨ ਲੱਗੇ। ਦਿਮਾਗ਼ ਰਿੜਕੇ। ਅਖ਼ੀਰ ਵਿਚ ਫ਼ੈਸਲਾ ਹੋਇਆ ਕਿ ਦੋਵਾਂ ਵਿਚੋਂ ਇਕ ਦੀ ਚੋਣ ਕਰਨੀ ਹੈ। ਅਪੀਲ ਵਾਪਸ ਲੈਣੀ ਹੈ ਕਿ ਮੁਕੱਦਮਾ ਹਾਰਨ ਦੀ ਜੱਜਮੈਂਟ ਲੈਣੀ ਹੈ। ਜੱਜਾਂ ਦੀਆਂ ਗੱਲਾਂ ਤੋਂ ਦਿਸ ਗਿਆ ਸੀ ਕਿ ਜਿੱਤਣ ਦਾ ਸਵਾਲ ਨਹੀਂ ਪੈਦਾ ਹੁੰਦਾ। ਅਸਾਂ ਸਾਰਿਆਂ ਨੇ ਮੁਕੱਦਮਾ ਵਾਪਸ ਲੈਣ ਦਾ ਫ਼ੈਸਲਾ ਕੀਤਾ। ਸ਼ਾਮੀਂ ਚਾਰ ਵਜੇ ਵਕੀਲਾਂ ਸਣੇ ਹਾਜ਼ਰ ਹੋ ਕੇ ਅਪੀਲ ਵਾਪਸ ਲੈ ਲਈ। ਅਸੀਂ ਬਚ ਗਏ ਸਰਦਾਰ ਜੀ। ਅਪੀਲ ਵਾਪਸ ਨਾ ਲੈਂਦੇ ਤਾਂ ਹਾਰਨਾ ਸੀ। ਦੁਨੀਆ ਵੀ ਜਾਣੀ ਸੀ ਦੀਨ ਵੀ। ਹੁਣ ਦੋਵੇਂ ਬਚ ਗਏ। ਅਗਲੀ ਦਰਗਾਹ ਵਿਚ ਇਨ੍ਹਾਂ ਦਰਵੇਸ਼ਾਂ ਸਾਹਮਣੇ ਖਲੋ ਕੇ ਗੁਨਾਹਾਂ ਦੀ ਮੁਆਫ਼ੀ ਮੰਗਣ ਜੋਗੇ ਰਹਿ ਗਏ। ਉਹ ਬੜੇ ਰਹਿਮਦਿਲ ਹਨ ਜੀ। ਆਪਣੀ ਔਲਾਦ ਦੀਆਂ ਗਲਤੀਆਂ ਮਾਪੇ ਬਖ਼ਸ਼ ਦਿਆ ਕਰਦੇ ਹਨ। ਦੇਖੋ ਭਰਾ ਜੀ ਕਿੰਨੀਆਂ ਤਾਕਤਾਂ ਦੇ ਮਾਲਕ ਹਨ ਹਜ਼ਰਤ ਬਾਬਾ ਨਾਨਕ। ਸਦੀਆਂ ਬੀਤ ਗਈਆਂ ਪਰ ਨੇਕੀ ਕਰਨ ਦਾ ਹੁਕਮ ਅਜੇ ਕਿਸੇ ਨਾ ਕਿਸੇ ਜ਼ਰੀਏ ਪੁਚਾ ਰਹੇ ਹਨ। ਸੁਪਰੀਮ ਕੋਰਟ ਨੂੰ ਕਿਹਾ ਕਿ ਇਨ੍ਹਾਂ ਨੂੰ ਗਲਤ ਰਸਤੇ ਭਟਕਣ ਤੋਂ ਰੋਕ। ਸੁਪਰੀਮ ਕੋਰਟ ਨੇ ਰੋਕਿਆ। ਬਾਬਾ ਜੀ ਨੇ ਸੁਪਰੀਮ ਕੋਰਨ ਤੋਂ ਸਾਡੀ ਹੱਤਕ ਨਹੀਂ ਕਰਵਾਈ। ਵਰਜਿਆ ਵੀ, ਇੱਜ਼ਤ ਵੀ ਰੱਖੀ। ਉਸ ਦੇ ਨਾਮ ਨੂੰ ਲੱਖ ਸਲਾਮ। ਅੱਜ ਵੀ ਮਾਲ ਰਿਕਾਰਡ ਅਨੁਸਾਰ ਇਹਨਾਂ ਮੁਰੱਬਿਆਂ ਵਿਚ ਗੁਰੂ ਬਾਬਾ ਨਾਨਕ ਖੇਤੀ ਕਰਦਾ ਹੈ..।

## ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ

'ਤੇ ਹੱਲਾ ਬੋਲ ਦਿੱਤਾ। ਲੜਾਈ ਸ਼ੁਰੂ ਹੋਈ ਤਾਂ ਸਿੰਘ ਉੱਚੀ ਆਵਾਜ਼ ਵਿੱਚ 'ਜੋ ਬੋਲੇ ਸੋ ਨਿਹਾਲ, ਸਤਿ ਸ਼੍ਰੀ ਅਕਾਲ' ਦੇ ਨਾਹਰੇ ਬੁਲੰਦ ਕਰਨ ਲੱਗੇ। ਇਹਨਾਂ ਜੈਕਾਰਿਆਂ ਦੀ ਗਰਜ ਨਾਲ ਵੈਰੀ ਫੌਜ ਵਿਚ ਡਰ ਦੀ ਲਹਿਰ ਦੌੜ ਗਈ। ਉਨ੍ਹਾਂ ਦਾ ਸਾਹਸ ਟੁੱਟ ਗਿਆ। ਉਹ ਰੱਖਿਆਤਮਕ ਲੜਾਈ ਲੜਨ ਲੱਗੇ। ਉਸ ਸਮੇਂ ਸਿੱਖਾਂ ਨੇ ਆਪਣੇ ਪ੍ਰਾਣਾਂ ਦੀ ਬਾਜ਼ੀ ਲਗਾ ਦਿੱਤੀ। ਬਹੁਤ ਸਾਰੇ ਸ਼ਾਹੀ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੂਰਾ ਦਿਨ ਚੜ੍ਹਨ ਤੱਕ ਵੈਰੀ ਫੌਜ ਦਾ ਭਾਰੀ ਜਾਨੀ-ਨੁਕਸਾਨ ਹੋ ਚੁੱਕਿਆ ਸੀ। ਉਹ ਆਪਣੇ ਲੋਕਾਂ ਦੇ ਲਾਸ਼ਾਂ ਦੇ ਢੇਰ ਨੂੰ ਵੇਖ ਕੇ ਜਾਨ ਬਚਾ ਕੇ ਭੱਜਣ ਵਿਚ ਹੀ ਆਪਣੀ ਭਲਾਈ ਸਮਝਣ ਲੱਗੇ। ਇਸ ਲੜਾਈ ਵਿਚ ਸਰਦਾਰ ਬਘੇਲ ਸਿੰਘ ਜੀ ਵੀਂ ਬਹੁਤ ਸਾਰੇ ਜ਼ਖ਼ਮਾਂ ਕਾਰਨ ਸਰੀਰ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਜਾਫਰ ਬੇਗ ਦੇ ਭਤੀਜੇ ਅਤੇ ਹੋਰ ਬਹੁਤ ਸਾਰੇ ਸਿਪਾਹੀ ਮਾਰੇ ਗਏ ਸਨ।

ਫ਼ੌਜਦਾਰ ਦੇ ਭਤੀਜੇ ਦੀ ਮੌਤ ਮਗਰੋਂ ਸਾਹਿਬ ਰਾਏ ਤਾਂ ਭੱਜ ਨਿਕਲਿਆਂ, ਉਧਰ ਜਦ ਫ਼ੌਜਦਾਰ ਨੂੰ ਆਪਣੇ ਭਤੀਜੇ ਦੇ ਮਰਨ ਦੀ ਖ਼ਬਰ ਮਿਲੀ ਤਾਂ ਉਸਨੇ 900 ਸਿਪਾਹੀ ਡੱਲ-ਵਾਂ ਵੱਲ ਤੋਰ ਦਿੱਤੇ ਤੇ ਖ਼ੁਦ ਸਾਰੀ ਸਥਿਤੀ ਜ਼ਕਰੀਆ ਖਾਨ ਨੂੰ ਦੱਸਣ ਲਈ ਲਾਹੌਰ ਚਲਾ ਗਿਆ। ਉੱਥੇ ਜਾਕੇ ਉਸ ਨੇ ਸਿੱਖਾਂ ਦੀ ਵਧੀ ਹੋਈ ਸ਼ਕਤੀ ਨੂੰ ਬਹੁਤ ਵਧਾ ਚੜ੍ਹਾ ਕੇ ਵਰਣਨ ਕੀਤਾ। ਜ਼ਕਰੀਆ ਖਾਨ ਲਈ ਇਹ ਬਰਦਾਸ਼ਤ ਕਰਨਾ ਬਹੁਤ ਔਖਾ ਸੀ ਕਿ ਕਿਵੇਂ ਮੁੱਠੀ ਭਰ ਸਿੰਘ ਸਿਰ ਚੁੱਕਣ ਲੱਗ ਪਏ ਹਨ। ਉਸ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਤੁਰੰਤ ਮੋਮਨ ਖਾਨ ਦੀ ਕਮਾਨ ਹੇਠ, ਦੋ ਹਜ਼ਾਰ ਫੌਜੀਆਂ ਨੂੰ ਹਮਲਾ ਕਰਨ ਲਈ ਭੇਜ ਦਿੱਤਾ। ਇਸ ਦਾ ਪਤਾ ਜਦ ਸਿੱਖਾਂ ਨੂੰ ਲੱਗਾ ਤਾਂ ਸਿੱਖਾਂ ਨੇ ਇਸ 'ਤੇ ਬਹੁਤ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ। ਅੰਤ ਕੁਝ ਸਿੰਘ ਨਾਜ਼ੁਕ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਆਪਣੀ ਗੁਰੀਲਾ ਲੜਾਈ ਦੀ ਨੀਤੀ ਅਨੁਸਾਰ ਗੁਪਤਵਾਸ ਲਈ ਚਲੇ ਗਏ। ਭਾਈ ਤਾਰਾ ਸਿੰਘ ਜੀ ਡੱਲ-ਵਾਂ ਅਤੇ ਕੁਝ ਕੁ ਹੋਰ ਸਿੰਘਾਂ ਨੇ ਉਥੇ ਹੀ ਰੁਕ ਕੇ ਮੁਕਾਬਲੇ ਲਈ ਤਿਆਰੀਆਂ ਵਿੱਢ ਦਿੱਤੀਆਂ।

ਅਖੀਰ 9 ਜੂਨ, 1726 ਦੇ ਦਿਨ ਪਿੰਡ ਡੱਲ-ਵਾਂ ਵਿਚ ਗਹਿ-ਗੱਚ ਲੜਾਈ ਸ਼ੁਰੂ ਹੋਈ। ਸਿੰਘ ਉਸ ਸਮੇਂ ਭਲੇ ਹੀ ਗਿਣਤੀ ਵਿਚ ਆਟੇ 'ਚ ਲੂਣ ਦੇ ਸਮਾਨ ਸਨ, ਪਰ ਸਾਰੇ ਸ਼ਹੀਦ ਹੋਣ ਲਈ ਤਤਪਰ ਸਨ। ਸ਼ਾਮ ਤਕ ਬਹੁਤ ਸਾਰੇ ਸਿਪਾਹੀ ਮਾਰੇ ਗਏ ਸਨ। ਹੁਣ ਮੋਮਨ ਖਾਨ ਨੇ ਹਾਥੀ ਨੂੰ ਅੱਗੇ ਵਧਾਉਣ ਦਾ ਆਦੇਸ਼ ਦਿੱਤਾ। ਮੋਮਨ ਖਾਨ ਦਾ ਭਤੀਜਾ ਮੁਰਾਦ ਖਾਨ ਮਾਰਿਆ ਜਾ ਚੁੱਕਾ ਸੀ। ਸਿੰਘ ਜੂਝ ਰਹੇ ਸਨ ਅਤੇ ਉਹਨਾਂ ਕੋਲ ਗੋਲੀ-ਸਿੱਕਾ ਖ਼ਤਮ ਹੋ ਰਿਹਾ ਸੀ। ਅੰਤ ਜਦ ਗੋਲੀ-ਸਿੱਕਾ ਖ਼ਤਮ ਹੋਇਆ ਤਾਂ ਸਿੰਘ ਮੋਰਚੇ ਛੱਡ ਕੇ ਤਲਵਾਰਾਂ ਲੈ ਕੇ ਰਣ-ਤੱਤੇ ਵਿਚ ਕੁੱਦ ਪਏ ਅਤੇ ਇਸ ਪ੍ਰਕਾਰ ਸਿੱਖੀ ਰਵਾਇਤਾਂ ਨੂੰ ਪਾਲਦੇ ਹੋਏ ਭਾਈ ਤਾਰਾ ਸਿੰਘ ਜੀ ਡੱਲ-ਵਾਂ ਕੁਝ ਕੁ ਹੋਰ ਸਿੰਘਾਂ ਨਾਲ, ਅਨੇਕਾਂ ਦੁਸ਼ਮਣਾਂ ਨੂੰ ਸਦਾ ਦੀ ਨੀਂਦ ਸੁਲਾ ਕੇ ਆਪ ਵੀ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਲੜਾਈ ਨੇ ਸਿੱਖਾਂ ਵਿਚ ਇਕ ਨਵਾਂ ਜੋਸ਼ ਪੈਦਾ ਕੀਤਾ। ਹੁਣ ਸਿੱਖ ਹਰ ਜਗ੍ਹਾਂ ਧਾੜਵੀ ਬਣ ਕੇ ਫੌਜ ਦਾ ਨੁਕਸਾਨ ਕਰ ਜਾਂਦੇ ਤੇ ਹਕੂਮਤ ਲਈ ਸਿੱਖ ਵਿਦਰੋਹੀ ਇਕ ਮੁਸੀਬਤ ਬਣ ਖੜੋਤੇ। ਕੁਝ ਸਮੇਂ ਬਾਅਦ ਸਿੱਖਾਂ ਦੀਆਂ ਇਹ ਜ਼ੁਲਮ-ਵਿਰੋਧੀ ਸੁਲਗਦੀਆਂ ਚਿੰਗਾਰੀਆਂ, ਇਕ ਵੱਡੀ ਅੱਗ ਦਾ ਰੂਪ ਬਣ ਗਈਆਂ ਤੇ ਅਖੀਰ ਸਿੱਖ ਮਿਸਲਾਂ ਹੋਂਦ ਵਿਚ ਆਈਆਂ ਤੇ ਫਿਰ ਮਹਾਰਾਜਾ ਰਣਜੀਤ ਸਿੰਘ ਜੀ ਦੀ ਕਮਾਨ ਹੇਠ ਸਿੱਖ ਰਾਜ ਸਥਾਪਤ ਹੋਇਆ। ਇਹਨਾਂ ਮਹਾਨ ਸਿੱਖਾਂ ਦੀਆਂ ਸ਼ਹਾਦਤਾਂ ਨੂੰ ਕੌਮ ਦਾ ਪ੍ਰਣਾਮ ਹੈ, ਜੋ ਹਕੂਮਤੀ ਜ਼ੁਲਮ, ਵਧੀਕੀਆਂ ਤੇ ਅਤਿਆਚਾਰਾਂ ਵਿਰੁੱਧ ਹੌਲੀ-ਹੌਲੀ ਸਿੰਘਾਂ ਨੂੰ ਲਾਮਬੰਦ ਕਰਦੇ ਰਹੇ ਤੇ ਆਪਣੇ ਗੁਰੂਆਂ ਦੇ ਪਾਏ ਪੂਰਨਿਆਂ ਅਤੇ ਆਦਰਸ਼ਾਂ 'ਤੇ ਪਹਿਰਾ ਦਿੰਦਿਆਂ ਸ਼ਹੀਦੀਆਂ ਪ੍ਰਵਾਨ ਕੀਤੀਆ।

## ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਪ੍ਰਭਾਵਸ਼ਾਲੀ ਸੈਮੀਨਾਰ

ਸ੍ਰੀ ਅੰਮ੍ਰਿਤਸਰ ਪਹੁੰਚ ਕੇ ਪ੍ਰਿਥੀ ਚੰਦ ਦਾ ਕ੍ਰੋਧ ਸ਼ਾਂਤ ਕਰਨ ਦਾ ਯਤਨ ਕੀਤਾ। ਪੰਜਾਬੀ ਭਾਸ਼ਾ ਵਿਚ ਆਪ ਜੀ ਦੀ ਮਹਾਨ ਰਚਨਾ "ਵਾਰਾਂ ਗਿਆਨ ਰਤਨਾਵਲੀ" ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ "ਗੁਰਬਾਣੀ ਦੀ ਕੁੰਜੀ" ਕਹਿ ਕੇ ਨਿਵਾਜਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਆਪ ਸ੍ਰੀ ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਵੀ ਥਾਪੇ ਗਏ। ਇਤਿਹਾਸ ਤੇ ਪੰਜਾਬੀ ਸਾਹਿਤ ਵਿਚ ਆਪ ਜੀ ਦੀਆਂ ਵਾਰਾਂ ਦਾ ਇਕ ਵਿਸ਼ੇਸ਼ ਸਥਾਨ ਹੈ। ਆਪ ਨੇ 39 ਵਾਰਾਂ ਦੀ ਰਚਨਾ ਕੀਤੀ, ਜਿਸ ਵਿਚ ਆਪ ਜੀ ਨੇ ਸੰਸਾਰ ਦੀ ਉਤਪਤੀ ਤੋਂ ਲੈ ਕੇ ਗੁਰੂ ਸਾਹਿਬਾਨ ਅਤੇ ਸਾਰੇ ਧਰਮਾਂ, ਦੇਵੀ-ਦੇਵਤਿਆਂ ਅਤੇ ਕਾਮ-ਕਰੋਧ-ਲੋਭ-ਮੋਹ-ਹੰਕਾਰ ਦਾ ਭਾਵਪੂਰਤ ਖਾਕਾ ਖਿਚਿਆ। ਭਾਈ ਗੁਰਦਾਸ ਜੀ ਪਰਮਾਤਮਾ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਨੂੰ ਗੁਰੂ-ਘਰ ਦੇ ਲੇਖੇ ਲਾਉਂਦਿਆਂ ਸੰਮਤ 1686 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿਖੇ ਹੀ ਸਤਿਗੁਰੂ ਜੀ ਦੇ ਦਰਸ਼ਨ-ਦੀਦਾਰ ਕਰਦਿਆਂ ਗੁਰਪੁਰੀ ਪਿਆਨਾ ਕਰ ਗਏ। ਆਪ ਜੀ ਵੱਲੋਂ ਸਿੱਖ ਧਰਮ ਦੀ ਗੁਰਬਾਣੀ ਅਨੁਸਾਰ ਕੀਤੀ ਵਿਆਖਿਆ ਬਹੁਤ ਕੀਮਤੀ ਖਜ਼ਾਨਾ ਹੈ। ਅੱਜ ਦੇ ਵਿਦਵਾਨਾਂ ਨੂੰ ਭਾਈ ਗੁਰਦਾਸ ਜੀ ਦੀ ਇਤਿਹਾਸਕ ਦੇਣ ਤੋਂ ਸੇਧ ਲੈਣ ਦੀ ਲੋੜ ਹੈ।

ਭਾਈ ਪਰਮਜੀਤ ਸਿੰਘ ਉਤਰਾਖੰਡ ਵਾਲਿਆਂ ਨੇ ਆਪਣੇ ਸੰਖੇਪ ਵਿਚਾਰਾਂ ਵਿਚ ਸਾਧ ਸੰਗਤ ਦੀ ਵਿਆਖਿਆ ਗੁਰਬਾਣੀ ਅਨੁਸਾਰ ਕੀਤੀ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਇਕ ਅਕਾਲ ਪੁਰਖ ਦੇ ਪਰੇਮ ਅਤੇ ਡਰ ਵਿਚ ਉਸ ਦਾ ਹੀ ਜ਼ਿਕਰ ਹੁੰਦਾ ਹੈ ਤੇ ਉਸ ਦੀ ਹੀ ਸਿਫਤ ਹੁੰਦੀ ਹੈ। ਸਾਧ ਸੰਗਤ ਵਿਚ ਹੀ ਕੀਰਤਨ ਸਰਵਣ ਕਰਦਿਆਂ, ਕਥਾ ਸੁਣਦਿਆਂ ਤੇ ਹੁਕਮ ਸਰਵਣ ਕਰਦਿਆਂ ਸੋਝੀ ਦੀ ਬਖਸ਼ਿਸ਼ ਹੁੰਦੀ ਹੈ। ਗੁਰੂ ਦੀ ਬਖਸ਼ਿਸ਼ ਹੁੰਦੀ ਹੈ ਤੇ ਸਧਾਰਨ ਸਿੱਖ ਗਿਆਨਵਾਨ ਹੋ ਜਾਂਦਾ ਹੈ ਤੇ ਉਸਨੂੰ ਮੀਰੀ-ਪੀਰੀ ਦੀ ਸਮਝ ਲੱਗ ਜਾਂਦੀ ਹੈ।

ਭਾਈ ਬਚਿੱਤਰ ਸਿੰਘ ਜੀ ਨੇ ਵੀ ਗੁਰਬਾਣੀ ਬਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਉਪਰੰਤ ਨਰਿੰਜਣ ਸਿੰਘ ਢੇਸੀ ਤੇ ਪਰਮਜੀਤ ਸਿੰਘ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਨਿਭਾਈ।



Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME®
Premium Bifacial Thin Film Solar


Frugal Logistics Inc.
FRUGAL
Dedicated To Quality Service
FL
LOGISTICS
ਕਲਾਸ 'ਏ' ਡਰਾਈਵਰ ਅਤੇ
ਓਨਰ ਅਪਰੇਟਰ ਦੀ ਜ਼ਰੂਰਤ ਹੈ
ਡਰਾਈਵਰ : 45 ਸੈਂਟ ਤੋਂ 52 ਸੈਂਟ
ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ
+ ਪਰਫਾਰਮੈਂਸ ਬੋਨਸ ਲਵੋ
ਓਨਰ ਅਪਰੇਟਰ ਸੋਲੋ ਅਤੇ ਟੀਮ :
30 ਲੋਡ ਪ੍ਰਤੀ ਹਫ਼ਤਾ ਮਿਡਵੈਸਟ/ਈਸਟ ਕੋਸਟ
ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ
ਦੇ ਹਿਸਾਬ ਨਾਲ ਲਵੋ
ਮਾਹਰ ਅਤੇ ਤਜਰਬੇਕਾਰ ਡਰਾਈਵਰ
1000* ਡਾਲਰ ਬੋਨਸ
ਲੈਣ ਲਈ Sign In ਕਰੋ
*ਵਧੇਰੇ ਜਾਣਕਾਰੀ ਲਈ ਕਾਲ ਕਰੋ
ਫੋਨ : 209-827-6700 ਫੈਕਸ : 209-826-6855
Email: dispatch@frugallogistics.com


Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM